

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਬਲੈਕ ਓਕ ਸੀਨੀਅਰ ਕਲੱਬ (ਰਜਿ:) ਵੱਲੋਂ ਮਨਾਇਆ ਭਾਰਤ ਦਾ 78ਵਾਂ ਅਜ਼ਾਦੀ ਦਿਹਾੜਾ 05

**ਅੰਦਰਲੀ ਖ਼ਬਰ**
ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕਰਵਾਇਆ ਗਿਆ ਡਾ.ਸੁਰਿੰਦਰ ਧੰਜਲ ਤੇ ਪ੍ਰੋ.ਰਾਜੇਸ਼ ਗੌਤਮ ਨਾਲ ਰੂ-ਬ-ਰੂ ਤੇ ਸਨਮਾਨ ਸਮਾਗਮ 07



**ਲੇਖ**
ਚਿੜੀ ਉਡੀ, ਕਾਂ ਉਡਿਆ, ਆਲ੍ਹਣੇ ਹੋਏ ਸੁੰਨੇ!

PUNJABSTAR.COM

# ਪੰਜਾਬ ਸਟਾਰ




Phone: 905-673-7666 , Fax: 1-289-206-8611 | 29 ਅਗਸਤ ਤੋਂ 04 ਸਤੰਬਰ, 2024 | Email :- editor@punjabstar.com, Vo. 20. Issue:1149


# ਬਲੋਚਿਸਤਾਨ: ਚਾਰ ਦਹਿਸ਼ਤੀ ਹਮਲਿਆਂ 'ਚ 37 ਹਲਾਕ

*** ਮੂਸਾਖੇਲ 'ਚ 23 ਯਾਤਰੀਆਂ ਨੂੰ ਬੱਸਾਂ 'ਚੋਂ ਲਾਹ ਕੇ ਗੋਲੀ ਮਾਰੀ * ਫ਼ੌਜ ਵੱਲੋਂ ਜਵਾਬੀ ਕਾਰਵਾਈ 'ਚ 21 ਦਹਿਸ਼ਤਗਰਦਾਂ ਨੂੰ ਮਾਰ ਮੁਕਾਉਣ ਦਾ ਦਾਅਵਾ**



ਪੰਜਾਬ ਸਟਾਰ ਬਿਊਰੋ

ਕਰਾਚੀ : ਪਾਕਿਸਤਾਨ ਦੇ ਗੜਬੜਜ਼ਦਾ ਬਲੋਚਿਸਤਾਨ ਸੂਬੇ ਵਿਚ ਹਥਿਆਰਬੰਦ ਹਮਲਾਵਰਾਂ ਨੇ ਚਾਰ ਵੱਖ ਵੱਖ ਘਟਨਾਵਾਂ ਵਿਚ ਪੈਰਾਮਿਲਟਰੀ ਦੇ ਜਵਾਨ ਤੇ ਪੁਲੀਸ ਕਰਮੀਆਂ ਸਣੇ ਘੱਟੋ-ਘੱਟ 37 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਹੀ ਨਹੀਂ ਦਹਿਸ਼ਤਗਰਦਾਂ ਨੇ ਮੂਸਾਖੇਲ ਹਾਈਵੇਅ 'ਤੇ 12 ਦੇ ਕਰੀਬ ਵਾਹਨਾਂ ਨੂੰ ਵੀ ਅੱਗ ਲਾ ਦਿੱਤੀ। ਸਰਕਾਰ ਤੇ ਸੁਰੱਖਿਆ ਅਧਿਕਾਰੀਆਂ ਮੁਤਾਬਕ ਵੱਖਵਾਦੀ ਸਮੂਹਾਂ ਨਾਲ ਸਬੰਧਤ ਦਹਿਸ਼ਤਗਰਦਾਂ ਨੇ ਐਤਵਾਰ ਤੇ ਸੋਮਵਾਰ ਦੀ ਦਰਮਿਆਨੀ ਰਾਤ ਨੂੰ ਚਾਰ ਹਮਲਿਆਂ ਨੂੰ ਅੰਜਾਮ ਦਿੱਤਾ, ਜਿਸ ਵਿਚ 37 ਵਿਅਕਤੀ ਮਾਰੇ ਗਏ ਹਨ। ਉਧਰ ਪਾਕਿਸਤਾਨੀ ਫੌਜ ਨੇ ਇਨ੍ਹਾਂ ਹਮਲਿਆਂ ਮਗਰੋਂ ਵਿੱਢੀ ਕਾਰਵਾਈ ਦੌਰਾਨ 21 ਦਹਿਸ਼ਤਗਰਦਾਂ ਬਾਕੀ ਸਫਾ 2 'ਤੇ

## ਪਾਕਿਸਤਾਨ 'ਚ ਸੁਰੱਖਿਆ ਬਲਾਂ ਨੇ 25 ਦਹਿਸ਼ਤਗਰਦ ਮਾਰੇ



ਪਿਸ਼ਾਵਰ : ਪਾਕਿਸਤਾਨੀ ਸੁਰੱਖਿਆ ਬਲਾਂ ਵੱਲੋਂ ਗੜਬੜ ਵਾਲੇ ਖ਼ੈਬਰ ਕਬਾਇਲੀ ਜ਼ਿਲ੍ਹੇ 'ਚ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਤੇ ਉਸ ਨਾਲ ਸਬੰਧਤ ਦੋ ਜਥੇਬੰਦੀਆਂ ਖ਼ਿਲਾਫ਼ ਚਲਾਈ ਗਈ ਮੁਹਿੰਮ ਦੌਰਾਨ ਚੋਟੀ ਦੇ ਕਮਾਂਡਰ ਸਮੇਤ 25 ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ ਗਿਆ। ਮੁਕਾਬਲਿਆਂ ਦੌਰਾਨ 11 ਹੋਰ ਦਹਿਸ਼ਤਗਰਦ ਜ਼ਖ਼ਮੀ ਹੋ ਗਏ। ਅਪਰੇਸ਼ਨ ਦੌਰਾਨ ਚਾਰ ਫੌਜੀ ਵੀ ਮਾਰੇ ਗਏ ਹਨ। ਅਪਰੇਸ਼ਨ ਦੌਰਾਨ 'ਫਿਤਨਾ ਅਲ ਖਵਾਰਿਜ' ਦੇ ਦਹਿਸ਼ਤਗਰਦਾਂ ਨੂੰ ਭਾਰੀ ਨੁਕਸਾਨ ਹੋਇਆ। ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਜਥੇਬੰਦੀ ਖ਼ਿਲਾਫ਼ ਕੀਤੀ ਕਾਰਵਾਈ ਲਈ ਸੁਰੱਖਿਆ ਬਲਾਂ ਦੀ ਸ਼ਲਾਘਾ ਕੀਤੀ ਹੈ। ਉਧਰ ਚੀਨ ਨੇ ਬਲੋਚ ਬੰਦੂਕਧਾਰੀਆਂ ਵੱਲੋਂ 37 ਵਿਅਕਤੀਆਂ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਹ ਦਹਿਸ਼ਤਗਰਦੀ ਖ਼ਿਲਾਫ਼ ਮੁਹਿੰਮ 'ਚ ਪਾਕਿਸਤਾਨ ਨੂੰ ਸਹਾਇਤਾ ਦੇਣਾ ਜਾਰੀ ਰੱਖੇਗਾ।

# ਗੁਜਰਾਤ 'ਚ ਮੀਂਹ ਦੇ ਕਹਿਰ ਨੇ ਲਈ 28 ਲੋਕਾਂ ਦੀ ਜਾਨ



ਵਡੋਦਰਾ- ਗੁਜਰਾਤ ਵਿਚ ਕੁਦਰਤ ਦੀ ਅਜਿਹੀ ਆਫ਼ਤ ਆਈ ਹੈ ਕਿ ਘਰ-ਬਾਰ ਡੁੱਬ ਗਏ ਹਨ। ਮੋਹਲੇਧਾਰ ਮੀਂਹ ਮਗਰੋਂ ਇੱਥੇ ਹੜ੍ਹ ਆ ਗਿਆ ਹੈ, ਜਿਸ ਕਾਰਨ ਹੁਣ ਤੱਕ 28 ਲੋਕਾਂ ਦੀ ਮੌਤ ਹੋ ਚੁੱਕੀ ਹੈ। ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਵਹਿ ਰਹੀਆਂ ਹਨ। ਮੌਸਮ ਵਿਭਾਗ ਨੇ ਅਗਲੇ ਦੋ ਦਿਨਾਂ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਆਮ ਨਾਲੋਂ ਕਿਤੇ ਜ਼ਿਆਦਾ ਮੀਂਹ ਪੈਣ ਕਾਰਨ 18 ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਉੱਥੇ ਹੀ ਅਗਲੇ 5 ਦਿਨ ਵੀ ਹਾਲਾਤ ਸੁਧਰਣ ਵਾਲੇ ਨਹੀਂ ਹਨ। ਮੌਸਮ ਵਿਭਾਗ ਨੇ ਗੁਜਰਾਤ ਵਿਚ ਅਗਲੇ 5 ਦਿਨਾਂ ਲਈ ਮੋਹਲੇਧਾਰ ਮੀਂਹ ਦਾ ਅਲਰਟ ਜਾਰੀ ਕੀਤਾ ਹੈ।

ਗੁਜਰਾਤ ਵਿਚ ਮੀਂਹ ਅਤੇ ਹੜ੍ਹ ਕਾਰਨ ਇਨਸਾਨਾਂ ਵਾਂਗ ਜਾਨਵਰ ਵੀ ਪਰੇਸ਼ਾਨ ਹਨ। ਹੜ੍ਹ ਦੀ ਵਜ੍ਹਾ ਤੋਂ ਜੰਗਲੀ ਜਾਨਵਰ ਰਿਹਾਇਸ਼ੀ ਇਲਾਕਿਆਂ ਵਿਚ ਦਾਖ਼ਲ ਹੋ ਗਏ ਹਨ। ਵਡੋਦਰਾ 'ਚ ਇਕ ਮਗਰਮੱਛ ਇਕ ਗਾਰਡਨ ਵਿਚ ਦਾਖ਼ਲ ਹੋ ਗਿਆ। ਜਿਵੇਂ ਹੀ ਲੋਕਾਂ ਨੂੰ ਇਸ ਦੀ ਖ਼ਬਰ ਮਿਲੀ ਤਾਂ ਜਲਦਬਾਜ਼ੀ ਵਿਚ ਇਸ ਨੂੰ ਫੜਿਆ ਗਿਆ। ਉੱਥੇ ਹੀ ਮੋਹਲੇਧਾਰ ਮੀਂਹ ਕਾਰਨ ਹੜ੍ਹ ਪ੍ਰਭਾਵਿਤ ਖੇਤਰਾਂ ਚ ਫਸੇ ਲੋਕਾਂ ਨੂੰ ਬਚਾਉਣ ਲਈ ਭਾਰਤੀ ਤੱਟ ਰੱਖਿਅਕ ਜਹਾਜ਼ ਦੀ ਵਰਤੋਂ ਕੀਤੀ ਜਾ ਰਹੀ ਹੈ।

ਵਡੋਦਰਾ ਦੇ ਸਯਾਜੀਗੰਜ ਇਲਾਕੇ ਵਿਚ 8 ਫੁੱਟ ਤੱਕ ਪਾਣੀ ਭਰ ਗਿਆ ਹੈ। ਲੋਕ ਦੋ ਦਿਨਾਂ ਤੋਂ ਘਰਾਂ ਵਿਚ ਕੈਦ ਹਨ। ਨਾ ਬਿਜਲੀ ਹੈ, ਨਾ ਪਾਣੀ ਹੈ। ਅਜਿਹੇ ਵਿਚ ਫ਼ੌਜ ਮਸੀਹਾ ਬਣ ਕੇ ਆਈ ਹੈ। ਫ਼ੌਜ ਦੇ ਜਵਾਨਾਂ ਨੇ ਰੱਸੀਆਂ-ਬਾਲਟੀਆਂ ਦੀ ਮਦਦ ਨਾਲ ਹਰ ਘਰ ਵਿਚ ਪਾਣੀ-ਖਾਣਾ ਬਾਕੀ ਸਫਾ 2 'ਤੇ

## ਭਾਰਤ ਦੇ ਹਜ਼ਾਰਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਦੇਸ਼ ਨਿਕਾਲੇ ਦੇ ਡਰ ਦੇ ਵਿਚਕਾਰ ਕੈਨੇਡਾ 'ਚ ਦੇਸ਼ ਭਰ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ




ਟੋਰਾਂਟੋ (ਬਲਜਿੰਦਰ ਸੇਖਾ): ਕਨੇਡਾ ਵੱਲੋਂ ਇਮੀਗ੍ਰੇਸ਼ਨ ਨੀਤੀ ਵਿੱਚ ਹਾਲੀਆ ਤਬਦੀਲੀਆਂ ਨੇ 70,000 ਤੋਂ ਵੱਧ ਵਿਦਿਆਰਥੀ ਗ੍ਰੈਜੂਏਟਾਂ ਦੇ ਜੀਵਨ ਉੱਤੇ ਅਨਿਸ਼ਚਿਤਤਾ ਦਾ ਪਰਛਾਵਾਂ ਸੁੱਟ ਦਿੱਤਾ ਹੈ। ਸੈਂਕੜੇ ਭਾਰਤੀ ਵਿਦਿਆਰਥੀ ਗ੍ਰੈਜੂਏਟ ਕੈਨੇਡਾ ਵਿੱਚ ਸੜਕਾਂ 'ਤੇ ਉਤਰ ਆਏ ਹਨ, ਇੱਕ ਨਵੀਂ ਫੈਡਰਲ ਇਮੀਗ੍ਰੇਸ਼ਨ ਨੀਤੀ 'ਤੇ ਆਪਣੀਆਂ ਚਿੰਤਾਵਾਂ ਜ਼ਾਹਰ ਕਰਦੇ ਹੋਏ, ਜੋ ਦੇਸ਼ ਵਿੱਚ ਉਨ੍ਹਾਂ ਦੇ ਭਵਿੱਖ ਨੂੰ ਖਤਰੇ ਵਿੱਚ ਪਾ ਰਹੀ ਹੈ। ਬਹੁਤ ਸਾਰੇ ਲੋਕਾਂ ਲਈ, ਕੈਨੇਡਾ ਜਾਣਾ ਇੱਕ ਸੁਪਨਾ ਸੀ, ਇੱਕ ਬਿਹਤਰ ਜ਼ਿੰਦਗੀ ਦਾ ਵਾਅਦਾ ਕਰਦਾ ਸੀ। ਹਾਲਾਂਕਿ, ਇਮੀਗ੍ਰੇਸ਼ਨ ਨੀਤੀ ਵਿੱਚ ਹਾਲ ਹੀ ਵਿੱਚ ਹੋਈਆਂ ਤਬਦੀਲੀਆਂ ਨੇ 70,000 ਤੋਂ ਵੱਧ ਵਿਦਿਆਰਥੀ ਗ੍ਰੈਜੂਏਟਾਂ ਦੇ ਜੀਵਨ ਉੱਤੇ ਬਾਕੀ ਸਫਾ 2 'ਤੇ

## ਇਜ਼ਰਾਈਲ ਵੱਲੋਂ ਵੈਸਟ ਬੈਂਕ 'ਚ ਵੱਡੀ ਫੌਜੀ ਕਾਰਵਾਈ



ਅਲ-ਫ਼ਰਾ ਸ਼ਰਨਾਰਥੀ ਕੈਂਪ (ਵੈਸਟ ਬੈਂਕ) : ਇਜ਼ਰਾਈਲ ਨੇ ਆਪਣੇ ਕਬਜ਼ੇ ਵਾਲੇ ਪੱਛਮੀ ਕੰਢੇ (ਵੈਸਟ ਬੈਂਕ) ਉੱਤੇ ਵੱਡੀ ਫੌਜੀ ਕਾਰਵਾਈ ਕਰਦਿਆਂ 9 ਫ਼ਲਸਤੀਨੀਆਂ ਦੀ ਹੱਤਿਆ ਕਰ ਦਿੱਤੀ ਹੈ। ਇਜ਼ਰਾਇਲੀ ਫੌਜ ਮੁਤਾਬਕ ਇਹ ਸਾਰੇ ਦਹਿਸ਼ਤਗਰਦ ਸਨ। ਸਲਾਮਤੀ ਦਸਤਿਆਂ ਨੇ ਜਨੀਨ ਸ਼ਹਿਰ ਦੀ ਘੇਰਾਬੰਦੀ ਕਰਕੇ ਹਸਪਤਾਲਾਂ ਨੂੰ ਜਾਣ ਵਾਲੇ ਸਾਰੇ ਰਾਹ ਬੰਦ ਕਰ ਦਿੱਤੇ ਹਨ। ਇਹ ਦਾਅਵਾ ਫ਼ਲਸਤੀਨੀ ਬਾਕੀ ਸਫਾ 2 'ਤੇ

## ਕੈਨੇਡਾ ਵੱਲੋਂ ਵਿਜ਼ਟਰਾਂ ਵੀਜ਼ੇ ਵਾਲਿਆਂ ਨੂੰ ਵਰਕ ਪਰਮਿਟ ਦੇਣ 'ਤੇ ਲਾਈ ਪਾਬੰਦੀ




ਟੋਰਾਂਟੋ (ਬਲਜਿੰਦਰ ਸੇਖਾ) ਕਨੇਡਾ ਸਰਕਾਰ ਵੱਲੋਂ 28 ਅਗਸਤ ਤੋਂ ਵਿਜ਼ਟਰ ਵੀਜ਼ੇ 'ਤੇ ਆਏ ਕੈਨੇਡਾ ਵਿੱਚ ਅਸਥਾਈ ਨਿਵਾਸੀਆਂ ਨੂੰ ਕੈਨੇਡਾ ਦੇ ਅੰਦਰੋਂ ਵਰਕ ਪਰਮਿਟ ਲਈ ਅਰਜ਼ੀ ਦੇਣ ਦੀ ਇਜਾਜ਼ਤ ਨਹੀਂ ਹੈ। ਇਹ ਨੀਤੀ ਅਗਸਤ 2020 ਵਿੱਚ ਕੈਨੇਡਾ ਵਿੱਚ ਉਨ੍ਹਾਂ ਸੈਲਾਨੀਆਂ ਦੀ ਸਹਾਇਤਾ ਲਈ ਪੇਸ਼ ਕੀਤੀ ਗਈ ਸੀ ਜੋ ਕੋਵਿਡ-19 ਮਹਾਂਮਾਰੀ ਨਾਲ ਸਬੰਧਤ ਬਾਰਡਰ ਬੰਦ ਹੋਣ ਕਾਰਨ ਘਰ ਵਾਪਸ ਨਹੀਂ ਆ ਸਕੇ ਸਨ। ਪਾਲਿਸੀ ਦੇ ਤਹਿਤ, ਉਹ ਕੈਨੇਡਾ ਛੱਡਣ ਤੋਂ ਬਿਨਾਂ ਵਰਕ ਪਰਮਿਟ ਲਈ ਅਰਜ਼ੀ ਦੇ ਸਕਦੇ ਹਨ। ਇਸ ਤੋਂ ਇਲਾਵਾ, ਕੋਈ ਵੀ ਵਿਅਕਤੀ ਜਿਸ ਨੇ ਪਿਛਲੇ 12 ਮਹੀਨਿਆਂ ਦੇ ਅੰਦਰ ਵਰਕ ਪਰਮਿਟ ਪ੍ਰਾਪਤ ਕੀਤਾ ਸੀ ਪਰ ਆਪਣੀ ਇਮੀਗ੍ਰੇਸ਼ਨ ਸਥਿਤੀ ਨੂੰ "ਵਿਜ਼ਿਟਰ" ਵਿੱਚ ਬਦਲ ਦਿੱਤਾ ਸੀ, ਉਹ ਆਪਣੀ ਨਵੀਂ ਵਰਕ ਪਰਮਿਟ ਅਰਜ਼ੀ 'ਤੇ ਫੈਸਲੇ ਦੀ ਉਡੀਕ ਕਰਦੇ ਹੋਏ "ਕੈਨੇਡਾ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੇ ਯੋਗ ਬਣ ਗਿਆ ਸੀ।

ਸ਼ੁਰੂ ਵਿੱਚ, ਨੀਤੀ ਦੀ ਮਿਆਦ 28 ਫਰਵਰੀ, 2025 ਨੂੰ ਸਮਾਪਤ ਹੋਣੀ ਸੀ। ਹਾਲਾਂਕਿ, ਇਮੀਗ੍ਰੇਸ਼ਨ, ਰਫਿਊਜੀਜ਼, ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦਾ ਕਹਿਣਾ ਹੈ ਕਿ ਉਹ "ਕੈਨੇਡਾ ਵਿੱਚ ਅਸਥਾਈ ਨਿਵਾਸੀਆਂ ਦੀ ਸੰਖਿਆ ਨੂੰ ਮੁੜ-ਸਮਾਨਿਤ ਕਰਨ ਦੇ ਸਾਡੇ ਸਮੁੱਚੇ ਯਤਨਾਂ ਦੇ ਹਿੱਸੇ ਵਜੋਂ ਹੁਣ ਨੀਤੀ ਨੂੰ ਬਾਕੀ ਸਫਾ 2 'ਤੇ

## ਐੱਮਪੀਪੀ ਹਰਦੀਪ ਗਰੇਵਾਲ ਦੀ ਬਾਰਬੀਕਿਊ 'ਚ ਪਹੁੰਚੇ ਪ੍ਰੀਮੀਅਰ ਡੱਗ ਫੋਰਡ




ਬਰੈਂਪਟਨ (ਪੰਜਾਬ ਸਟਾਰ ਬਿਊਰੋ): ਓਨਟਾਰੀਓ ਦੇ ਬਰੈਂਪਟਨ ਈਸਟ ਤੋਂ ਮੈਂਬਰ ਆਫ ਪ੍ਰੋਵਿੰਸ਼ੀਅਲ ਪਾਰਲੀਮੈਂਟ ਮਿਸਟਰ ਹਰਦੀਪ ਗਰੇਵਾਲ ਵੱਲੋਂ ਬੀਤੇ ਦਿਨੀਂ ਬਰੈਂਪਟਨ 'ਚ ਸਲਾਨਾ ਕਮਿਊਨਿਟੀ ਬਾਰਬਿਕਯੂ ਦਾ ਆਯੋਜਨ ਕੀਤਾ ਗਿਆ, ਜਿਸ 'ਚ ਸਾਰਿਆਂ ਨੂੰ ਸ਼ਾਮਲ ਹੋਣ ਦਾ ਖੁੱਲਾ ਸੱਦਾ ਦਿੱਤਾ ਗਿਆ ਸੀ। ਲੋਕਾਂ ਨੂੰ ਆਪਣੇ ਪਰਿਵਾਰਾਂ ਸਮੇਤ ਸਮਾਗਮ 'ਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ ਅਤੇ ਇਸ ਮੌਕੇ ਵੱਡੀ ਗਿਣਤੀ 'ਚ ਲੋਕ ਪਹੁੰਚੇ। ਪ੍ਰੋਗਰਾਮ 'ਚ ਬੱਚਿਆਂ ਲਈ ਮਜ਼ੇਦਾਰ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਸਾਰਿਆਂ ਲਈ ਫ੍ਰੀ ਖਾਣਾ ਸੀ ਅਤੇ ਧੀਮੀ ਆਵਾਜ਼ 'ਚ ਮਿਊਜ਼ਿਕ ਚੱਲ ਰਿਹਾ ਸੀ। ਲੋਕਾਂ ਵੱਲੋਂ ਇਸ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ ਗਿਆ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੀ ਐੱਮਪੀਪੀ ਹਰਦੀਪ ਗਰੇਵਾਲ ਦੀ ਕਮਿਊਨਿਟੀ ਬਾਰਬਿਕਯੂ 'ਚ ਸ਼ਾਮਲ ਹੋਏ, ਉਨ੍ਹਾਂ ਦੇ ਨਾਲ-ਨਾਲ ਟ੍ਰਾਂਸਪੋਰਟ ਮੰਤਰੀ ਪ੍ਰਬਮੀਤ ਸਰਕਾਰੀਆ, ਬਰੈਂਪਟਨ ਵੈਸਟ ਤੋਂ ਐੱਮਪੀਪੀ ਅਮਰਜੋਤ ਸੰਧੂ, ਮਿਸੀਸਾਗਾ ਸਟ੍ਰੀਟਵਿਲੇ ਤੋਂ ਐੱਮਪੀਪੀ ਨੀਨਾ ਟਾਂਗਰੀ, ਸਿਟੀ ਕਾਊਂਸਲਰ ਵਾਡਰ 7-8 ਰੋਡ ਪਾਵਰ ਵੀ ਸ਼ਾਮਲ ਹੋਏ। ਇਸ ਦੇ ਨਾਲ-ਨਾਲ ਮਹਾਨ ਪਹਿਲਵਾਨ ਟਾਈਗਰਜੀਤ ਸਿੰਘ ਦੇ ਪੁੱਤਰ ਟਾਈਗਰ ਅਲੀ ਸਿੰਘ ਵੀ ਪਹੁੰਚੇ। ਇਸ ਮੌਕੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਐੱਮਪੀਪੀ ਹਰਦੀਪ ਗਰੇਵਾਲ ਬਹੁਤ ਹੀ ਚੰਗੇ ਨੇਤਾ ਹੋਣ ਦੇ ਨਾਲ-ਨਾਲ ਚੰਗੇ ਇਨਸਾਨ ਵੀ ਹਨ। ਪ੍ਰੀਮੀਅਰ ਡੱਗ ਫੋਰਡ ਨੇ ਇਹ ਵੀ ਕਿਹਾ ਕਿ ਬਾਕੀ ਸਫਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

**A-One Truck & Trailer Repair**
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569,
416-388-1605
ਵਾਜ਼ਬ ਕੀਮਤ
ਵਧੀਆ ਸਰਵਿਸ
1246 Aimco Blvd, Mississauga, ON L4W 1B2





**Gill Tire Centre**
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਕੈਨੇਡਾ ਪੁਲਿਸ 'ਤੇ ਪੰਜਾਬੀ ਨੇ ਕੀਤਾ ਹਮਲਾ !




ਵੈਨਕੂਵਰ (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ ਪੁਲਿਸ ਅਫਸਰ 'ਤੇ ਹਮਲਾ ਕਰਨ ਦੇ ਮਾਮਲੇ ਵਿਚ 32 ਸਾਲ ਦੇ ਸਾਹਿਬ ਪੂਨੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਰਾਬ ਪੀ ਕੇ ਗੱਡੀ ਚਲਾ ਰਹੇ ਇਕ ਡਰਾਈਵਰ ਬਾਰੇ ਸ਼ਿਕਾਇਤ ਮਿਲਣ 'ਤੇ ਡੈਲਟਾ ਪੁਲਿਸ ਦੇ ਅਫਸਰ ਹਾਈਵੇਅ 17 ਅਤੇ 80 ਸਟ੍ਰੀਟ 'ਤੇ ਪੁੱਜੇ ਅਤੇ ਸਬੰਧਤ ਗੱਡੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਡਰਾਈਵਰ ਨੇ ਗੱਡੀ ਨਾ ਰੋਕੀ। ਕੁਝ ਦੂਰੀ 'ਤੇ ਜਾ ਕੇ ਡਰਾਈਵਰ ਨੇ ਗੱਡੀ ਰੋਕ ਅਤੇ ਡਰਾਈਵਰ ਨੇ ਬਾਹਰ ਨਿਕਲ ਕੇ ਪੁਲਿਸ ਅਫਸਰ 'ਤੇ ਹਮਲਾ ਕਰ ਦਿਤਾ। ਦੂਜਾ ਪੁਲਿਸ ਅਫਸਰ ਮਦਦ ਲਈ ਅੱਗੇ ਆਇਆ ਤਾਂ ਸ਼ਰਾਬੀ ਡਰਾਈਵਰ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਇਕ ਪੁਲਿਸ ਵਾਲੇ ਦੇ ਚਿਹਰੇ ਅਤੇ ਗਰਦਨ 'ਤੇ ਘਸੁੰਨ ਮਾਰ ਦਿਤੇ।

**ਬੀ.ਸੀ. ਵਿਚ 32 ਸਾਲ ਦਾ ਸਾਹਿਬ ਪੂਨੀਆ ਗ੍ਰਿਫ਼ਤਾਰ**

ਇਸ ਮਗਰੋਂ ਡਰਾਇਵੀਰ ਪੁਲਿਸ ਦੇ ਕਾਬੂ ਆ ਗਿਆ ਅਤੇ ਪੁਲਿਸ ਅਫਸਰ ਨੂੰ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਗਈ। ਡੈਲਟਾ ਪੁਲਿਸ ਮੁਤਾਬਕ ਸਾਹਿਬ ਪੂਨੀਆ ਵਿਰੁੱਧ ਪੁਲਿਸ ਅਫਸਰ 'ਤੇ ਹਮਲਾ ਕਰਨ, ਖਤਰਨਾਕ ਤਰੀਕੇ ਨਾਲ ਗੱਡੀ ਚਲਾਉਣ ਅਤੇ ਪੁਲਿਸ ਤੋਂ ਫਰਾਰ ਹੋਣ ਦਾ ਯਤਨ ਕਰਨ ਦੇ ਦੋਸ਼ ਲਾਏ ਗਏ ਹਨ। ਅਦਾਲਤ ਵਿਚ ਪੇਸ਼ੀ ਮਗਰੋਂ ਸਾਹਿਬ ਪੂਨੀਆਂ ਨੂੰ ਜ਼ਮਾਨਤ ਮਿਲ ਗਈ ਪਰ ਕਈ ਸ਼ਰਤਾਂ ਦੀ ਪਾਲਣਾ ਕਰਨੀ ਹੋਵੇਗੀ। ਦੂਜੇ ਪਾਸੇ ਕੈਨੇਡਾ ਬਾਰਡਰ ਸਰਵਿਸਿਜ਼ ਵੱਲੋਂ ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਤੋਂ 12.5 ਲੱਖ ਡਾਲਰ ਮੁੱਲ ਦੀ 25 ਕਿਲੋ ਮੇਥਮਫੈਟਾਮਿਨ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ ਜੋ ਆਸਟ੍ਰੇਲੀਆ ਦੇ ਸਿਡਨੀ ਸ਼ਹਿਰ ਭੇਜੀ ਜਾ ਰਹੀ ਸੀ। ਸੀ.ਬੀ.ਐਸ.ਏ. ਵੱਲੋਂ ਜਾਰੀ ਬਿਆਨ ਮੁਤਾਬਕ ਵਿਸ਼ੇਸ਼ ਕੁੱਤਿਆਂ ਦੀ ਮਦਦ ਨਾਲ ਇਕ ਕੈਨੇਡੀਅਨ ਸਿਟੀਜ਼ਨ ਦੇ ਸੂਟਕੇਸ ਵਿਚ 10 ਕਿਲੋ ਮੇਥਮਫੈਟਾਮਿਨ ਹੋਣ ਬਾਰੇ ਪਤਾ ਲੱਗਾ ਜੋ ਚਲਾਕੀ ਨਾਲ ਸੂਟ ਦੇ ਲੁਕਵੇਂ ਹਿੱਸੇ ਵਿਚ ਰੱਖੀ ਗਈ ਸੀ। ਇਹ ਮਾਮਲਾ 27 ਜੁਲਾਈ ਨੂੰ ਸਾਹਮਣੇ ਆਇਆ ਜਦਕਿ 29 ਜੁਲਾਈ ਨੂੰ ਇਕ ਹੋਰ ਕੈਨੇਡੀਅਨ ਸਿਟੀਜ਼ਨ ਕੋਲੋਂ 14 ਕਿਲੋ ਤੋਂ ਵੱਧ ਮੇਥਮਫੈਟਾਮਿਨ ਬਰਾਮਦ ਕੀਤੀ ਗਈ। ਮੁਸਾਫਰ ਦੇ ਸੂਟਕੇਸ ਦੀ ਪੜਤਾਲ ਦੌਰਾਨ ਚਾਰ ਪੈਕਟ ਬਰਾਮਦ ਹੋਏ ਜੋ ਕੱਪੜਿਆਂ ਵਿਚ ਲੁਕਾ ਕੇ ਰੱਖੇ ਗਏ ਸਨ।

# ਓਨਟਾਰੀਓ ਦੇ ਯਾਰਕ ਰੀਜਨ 'ਚ ਕਾਰਜੈਕਿੰਗ ਦੀਆਂ ਵਾਰਦਾਤਾਂ 106 ਫੀਸਦੀ ਵਧੀਆਂ




ਵੌਅਨ (ਪੰਜਾਬ ਸਟਾਰ ਬਿਊਰੋ) : ਟੋਰਾਂਟੋ ਅਤੇ ਨਾਲ ਲਗਦੇ ਸ਼ਹਿਰਾਂ ਵਿਚ ਹਥਿਆਰਾਂ ਦੀ ਨੋਕ 'ਤੇ ਗੱਡੀਆਂ ਖੋਹਣ ਦੀਆਂ ਵਾਰਦਾਤਾਂ ਵਿਚ ਵਾਧੇ ਦਰਮਿਆਨ ਯਾਰਕ ਰੀਜਨਲ ਪੁਲਿਸ ਵੱਲੋਂ ਆਪਣੇ ਇਲਾਕੇ ਵਿਚ 106 ਫੀ ਸਦੀ ਵਾਧਾ ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਪੁਲਿਸ ਮੁਖੀ ਜਿਮ ਮੈਕਸਵੀਨ ਨੇ ਦੱਸਿਆ ਕਿ ਗੋਲੀਬਾਰੀ ਦੀਆਂ ਵਾਰਦਾਤਾਂ ਵਿਚ 92 ਫੀ ਸਦੀ ਵਾਧਾ ਹੋਇਆ ਹੈ ਜੋ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਗੱਡੀ ਚੋਰੀ ਦੀਆਂ ਵਾਰਦਾਤਾਂ ਪਿਛਲੇ ਸਾਲ ਦੇ ਮੁਕਾਬਲੇ 33 ਫੀ ਸਦੀ ਘਟੀਆਂ ਪਰ ਕਾਰਜੈਕਿੰਗ ਦੀਆਂ ਵਾਰਦਾਤਾਂ ਵਿਚ 2019 ਮਗਰੋਂ 400 ਫੀ ਸਦੀ ਵਾਧਾ ਦਰਜ ਕੀਤਾ ਗਿਆ ਹੈ। ਹਾਲਾਤ ਨਾਲ ਨਜਿੱਠਣ ਲਈ ਨਵੀਂ ਟਾਸਕ ਫੋਰਸ ਗਠਤ ਕਰਨ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਅਫਸਰ ਸਿਰਫ ਕਾਰਜੈਕਿੰਗ ਦੀਆਂ ਵਾਰਦਾਤਾਂ ਦੀ ਪੜਤਾਲ ਕਰਨਗੇ। ਮੈਕਸਵੀਨ ਵੱਲੋਂ ਹੋਰਨਾਂ ਹਿੰਸਕ ਅਪਰਾਧਾਂ ਨਾਲ ਅੰਕੜੇ ਵੀ ਸਾਂਝੇ ਕੀਤੇ ਗਏ ਜਿਨ੍ਹਾਂ ਮੁਤਾਬਕ ਮੌਜੂਦਾ ਵਰ੍ਹੇ ਦੌਰਾਨ 15 ਕਤਲ ਹੋ ਚੁੱਕੇ ਹਨ ਅਤੇ ਗੋਲੀਬਾਰੀ ਦੀਆਂ 46 ਵਾਰਦਾਤਾਂ ਦਰਜ ਕੀਤੀਆਂ ਗਈਆਂ।

**ਗੋਲੀਬਾਰੀ ਦੀਆਂ ਵਾਰਦਾਤਾਂ ਵਿਚ 92 ਫੀ ਸਦੀ ਵਾਧਾ ਹੋਇਆ**

ਪੁਲਿਸ ਵੱਲੋਂ ਜਥੇਬੰਦ ਗਿਰੋਹਾਂ ਵੱਲ ਇਸ਼ਾਰਾ ਕਰਦਿਆਂ ਦੱਸਿਆ ਕਿ ਅਮਰੀਕਾ ਵਾਲੇ ਪਾਸਿਓਂ ਨਾਜਾਇਜ਼ ਹਥਿਆਰਾਂ ਦਾ ਤਸਕਰੀ ਵਿਚ ਇਨ੍ਹਾਂ ਦਾ ਵੱਡਾ ਯੋਗਦਾਨ ਹੈ। ਸਿਰਫ ਐਨਾ ਹੀ ਨਹੀਂ ਨੌਜਵਾਨਾਂ ਨੂੰ ਲਾਲਚ ਦੇ ਕੇ ਅਪਰਾਧ ਸਰਗਰਮੀਆਂ ਵਿਚ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਪੁਲਿਸ ਮੁਖੀ ਨੇ ਅੱਗੇ ਕਿਹਾ ਕਿ ਟੋਅ ਟਰੱਕ ਡਰਾਈਵਰਾਂ ਦੀਆਂ ਕੁਝ ਜਥੇਬੰਦੀਆਂ ਆਪਣੇ ਵਿਰੋਧੀਆਂ ਨੂੰ ਡਰਾਉਣ ਲਈ ਬੰਦੂਕ ਹਿੰਸਾ ਅਤੇ ਅਗਜ਼ਨੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਅਜਿਹਾ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ ਜਿਥੇ ਨੌਜਵਾਨਾਂ ਨੂੰ ਹਥਿਆਰ ਲਹਿਰਾਉਂਦੇ ਦੇਖਿਆ ਗਿਆ ਜਦਕਿ ਕਈ ਮੌਕਿਆਂ 'ਤੇ ਪੀੜਤਾਂ ਦੇ ਘਰ ਨਿਸ਼ਾਨਾ ਵੀ ਬਣੇ। ਦੂਜੇ ਪਾਸੇ ਨਸਲੀ ਨਫ਼ਰਤ ਦਾ ਜ਼ਿਕਰ ਕਰਦਿਆਂ ਯਾਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਅਜਿਹੇ ਅਪਰਾਧਾਂ ਵਿਚ ਚਾਰ ਫੀ ਸਦੀ ਵਾਧਾ ਹੋਇਆ ਹੈ। ਅੰਤ ਵਿਚ ਜਿਮ ਮੈਕਸਵੀਨ ਨੇ ਆਖਿਆ ਕਿ ਦੋਸ਼ੀਆਂ ਨੂੰ ਜਵਾਬਦੇਹ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਪੇਜ ਇੱਕ ਦੀ ਬਾਕੀ

## ਬਲੋਚਿਸਤਾਨ: ਚਾਰ ਦਹਿਸ਼ਤੀ...

ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਹਮਲਿਆਂ ਦੀ ਨਿਖੇਧੀ ਕੀਤੀ ਹੈ। ਪ੍ਰਧਾਨ ਮੰਤਰੀ ਨੇ ਸਥਾਨਕ ਪ੍ਰਸ਼ਾਸਨ ਨੂੰ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਸਹਿਯੋਗ ਤੇ ਜ਼ਖ਼ਮੀਆਂ ਨੂੰ ਮੈਡੀਕਲ ਸਹਾਇਤਾ ਦੇਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਸਬੰਧਤ ਏਜੰਸੀਆਂ ਨੂੰ ਘਟਨਾ ਦੀ ਜਾਂਚ ਲਈ ਵੀ ਕਿਹਾ ਹੈ।

ਬਲੋਚਿਸਤਾਨ ਦੇ ਮੁੱਖ ਮੰਤਰੀ ਸਰਫ਼ਰਾਜ਼ ਬੁਗਤੀ ਨੇ ਵੀ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਬਲੋਚਿਸਤਾਨ ਸਭ ਤੋਂ ਵੱਧ ਸਰਗਰਮ ਦਹਿਸ਼ਤੀ ਜਥੇਬੰਦੀ ਬਲੋਚ ਲਿਬਰੇਸ਼ਨ ਆਰਮੀ (ਬੀਐੱਲਏ) ਨੇ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਲਈ ਹੈ। ਇਹ ਹਮਲੇ ਅਜਿਹੇ ਮੌਕੇ ਕੀਤੇ ਗਏ ਹਨ ਜਦੋਂ ਜਥੇਬੰਦੀ ਨਸਲੀ ਬਲੋਚ ਕਬਾਇਲੀ ਆਗੂ ਨਵਾਬ ਅਕਬਰ ਖ਼ਾਨ ਬੁਗਤੀ ਦੀ 18ਵੀਂ ਬਰਸੀ ਮਨਾ ਰਹੀ ਹੈ। ਪਹਿਲੀ ਘਟਨਾ ਬਲੋਚਿਸਤਾਨ ਦੇ ਮੂਸਾਖੇਲ ਜ਼ਿਲ੍ਹੇ ਦੀ ਹੈ ਜਿੱਥੇ ਦਸ ਦੇ ਕਰੀਬ ਹਥਿਆਰਬੰਦ ਹਮਲਾਵਰਾਂ ਨੇ ਬੱਸ ਸਵਾਰ 23 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਨ੍ਹਾਂ ਹਮਲਾਵਰਾਂ ਨੇ ਪਹਿਲਾਂ ਕਈ ਬੱਸਾਂ ਨੂੰ ਰੋਕਣ ਮਗਰੋਂ ਉਨ੍ਹਾਂ ਵਿਚੋਂ ਯਾਤਰੀਆਂ ਨੂੰ ਹੇਠਾ ਉਤਾਰਿਆ ਤੇ ਉਨ੍ਹਾਂ ਦੇ ਪਛਾਣ ਪੱਤਰ ਦੇਖਣ ਉਪਰੰਤ 23 ਯਾਤਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਐੱਸਐੱਸਪੀ ਅਯੂਬ ਖੋਸੋ ਨੇ ਕਿਹਾ ਕਿ ਮ੍ਰਿਤਕਾਂ ਵਿਚੋਂ ਬਹੁਗਿਣਤੀ ਦੱਖਣੀ ਪੰਜਾਬ ਨਾਲ ਸਬੰਧਤ ਹਨ ਤੇ ਕੁਝ ਕੁ ਖੈਬਰ ਪਖਤੂਨਖਵਾ ਨਾਲ ਸਬੰਧਤ ਵੀ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਨਸਲੀ ਪਿਛੋਕੜ ਕਰਕੇ ਕਤਲ ਕਰ ਦਿੱਤਾ ਗਿਆ। ਮੂਸਾਖੇਲ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਤੋਂ ਕੋਈ 450 ਕਿਲੋਮੀਟਰ ਉੱਤਰ ਪੂਰਬ ਵਿਚ ਹੈ।

ਇਕ ਹੋਰ ਹਮਲੇ ਵਿਚ ਹਥਿਆਰਬੰਦ ਹਮਲਾਵਰਾਂ ਨੇ ਬਲੋਚਿਸਤਾਨ ਦੇ ਕਲਾਤ ਜ਼ਿਲ੍ਹੇ ਵਿਚ ਛੇ ਸੁਰੱਖਿਆ ਕਰਮੀਆਂ ਸਣੇ ਘੱਟੋ-ਘੱਟ 11 ਲੋਕਾਂ ਨੂੰ ਮਾਰ ਮੁਕਾਇਆ। ਕਲਾਤ, ਕੋਇਟਾ ਤੋਂ ਕੋਈ 150 ਕਿਲੋਮੀਟਰ ਦੱਖਣ ਵਿਚ ਹੈ ਤੇ ਨਸਲੀ ਬਲੋਚ ਕਬਾਇਲੀਆਂ ਦੇ ਕਬਜ਼ੇ ਵਾਲਾ ਇਲਾਕਾ ਹੈ। ਸੁਰੱਖਿਆ ਦਸਤਿਆਂ ਵਿਚਲੇ ਸੂਤਰਾਂ ਨੇ ਜੀਓ ਨਿਊਜ਼ ਨੂੰ ਦੱਸਿਆ ਕਿ ਦਹਿਸ਼ਤਗਰਦਾਂ ਨੇ ਬਲੋਚਿਸਤਾਨ ਵਿਚ 24 ਤੇ 25 ਅਗਸਤ ਦੀ ਰਾਤ ਨੂੰ ਕਈ ਥਾਵਾਂ 'ਤੇ ਹਮਲੇ ਕੀਤੇ। ਇਸੇ ਤਰ੍ਹਾਂ ਬੋਲਾਨ ਜ਼ਿਲ੍ਹੇ ਦੇ ਕੋਲਪੁਰ ਇਲਾਕੇ ਵਿਚ ਇਕ ਹੋਰ ਦਹਿਸ਼ਤੀ ਹਮਲੇ ਵਿਚ ਚਾਰ ਸੁਰੱਖਿਆ ਕਰਮੀਆਂ ਦੀ ਮੌਤ ਹੋ ਗਈ ਜਦੋਂਕਿ ਮਸਤੰਗ ਜ਼ਿਲ੍ਹੇ ਦੇ ਕਾੜਕੂਚਾ ਇਲਾਕੇ ਵਿਚ ਦਹਿਸ਼ਤਗਰਦਾਂ ਨੇ ਇਕ ਪੈਰਾਮਿਲਟਰੀ ਚੌਕੀ 'ਤੇ ਹਮਲਾ ਕੀਤਾ ਤੇ ਇਕ ਲਾਸ਼ ਪਿੱਛੇ ਛੱਡ ਗਏ। ਦਹਿਸ਼ਗਰਦਾਂ ਨੇ ਬੋਲਾਨ ਜ਼ਿਲ੍ਹੇ ਦੇ ਦੋਜ਼ਾਨ ਇਲਾਕੇ ਵਿਚ ਪ੍ਰਮੁੱਖ ਰੇਲਵੇ ਪੁਲ ਨੂੰ ਵੀ ਉਡਾ ਦਿੱਤਾ। ਰਾਸ਼ਟਰਪਤੀ ਜ਼ਰਦਾਰੀ ਨੇ ਕਿਹਾ ਕਿ ਬੇਕਸੂਰ ਲੋਕਾਂ ਦੀ ਬੇਰਹਿਮੀ ਨਾਲ ਹੱਤਿਆ ਪੂਰੀ ਮਾਨਵਤਾ ਦੀ ਹੱਤਿਆ ਹੈ। ਉਨ੍ਹਾਂ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹਾਉਣ ਦਾ ਸੱਦਾ ਦਿੱਤਾ।

## ਗੁਜਰਾਤ 'ਚ ਮੀਂਹ...

ਪਹੁੰਚਾਇਆ। ਹੈਲੀਕਾਪਟਰ ਦੀ ਮਦਦ ਨਾਲ ਖਾਣ-ਪੀਣ ਦਾ ਸਾਮਾਨ ਪਹੁੰਚਾਇਆ ਜਾ ਰਿਹਾ ਹੈ। NDRF, SDRF, ਫ਼ੌਜ, ਭਾਰਤੀ ਹਵਾਈ ਫ਼ੌਜ ਅਤੇ ਭਾਰਤੀ ਤੱਟ ਰੱਖਿਅਕ ਬਲ ਨਾਲ ਮਿਲ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਹਤ ਅਤੇ ਬਚਾਅ ਕਾਰਜ ਕਰ ਰਹੇ ਹਨ।

ਗੁਜਰਾਤ ਸੂਬਾ ਇਸ ਸਮੇਂ ਬਹੁਤ ਮੁਸ਼ਕਲ ਵਿਚ ਹੈ। ਆਮ ਨਾਲੋਂ ਕਿਤੇ ਜ਼ਿਆਦਾ ਮੀਂਹ ਪੈਣ ਕਾਰਨ ਗੁਜਰਾਤ ਦੇ 18 ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਕੱਛ, ਦੁਆਰਕਾ, ਜਾਮਨਗਰ, ਮੋਰਬੀ, ਸੁਰੇਂਦਰਨਗਰ, ਜੂਨਾਗੜ੍ਹ, ਰਾਜਕੋਟ, ਬੋਟਾਦ, ਗੀਰਸੋਮਨਾਥ, ਅਮਰੇਲੀ ਅਤੇ ਭਾਵਨਗਰ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਹਨ। ਮੌਸਮ ਵਿਭਾਗ ਨੇ 29 ਅਗਸਤ ਨੂੰ ਗੁਜਰਾਤ ਦੇ 33 ਜ਼ਿਲ੍ਹਿਆਂ ਵਿਚੋਂ 11 ਜ਼ਿਲ੍ਹਿਆਂ 'ਚ ਰੈੱਡ ਅਲਰਟ ਤਾਂ ਬਾਕੀ 22 ਜ਼ਿਲ੍ਹਿਆਂ ਵਿਚ ਮੀਂਹ ਦਾ ਯੈਲੋ ਅਲਰਟ ਜਾਰੀ ਕੀਤਾ ਹੈ।

## ਭਾਰਤ ਦੇ ਹਜ਼ਾਰਾਂ ਅੰਤਰਰਾਸ਼ਟਰੀ...

ਅਨਿਸ਼ਚਿਤਤਾ ਦਾ ਪਰਛਾਵਾਂ ਪਾ ਦਿੱਤਾ ਹੈ, ਜਿਸ ਨਾਲ ਉਨ੍ਹਾਂ ਨੂੰ ਦੇਸ਼ ਨਿਕਾਲੇ ਦੇ ਖ਼ਤਰੇ ਵਿੱਚ ਛੱਡ ਦਿੱਤਾ ਗਿਆ ਹੈ।ਨੀਤੀ ਵਿੱਚ ਤਬਦੀਲੀ ਦੇ ਜਵਾਬ ਵਿੱਚ, ਭਾਰਤੀ ਵਿਦਿਆਰਥੀਆਂ ਨੇ ਕਈ ਕੈਨੇਡੀਅਨ ਸੂਬਿਆਂ ਵਿੱਚ ਵਿਰੋਧ ਪ੍ਰਦਰਸ਼ਨ ਕੀਤੇ ਹਨ। ਪ੍ਰਿੰਸ ਐਡਵਰਡ ਆਈਲੈਂਡ ਵਿੱਚ, ਗ੍ਰੈਜੂਏਟਾਂ ਦੇ ਇੱਕ ਸਮੂਹ ਨੇ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਵਿਧਾਨ ਸਭਾ ਦੇ ਬਾਹਰ ਡੇਰੇ ਲਾਏ ਹੋਏ ਹਨ, ਨੀਤੀ ਨੂੰ ਉਲਟਾਉਣ ਦੀ ਮੰਗ ਕੀਤੀ ਹੈ। ਓਨਟਾਰੀਓ, ਮੈਨੀਟੋਬਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਵੀ ਇਸੇ ਤਰ੍ਹਾਂ ਦੇ ਪ੍ਰਦਰਸ਼ਨ ਹੋਏ ਹਨ, ਜੋ ਵਿਦਿਆਰਥੀ ਭਾਈਚਾਰੇ ਵਿੱਚ ਵਿਆਪਕ ਅਸੰਤੋਸ਼ ਨੂੰ ਉਜਾਗਰ ਕਰਦੇ ਹਨ।

ਨਵੀਆਂ ਨੀਤੀਆਂ ਦਾ ਉਦੇਸ਼ ਸਥਾਈ ਨਿਵਾਸ ਨਾਮਜ਼ਦਗੀਆਂ ਨੂੰ 25% ਤੱਕ ਘਟਾਉਣਾ ਅਤੇ ਅਧਿਐਨ ਪਰਮਿਟਾਂ 'ਤੇ ਸਖਤ ਸੀਮਾਵਾਂ ਲਗਾਉਣਾ ਹੈ। ਇਹ ਤਬਦੀਲੀਆਂ ਕੈਨੇਡਾ ਦੀ ਤੇਜ਼ੀ ਨਾਲ ਆਬਾਦੀ ਦੇ ਵਾਧੇ ਦੇ ਮੱਦੇਨਜ਼ਰ ਆਈਆਂ ਹਨ, ਜੋ ਕਿ ਜ਼ਿਆਦਾਤਰ ਇਮੀਗ੍ਰੇਸ਼ਨ ਦੁਆਰਾ ਚਲਾਇਆ ਜਾਂਦਾ ਹੈ। ਸੰਘੀ ਅੰਕੜੇ ਦੱਸਦੇ ਹਨ ਕਿ ਪਿਛਲੇ ਸਾਲ ਦੀ ਆਬਾਦੀ ਦਾ 97% ਵਾਧਾ ਇਮੀਗ੍ਰੇਸ਼ਨ ਕਾਰਨ ਹੋਇਆ ਸੀ, ਜਿਸ ਨਾਲ ਸਰਕਾਰ ਨੂੰ ਕਾਰਵਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ। ਨੌਜਵਾਨ ਸਪੋਰਟ ਨੈਟਵਰਕ ਵਰਗੇ ਵਿਦਿਆਰਥੀ ਵਕਾਲਤ ਸਮੂਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਗ੍ਰੈਜੂਏਟਾਂ ਨੂੰ ਇਸ ਸਾਲ ਦੇ ਅੰਤ ਵਿੱਚ ਵਰਕ ਪਰਮਿਟ ਦੀ ਮਿਆਦ ਖਤਮ ਹੋਣ 'ਤੇ ਦੇਸ਼ ਨਿਕਾਲੇ ਦਾ ਖ਼ਤਰਾ ਹੈ। ਅਜਿਹੀ ਹੀ ਇੱਕ ਵਿਦਿਆਰਥਣ ਅਮਨਪ੍ਰੀਤ ਕੌਰ ਨੇ ਆਪਣੀ ਕਹਾਣੀ ਸਾਂਝੀ ਕਰਦਿਆਂ ਇਸ ਨੀਤੀ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਪਏ ਭਾਵਨਾਤਮਕ ਅਤੇ ਵਿੱਤੀ ਨੁਕਸਾਨ 'ਤੇ ਚਾਨਣਾ ਪਾਇਆ।

ਕੌਰ ਨੇ ਕਿਹਾ, "ਮੈਂ ਕੈਨੇਡਾ ਵਿੱਚ ਛੇ ਸਾਲ ਬਿਤਾਏ, ਇੱਥੇ ਜ਼ਿੰਦਗੀ ਬਣਾਉਣ ਲਈ ਸਖ਼ਤ ਮਿਹਨਤ ਕੀਤੀ। "ਮੈਂ ਪੜ੍ਹਾਈ ਕੀਤੀ, ਕੰਮ ਕੀਤਾ, ਅਤੇ ਟੈਕਸ ਅਦਾ ਕੀਤੇ, ਇਹ ਸਭ ਸਥਾਈ ਨਿਵਾਸ ਪ੍ਰਾਪਤ ਕਰਨ ਦੀ ਉਮੀਦ ਵਿੱਚ। ਪਰ ਹੁਣ ਅਜਿਹਾ ਲੱਗਦਾ ਹੈ ਕਿ ਸਰਕਾਰ ਨੇ ਸਾਡੇ ਤੋਂ ਮੂੰਹ ਮੋੜ ਲਿਆ ਹੈ।"

ਕੌਰ, ਕਈ ਹੋਰਾਂ ਵਾਂਗ, ਆਪਣੇ ਪਰਿਵਾਰ ਦੀ ਜ਼ਿੰਦਗੀ ਦੀ ਬੱਚਤ ਨੂੰ ਆਪਣੀ ਸਿੱਖਿਆ ਵਿੱਚ ਨਿਵੇਸ਼ ਕਰਦਾ ਹੈ, ਇਹ ਵਿਸ਼ਵਾਸ ਕਰਦੇ ਹੋਏ ਕਿ ਇਹ ਕੈਨੇਡਾ ਵਿੱਚ ਇੱਕ ਸੁਰੱਖਿਅਤ ਭਵਿੱਖ ਵੱਲ ਲੈ ਜਾਵੇਗਾ। ਅਚਾਨਕ ਨੀਤੀ ਤਬਦੀਲੀ ਨੇ ਉਸ ਨੂੰ ਅਤੇ ਹਜ਼ਾਰਾਂ ਹੋਰਾਂ ਨੂੰ ਅੜਿੱਕੇ ਦੀ ਸਥਿਤੀ ਵਿੱਚ ਛੱਡ ਦਿੱਤਾ ਹੈ, ਇਹ ਯਕੀਨੀ ਨਹੀਂ ਹੈ ਕਿ ਅੱਗੇ ਕੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਕੈਨੇਡੀਅਨ ਸਰਕਾਰ ਦੇਸ਼ ਦੇ ਰਿਹਾਇਸ਼ ਅਤੇ ਨੌਕਰੀ ਦੇ ਸੰਕਟ ਨੂੰ ਹੱਲ ਕਰਨ ਲਈ ਵਧਦੇ ਦਬਾਅ ਦਾ ਸਾਹਮਣਾ ਕਰ ਰਹੀ ਹੈ। ਅਸਥਾਈ ਨਿਵਾਸੀਆਂ ਦੇ ਤੇਜ਼ੀ ਨਾਲ ਵਾਧੇ ਨੇ ਇਹਨਾਂ ਮੁੱਦਿਆਂ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਸਰਕਾਰ ਨੇ ਅਸਥਾਈ ਕਰਮਚਾਰੀਆਂ ਦੀ ਗਿਣਤੀ ਨੂੰ ਘਟਾਉਣ ਦੇ ਉਦੇਸ਼ ਨਾਲ ਉਪਾਵਾਂ ਨੂੰ ਲਾਗੂ ਕਰਨ ਲਈ ਅਗਵਾਈ ਕੀਤੀ ਹੈ। ਇਹ ਕਦਮ ਅਜਿਹੇ ਸਮੇਂ ਆਇਆ ਹੈ ਜਦੋਂ ਟਰੂਡੋ ਦੀ ਸਰਕਾਰ ਚੋਣਾਂ ਵਿੱਚ ਸੰਘਰਸ਼ ਕਰ ਰਹੀ ਹੈ, ਜਿਸ ਵਿੱਚ ਅਗਲੇ ਸਾਲ ਚੋਣਾਂ ਹੋਣ ਦੀ ਸੰਭਾਵਨਾ ਹੈ।ਮੁੱਖ ਤਬਦੀਲੀਆਂ ਵਿੱਚੋਂ ਇੱਕ ਦੇਸ਼ ਵਿੱਚ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਵਿੱਚ ਕਟੌਤੀ ਹੈ, 2022 ਵਿੱਚ ਪ੍ਰੋਗਰਾਮ ਦਾ ਵਿਸਤਾਰ ਕਰਨ ਦੇ ਪਿਛਲੇ ਫੈਸਲੇ ਨੂੰ ਉਲਟਾਉਣਾ। ਰੁਜ਼ਗਾਰ ਅਤੇ ਸਮਾਜਿਕ ਵਿਕਾਸ ਕੈਨੇਡਾ (ਈਐਸਡੀਸੀ) ਦੇ ਅਨੁਸਾਰ, 183,820 ਅਸਥਾਈ ਵਿਦੇਸ਼ੀ ਕਾਮਿਆਂ ਦੇ ਪਰਮਿਟ ਜਾਰੀ ਕੀਤੇ ਗਏ ਸਨ। 2023, 2019 ਤੋਂ 88% ਵਾਧਾ। ਓਸ਼ਪਛ ਨੇ ਸਥਾਨਕ ਪ੍ਰਤਿਭਾ ਨੂੰ ਬਾਈਪਾਸ ਕਰਨ ਲਈ ਇਸ ਪ੍ਰੋਗਰਾਮ 'ਤੇ ਭਰੋਸਾ ਕਰਨ ਲਈ ਰੁਜ਼ਗਾਰਦਾਤਾਵਾਂ ਦੀ ਆਲੋਚਨਾ ਕੀਤੀ ਹੈ।

ਨਵੀਂ ਨੀਤੀ ਦੇ ਤਹਿਤ, ਖੇਤੀਬਾੜੀ, ਫੂਡ ਪ੍ਰੋਸੈਸਿੰਗ, ਨਿਰਮਾਣ ਅਤੇ ਸਿਹਤ ਸੰਭਾਲ ਵਰਗੇ ਖੇਤਰਾਂ ਲਈ ਅਪਵਾਦਾਂ ਦੇ ਨਾਲ, 6% ਜਾਂ ਇਸ ਤੋਂ ਵੱਧ ਦੀ ਬੇਰੁਜ਼ਗਾਰੀ ਦਰ ਵਾਲੇ ਖੇਤਰਾਂ ਵਿੱਚ ਵਰਕ ਪਰਮਿਟ ਤੋਂ ਇਨਕਾਰ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਟਰੂਡੋ ਨੇ ਸਥਿਤੀ ਨੂੰ ਸੰਬੋਧਿਤ ਕਰਦੇ ਹੋਏ ਕਿਹਾ, "ਅਸੀਂ ਇਹ ਯਕੀਨੀ ਬਣਾਉਣ ਲਈ ਆਪਣੇ ਇਮੀਗ੍ਰੇਸ਼ਨ ਸਟ੍ਰੀਮ ਦੀ ਸਮੀਖਿਆ ਕਰ ਰਹੇ ਹਾਂ ਕਿ ਕੈਨੇਡਾ ਨਵੇਂ ਆਏ ਲੋਕਾਂ ਦਾ ਸੁਆਗਤ ਕਰਦਾ ਰਹੇ ਅਤੇ ਨਾਲ ਹੀ ਇਸ ਗੱਲ ਲਈ ਵੀ ਜ਼ਿੰਮੇਵਾਰ ਹੈ ਕਿ ਅਸੀਂ ਉਨ੍ਹਾਂ ਨੂੰ ਸਾਡੇ ਸਮਾਜ ਵਿੱਚ ਕਿਵੇਂ ਜੋੜਦੇ ਹਾਂ। ਅਸੀਂ ਕੈਨੇਡਾ ਆਉਣ ਵਾਲੇ ਹਰੇਕ ਵਿਅਕਤੀ ਲਈ ਸਫ਼ਲਤਾ ਦੇ ਰਸਤੇ ਬਣਾਉਣਾ ਚਾਹੁੰਦੇ ਹਾਂ।"

ਇੰਟਰਨੈਸ਼ਨਲ ਸਿੱਖ ਸਟੂਡੈਂਟ ਆਰਗੇਨਾਈਜ਼ੇਸ਼ਨ, ਇੱਕ ਹੋਰ ਪ੍ਰਮੁੱਖ ਵਕਾਲਤ ਸਮੂਹ, ਨੇ ਸਰਕਾਰ ਦੀ ਪਹੁੰਚ ਦੀ ਆਲੋਚਨਾ ਕੀਤੀ ਹੈ, ਇਹ ਦਲੀਲ ਦਿੱਤੀ ਹੈ ਕਿ ਰੁਜ਼ਗਾਰ ਅਤੇ ਰਿਹਾਇਸ਼ੀ ਸੰਕਟ ਦੀ ਜੜ੍ਹ ਵਿਆਪਕ ਨੀਤੀਗਤ ਅਸਫਲਤਾਵਾਂ ਵਿੱਚ ਹੈ, ਨਾ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਵਿੱਚ। ਉਹ ਦਲੀਲ ਦਿੰਦੇ ਹਨ ਕਿ ਵਿਦਿਆਰਥੀਆਂ ਅਤੇ ਅਸਥਾਈ ਕਰਮਚਾਰੀਆਂ ਨੂੰ ਬਲੀ ਦਾ ਬੱਕਰਾ ਬਣਾਉਣਾ ਕੈਨੇਡਾ ਦੀਆਂ ਚੁਣੌਤੀਆਂ ਦਾ ਹੱਲ ਨਹੀਂ ਹੈ। ਜਿਵੇਂ-ਜਿਵੇਂ ਵਿਰੋਧ ਪ੍ਰਦਰਸ਼ਨ ਜਾਰੀ ਹਨ ਅਤੇ ਵਰਕ ਪਰਮਿਟਾਂ ਦੀ ਸਮਾਂ-ਸੀਮਾ ਨੇੜੇ ਆ ਰਹੀ ਹੈ, ਉਨ੍ਹਾਂ ਹਜ਼ਾਰਾਂ ਭਾਰਤੀ ਗ੍ਰੈਜੂਏਟਾਂ ਲਈ ਭਵਿੱਖ ਅਨਿਸ਼ਚਿਤ ਹੈ ਜੋ ਕਦੇ ਕੈਨੇਡਾ ਨੂੰ ਮੌਕਿਆਂ ਦੀ ਧਰਤੀ ਵਜੋਂ ਦੇਖਦੇ ਸਨ। ਸਰਕਾਰ ਦੇ ਅਗਲੇ ਕਦਮ ਇਹ ਨਿਰਧਾਰਿਤ ਕਰਨ ਲਈ ਮਹੱਤਵਪੂਰਨ ਹੋਣਗੇ ਕਿ ਕੀ ਇਹ ਵਿਦਿਆਰਥੀ ਕੈਨੇਡਾ ਨੂੰ ਘਰ ਬੁਲਾਉਣ ਲਈ ਜਾਰੀ ਰੱਖ ਸਕਦੇ ਹਨ ਜਾਂ ਜੇ ਉਹ ਆਪਣੇ ਦੇਸ਼, ਸੁਪਨਿਆਂ ਨੂੰ ਵਾਪਸ ਜਾਣ ਲਈ ਮਜਬੂਰ ਹੋਣਗੇ।

## ਇਜ਼ਰਾਈਲ ਵੱਲੋਂ ਵੈਸਟ...

ਅਧਿਕਾਰੀਆਂ ਵੱਲੋਂ ਕੀਤਾ ਗਿਆ ਹੈ। ਹਮਾਸ ਵੱਲੋਂ ਪਿਛਲੇ ਸਾਲ 7 ਅਕਤੂਬਰ ਨੂੰ ਗਾਜ਼ਾ ਦੇ ਬਾਹਰੋਂ ਕੀਤੇ ਹਮਲਿਆਂ ਮਗਰੋਂ ਇਜ਼ਰਾਈਲ ਵੱਲੋਂ ਰੋਜ਼ਾਨਾ ਪੱਛਮੀ ਕੰਢੇ 'ਤੇ ਛਾਪੇ ਮਾਰੇ ਜਾਂਦੇ ਹਨ। ਇਜ਼ਰਾਇਲੀ ਫੌਜ ਦੇ ਤਰਜਮਾਨ ਲੈਫਟੀਨੈਂਟ ਕਰਨਲ ਨਾਦਵ ਸ਼ੋਸ਼ਾਨੀ ਨੇ ਕਿਹਾ ਕਿ ਸਲਾਮਤੀ ਦਸਤਿਆਂ ਦਾ ਵੱਡਾ ਦਸਤਾ ਜਨੀਨ ਸ਼ਹਿਰ, ਜੋ ਲੰਮੇ ਸਮੇਂ ਤੱਕ ਦਹਿਸ਼ਤਗਰਦਾਂ ਦਾ ਮਜ਼ਬੂਤ ਗੜ੍ਹ ਰਿਹਾ ਹੈ, ਦੇ ਨਾਲ ਤੁਲਕਾਰਮ ਤੇ ਅਲ-ਫ਼ਰਾ ਸ਼ਰਨਾਰਥੀ ਕੈਂਪ ਵਿਚ ਦਾਖ਼ਲ ਹੋ ਗਿਆ ਹੈ। ਇਹ ਸਾਰੇ ਟਿਕਾਣੇ ਪੱਛਮੀ ਕੰਢੇ ਦੇ ਉੱਤਰੀ ਹਿੱਸੇ ਵਿਚ ਪੈਂਦੇ ਹਨ। ਅਲ-ਫ਼ਰਾ ਸ਼ਰਨਾਰਥੀ ਕੈਂਪ 1948 ਦੀ ਮੱਧ ਪੂਰਬ ਜੰਗ ਤੋਂ ਇਥੇ ਹੈ। ਤਰਜਮਾਨ ਨੇ ਕਿਹਾ ਕਿ ਮਾਰੇ ਗਏ ਨੌਂ ਵਿਅਕਤੀ ਦਹਿਸ਼ਤਗਰਦ ਹਨ। ਇਨ੍ਹਾਂ ਵਿਚੋਂ ਤਿੰਨ ਜਣੇ ਤੁਲਕਾਰਮ 'ਚ ਤੇ ਚਾਰ ਹੋਰ ਅਲ-ਫ਼ਰਾ ਵਿਚ ਹਵਾਈ ਹਮਲਿਆਂ ਦੌਰਾਨ ਮਾਰੇ ਗਏ। ਤਰਜਮਾਨ ਨੇ ਕਿਹਾ ਕਿ ਛਾਪੇ ਇਕ ਵੱਡੀ ਕਾਰਵਾਈ ਦਾ ਪਹਿਲਾ ਪੜਾਅ ਹੈ, ਜਿਸ ਦਾ ਮੁੱਖ ਮਕਸਦ ਇਜ਼ਰਾਇਲੀ ਸਿਵਲੀਅਨਾਂ 'ਤੇ ਹਮਲਿਆਂ ਨੂੰ ਰੋਕਣਾ ਹੈ। ਉਧਰ ਜਨੀਨ ਦੇ ਗਵਰਨਰ ਕਾਮਲ ਅਬੂ ਅਲ-ਰਬ ਨੇ ਫ਼ਲਸਤੀਨੀ ਰੇਡੀਓ 'ਤੇ ਕਿਹਾ ਕਿ ਇਜ਼ਰਾਈਲੀ ਫੌਜਾਂ ਨੇ ਸ਼ਹਿਰ ਨੂੰ ਘੇਰ ਕੇ ਅੰਦਰ-ਬਾਹਰ ਜਾਣ ਵਾਲੇ ਰਸਤਿਆਂ ਤੇ ਹਸਪਤਾਲ ਤੱਕ ਰਸਾਈ ਬੰਦ ਕਰ ਦਿੱਤੀ ਹੈ। ਵੈਸਟ ਬੈਂਕ ਵਿਚ ਫ਼ਲਸਤੀਨ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਇਜ਼ਰਾਇਲੀ ਬਲਾਂ ਨੇ ਹਸਪਤਾਲ ਨੂੰ ਜਾਣ ਵਾਲੇ ਰਸਤੇ ਰੋਕਾਂ ਲਾ ਕੇ ਬੰਦ ਕਰ ਦਿੱਤੇ ਹਨ ਤੇ ਜਨੀਨ ਵਿਚ ਹੋਰ ਹਸਪਤਾਲਾਂ ਦੀ ਘੇਰਾਬੰਦੀ ਕੀਤੀ ਹੈ। ਸ਼ੋਸ਼ਾਨੀ ਨੇ ਕਿਹਾ ਕਿ ਫੌਜ ਦਹਿਸ਼ਤਗਰਦਾਂ ਨੂੰ ਹਸਪਤਾਲਾਂ ਵਿਚ ਪਨਾਹ ਲੈਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਇਜ਼ਰਾਈਲ ਦੇ ਵਿਦੇਸ਼ ਮੰਤਰੀ ਕੈਟਜ਼ ਨੇ ਗਾਜ਼ਾ ਨਾਲ ਤੁਲਨਾ ਕਰਦਿਆਂ ਕਿਹਾ ਕਿ ਪੱਛਮੀ ਕੰਢੇ ਵਿਚ ਵੀ ਮਿਲਦੇ ਜੁਲਦੇ ਉਪਰਾਲਿਆਂ ਦੀ ਲੋੜ ਹੈ। ਉਂਜ ਸ਼ੋਸ਼ਾਨੀ ਨੇ ਸਾਫ਼ ਕਰ ਦਿੱਤਾ ਕਿ ਸਿਵਲੀਅਨਾਂ ਨੂੰ ਉਥੋਂ ਬਾਹਰ ਕੱਢਣ ਦਾ ਕੋਈ ਇਰਾਦਾ ਨਹੀਂ ਹੈ। ਪਿਛਲੇ 10 ਮਹੀਨਿਆਂ ਤੋਂ ਗਾਜ਼ਾ ਵਿਚ ਜਾਰੀ ਜੰਗ ਦੌਰਾਨ ਇਜ਼ਰਾਇਲੀ ਹਮਲਿਆਂ ਵਿਚ ਵੈਸਟ ਬੈਂਕ ਵਿਚ 652 ਫ਼ਲਸਤੀਨੀਆਂ ਦੀ ਜਾਨ ਜਾਂਦੀ ਰਹੀ ਹੈ।

## ਕੈਨੇਡਾ ਵੱਲੋਂ ਵਿਜਟਰਾਂ...

ਖਤਮ ਕਰ ਰਿਹਾ ਹੈ।ਵਿਭਾਗ ਦਾ ਕਹਿਣਾ ਹੈ ਕਿ ਨੀਤੀ ਤਹਿਤ 28 ਅਗਸਤ ਤੋਂ ਪਹਿਲਾਂ ਜਮ੍ਹਾਂ ਕਰਵਾਈਆਂ ਅਰਜ਼ੀਆਂ 'ਤੇ ਕਾਰਵਾਈ ਹੁੰਦੀ ਰਹੇਗੀ। ਮਾੜੇ ਸਲਾਹਕਾਰਾਂ ਤੇ ਕਾਰਵਾਈ IRCC ਦਾ ਕਹਿਣਾ ਹੈ ਕਿ ਇਸ ਸ਼ੁਰੂਆਤੀ ਰੋਲਬੈਕ ਦਾ ਹਿੱਸਾ ਹੈ ਕਿਉਂਕਿ ਇਹ ਜਾਣੂ ਕਰਵਾਇਆ ਗਿਆ ਹੈ ਕਿ "ਬੁਰੇ ਸਕਾਹਕਾਰ ਵਿਦੇਸ਼ੀ ਨਾਗਰਿਕਾਂ ਨੂੰ ਬਿਨਾਂ ਅਧਿਕਾਰ ਦੇ ਕੈਨੇਡਾ ਵਿੱਚ ਕੰਮ ਕਰਨ ਲਈ ਗੁੰਮਰਾਹ ਕਰਨ ਲਈ ਨੀਤੀ ਦੀ ਵਰਤੋਂ ਕਰ ਰਹੇ ਸਨ।

## ਐੱਮਪੀਪੀ ਹਰਦੀਪ ਗਰੇਵਾਲ ਦੀ...

ਹਰਦੀਪ ਗਰੇਵਾਲ ਦੀ ਮਿਹਨਤ ਸਦਕਾ ਕੀਤੇ ਗਏ ਯਤਨਾਂ ਕਾਰਨ ਹੀ ਬਰੈਂਪਟਨ ਵਾਸੀਆਂ ਵੱਲੋਂ ਇਨ੍ਹਾਂ ਪਿਆਰ ਮਿਲ ਰਿਹਾ ਹੈ।

ਇਸ ਮੌਕੇ ਐੱਮਪੀਪੀ ਹਰਦੀਪ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਦੇਖ ਕੇ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਵੱਡੀ ਗਿਣਤੀ 'ਚ ਲੋਕ ਇੱਥੇ ਪਹੁੰਚੇ ਹੋਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਉਨ੍ਹਾਂ ਨੂੰ ਫੀਡਬੈਕ ਵੀ ਦਿੱਤੀ ਜਾ ਰਹੀ ਹੈ ਅਤੇ ਜੋ ਲੋਕਾਂ ਨੂੰ ਪ੍ਰੇਸ਼ਾਨੀ ਆ ਰਹੀ ਹੈ, ਉਸ ਬਾਰੇ ਵੀ ਗੱਲਬਾਤ ਕੀਤੀ ਜਾ ਰਹੀ ਹੈ। ਪ੍ਰੋਗਰਾਮ ਦਾ ਹਿੱਸਾ ਬਣੇ ਓਨਟਾਰੀਓ ਦੇ ਟ੍ਰਾਂਸਪੋਰਟ ਮੰਤਰੀ ਮਿਸਟਰ ਪ੍ਰਬਮੀਤ ਸਰਕਾਰੀਆ, ਮਿਸੀਸਾਗਾ ਸਟ੍ਰੀਟਵਿਲੇ ਤੋਂ ਐੱਮਪੀਪੀ ਨੀਨਾ ਟਾਂਗਰੀ, ਬਰੈਂਪਟਨ ਵੈਸਟ ਤੋਂ ਐੱਮਪੀਪੀ ਅਮਰਜੋਤ ਸੰਧੂ ਅਤੇ ਸਿਟੀ ਕਾਊਂਸਲਰ ਰੋਡ ਪਾਵਰ ਨੇ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਥੋੜੇ-ਥੋੜੇ ਸਮੇਂ ਬਾਅਦ ਹੁੰਦੇ ਰਹਿਣੇ ਚਾਹੀਦੇ ਹਨ। ਇਸ ਨਾਲ ਲੋਕਾਂ 'ਚ ਵਿਚਰਨ ਦਾ ਮੌਕਾ ਮਿਲਦਾ ਹੈ ਅਤੇ ਉਨ੍ਹਾਂ ਦੀਆਂ ਪ੍ਰੇਸ਼ਾਨੀਆਂ ਬਾਰੇ ਪਤਾ ਲੱਗਦਾ ਹੈ।

# ਆਸਟਰੇਲੀਆ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੇ ਦਾਖ਼ਲੇ ਘਟਾਉਣ ਦਾ ਐਲਾਨ



ਸਿਡਨੀ : ਟਰੇਲੀਆ ਸਰਕਾਰ ਨੇ ਵੱਡੇ ਸ਼ਹਿਰਾਂ ਦੀਆਂ ਯੂਨੀਵਰਸਿਟੀਆਂ ਅਤੇ ਪ੍ਰਾਈਵੇਟ ਕਾਲਜਾਂ ਨੂੰ ਕੌਮਾਂਤਰੀ ਵਿਦਿਆਰਥੀਆਂ ਦੇ ਦਾਖ਼ਲੇ ਘਟਾਉਣ ਦੇ ਹੁਕਮ ਦਿੱਤੇ ਹਨ। ਫੈਡਰਲ ਸਰਕਾਰ ਅਗਲੇ ਸਾਲ ਆਸਟਰੇਲੀਆ ਵਿੱਚ ਵਿਦੇਸ਼ੀ ਪਾੜ੍ਹਿਆਂ ਦੀ ਗਿਣਤੀ 2,70,000 ਤੱਕ ਸੀਮਤ ਕਰਨਾ ਚਾਹੁੰਦੀ ਹੈ। ਇਸ ਦਾ ਮਤਲਬ ਹੈ ਕਿ 2023 ਦੇ ਮੁਕਾਬਲੇ 2025 ਵਿੱਚ ਲਗਪਗ 53,000 ਘੱਟ ਵਿਦੇਸ਼ੀ ਵਿਦਿਆਰਥੀਆਂ ਨੂੰ ਸਵੀਕਾਰ ਕੀਤਾ ਜਾਵੇਗਾ। ਇਹ ਕਟੌਤੀ 16 ਫ਼ੀਸਦ ਬਣਦੀ ਹੈ। ਸਿੱਖਿਆ ਮੰਤਰੀ ਜੇਸਨ ਕਲੇਰ ਦਾ ਕਹਿਣਾ ਹੈ ਕਿ ਆਸਟਰੇਲੀਆ ਸਿਰਫ ਯੋਗ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲਾ ਦੇਵੇਗਾ। ਉਨ੍ਹਾਂ ਕਿਹਾ ਕਿ ਕਾਰੋਬਾਰੀ ਸਸਤੀ ਲੇਬਰ ਵਜੋਂ ਵਿਦੇਸ਼ੀ ਵਿਦਿਆਰਥੀਆਂ ਨੂੰ ਕੰਮ ਦੇ ਦਿੰਦੇ ਹਨ ਜਿਸ ਨਾਲ ਘਰੇਲੂ ਬੇਰੁਜ਼ਗਾਰੀ ਅਤੇ ਘਰਾਂ ਦੀ ਥੁੜ੍ਹ ਪੈਦਾ ਹੋਣ ਕਾਰਨ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। 37 ਫ਼ੀਸਦ ਤੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਨੂੰ ਦਾਖ਼ਲੇ ਦੇਣ ਵਾਲੀਆਂ ਯੂਨੀਵਰਸਿਟੀਆਂ ਨੂੰ ਇਸ ਕਟੌਤੀ ਦਾ ਜ਼ਿਆਦਾ ਖਮਿਆਜ਼ਾ ਝੱਲਣਾ ਪਵੇਗਾ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਹੁਣ ਜੱਟ ਸਿੱਖ ਸਾਂਭੇਗਾ ਪੰਜਾਬ ਭਾਜਪਾ ਦੀ ਕਮਾਨ!



ਚੰਡੀਗੜ੍ਹ (ਪੰਜਾਬ ਸਟਾਰ): ਪੰਜਾਬ ਦੀ ਸਿਆਸਤ ਇਸ ਸਮੇਂ ਅਕਾਲੀ ਦਲ ਸਮੇਤ ਹੋਰ ਕਈ ਵੱਖ ਵੱਖ ਮੁੱਦਿਆਂ ਨੂੰ ਲੈ ਕੇ ਕਾਫ਼ੀ ਗਰਮਾਈ ਹੋਈ ਐ ਪਰ ਹੁਣ ਜੋ ਖ਼ਬਰ ਸਾਹਮਣੇ ਆ ਰਹੀ ਐ, ਉਸ ਤੋਂ ਬਾਅਦ ਸਿਆਸਤ ਵਿਚ ਹੋਰ ਜ਼ਿਆਦਾ ਉਬਾਲ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਐ। ਦਰਅਸਲ ਸੂਤਰਾਂ ਤੋਂ ਇਹ ਖ਼ਬਰ ਆ ਰਹੀ ਐ ਕਿ ਭਾਜਪਾ ਵੱਲੋਂ ਕਿਸੇ ਵੇਲੇ ਵੀ ਸੁਨੀਲ ਜਾਖੜ ਦੀ ਛੁੱਟੀ ਕੀਤੀ ਜਾ ਸਕਦੀ ਐ ਅਤੇ ਉਨ੍ਹਾਂ ਦੀ ਕਿਸੇ ਜੱਟ ਸਿੱਖ ਨੂੰ ਭਾਜਪਾ ਦਾ ਪ੍ਰਧਾਨ ਬਣਾਇਆ ਜਾ ਸਕਦਾ ਏ। ਆਪਣੇ ਸਿਆਸੀ ਫ਼ਾਇਦੇ ਲਈ ਹਰ ਪਾਰਟੀ ਬਦਲਾਅ ਕਰਦੀ ਐ, ਇਸ ਲਈ ਭਾਜਪਾ ਨੂੰ ਵੀ ਬਦਲਾਅ ਕਰਨ ਦਾ ਪੂਰਾ ਹੱਕ ਐ ਪਰ ਇਸ ਨਾਲ ਉਸ ਨੂੰ ਫ਼ਾਇਦਾ ਹੋਵੇਗਾ ਜਾਂ ਨੁਕਸਾਨ, ਇਹ ਤਾਂ ਬਾਅਦ ਵਿਚ ਪਤਾ ਚੱਲੇਗਾ। ਸੋ ਆਓ ਤੁਹਾਨੂੰ ਦੱਸਦੇ ਆਂ ਕਿ ਕੌਣ ਹੋ ਸਕਦੈ ਪੰਜਾਬ ਭਾਜਪਾ ਦਾ ਨਵਾਂ ਪ੍ਰਧਾਨ ਅਤੇ ਪਾਰਟੀ ਵਰਕਰਾਂ ਵਿਚ ਕੀ ਚੱਲ ਰਹੀ ਐ ਚਰਚਾ।

ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹਰ ਸਿਆਸੀ ਪਾਰਟੀ ਵੱਡਾ ਦਾਅ ਖੇਡਣ ਵਿਚ ਲੱਗੀ ਹੋਈ ਐ ਤਾਂ ਜੋ ਪੰਜਾਬ ਦੀ ਸੱਤਾ ਹਾਸਲ ਕੀਤੀ ਜਾ ਸਕੇ। ਸੂਤਰਾਂ ਤੋਂ ਖ਼ਬਰ ਮਿਲ ਰਹੀ ਐ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਹਟਾ ਕੇ ਨਵਾਂ ਪ੍ਰਧਾਨ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਐ, ਜਿਸ ਦੇ ਚਲਦਿਆਂ ਸੁਨੀਲ ਜਾਖੜ ਨੂੰ ਕਿਸੇ ਸਮੇਂ ਵੀ ਅਹੁਦੇ ਤੋਂ ਹਟਾਇਆ ਜਾ ਸਕਦਾ ਏ। ਉਨ੍ਹਾਂ ਦੀ ਥਾਂ 'ਤੇ ਕਿਸੇ ਜੱਟ ਸਿੱਖ ਨੂੰ ਨਵਾਂ ਪ੍ਰਧਾਨ ਬਣਾਉਣ ਦੀਆਂ ਕਨਸੋਆਂ ਮਿਲ ਰਹੀਆਂ ਨੇ। ਦਰਅਸਲ ਭਾਜਪਾ ਨੂੰ ਇਹ ਲਗਦਾ ਏ ਕਿ ਜੇਕਰ ਪੰਜਾਬ ਵਿਚ ਅੱਗੇ ਵਧਣਾ ਏ ਤਾਂ ਦਸਤਾਰਧਾਰੀ ਸਿੱਖ ਦੇ ਹੱਥ ਪਾਰਟੀ ਦੀ ਵਾਗਡੋਰ ਫੜਾਉਣੀ ਹੋਵੇਗੀ। ਪਾਰਟੀ ਦੀ ਇਸ ਸੋਚ ਦਾ ਅੰਦਾਜ਼ਾ ਰਵਨੀਤ ਬਿੱਟੂ ਤੋਂ ਲਗਾਇਆ ਜਾ ਸਕਦਾ ਏ, ਜਿਸ ਨੂੰ ਚੋਣ ਹਾਰਨ ਤੋਂ ਬਾਅਦ ਵੀ ਭਾਜਪਾ ਨੇ ਕੇਂਦਰੀ ਰਾਜ ਮੰਤਰੀ ਬਣਾ ਦਿੱਤਾ ਅਤੇ ਹੁਣ ਉਸ ਨੂੰ ਰਾਜਸਥਾਨ ਤੋਂ ਰਾਜ ਸਭਾ ਮੈਂਬਰ ਬਣਾ ਦਿੱਤਾ।

ਭਾਵੇਂ ਕਿ ਭਾਜਪਾ ਵੱਲੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਸਿਆਸੀ ਲਾਹਾ ਖੱਟਣ ਲਈ ਆਪਣੇ ਨਾਲ ਜੋੜਿਆ ਗਿਆ ਸੀ ਪਰ ਕੈਪਟਨ ਸਾਬ੍ਹ ਆਪਣਾ ਜਲਵਾ ਨਹੀਂ ਦਿਖਾ ਸਕੇ, ਉਹ ਅਜਿਹਾ ਕਰਨ ਵਿਚ ਫ਼ੇਲ੍ਹ ਸਾਬਤ ਹੋਏ। ਦਰਅਸਲ ਕੈਪਟਨ ਅਮਰਿੰਦਰ ਸਿੰਘ ਆਲ ਇੰਡੀਆ ਜੱਟ ਮਹਾਂ ਸਭਾ ਦੇ ਪ੍ਰਧਾਨ ਸੀ, ਇਸ ਲਈ ਭਾਜਪਾ ਨੂੰ ਉਨ੍ਹਾਂ ਤੋਂ ਕਾਫ਼ੀ ਉਮੀਦ ਸੀ। ਖ਼ੈਰ, ਕੈਪਟਨ ਸਾਬ੍ਹ ਭਾਵੇਂ ਕਿਸਾਨਾਂ ਨੂੰ ਤਾਂ ਭਾਵੇਂ ਭਾਜਪਾ ਨਾਲ ਨਹੀਂ ਜੋੜ ਸਕੇ ਪਰ ਉਨ੍ਹਾਂ ਨੇ ਆਪਣਾ ਪਰਿਵਾਰ ਅਤੇ ਆਪਣੇ ਕੁੱਝ ਸਾਥੀ ਜ਼ਰੂਰ ਭਾਜਪਾ ਨਾਲ ਜੋੜ ਦਿੱਤੇ। ਬੇਟੀ ਜੈਇੰਦਰ ਕੌਰ ਨੂੰ ਪਾਰਟੀ ਵਿਚ ਵੱਡਾ ਅਹੁਦਾ ਦਿਵਾ ਦਿੱਤਾ। ਉਂਝ ਨਵੇਂ ਪ੍ਰਧਾਨ ਦੇ ਲਈ ਜਿਸ ਆਗੂ ਦੇ ਨਾਂਅ ਦਾ ਸਭ ਤੋਂ ਵੱਧ ਜ਼ੋਰ ਲਗਾਇਆ ਜਾ ਰਿਹਾ ਏ, ਉਹ ਵੀ ਕੈਪਟਨ ਸਾਬ੍ਹ ਦਾ ਖ਼ਾਸ ਕਰੀਬੀ ਐ ਬਰਨਾਲਾ ਤੋਂ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ,,, ਜੋ ਆਪਣੇ ਸ਼ਾਹੀ ਸ਼ੌਕਾਂ ਲਈ ਵੀ ਕਾਫ਼ੀ ਮਸ਼ਹੂਰ ਨੇ। ਉਨ੍ਹਾਂ ਦੀਆਂ ਕੀਮਤੀ ਘੜੀਆਂ ਦੀ ਦੂਰ-ਦੂਰ ਤੱਕ ਚਰਚਾ ਹੋ ਚੁੱਕੀ ਐ।

ਭਾਜਪਾ ਨਾਲ ਜੁੜੇ ਕੁੱਝ ਲੋਕਾਂ ਦਾ ਕਹਿਣਾ ਏ ਕਿ ਮੌਜੂਦਾ ਸਮੇਂ ਦੀ ਭਾਜਪਾ ਵਿਚ ਉਹ ਚੰਗੀ ਤਰ੍ਹਾਂ ਫਿੱਟ ਬੈਠ ਸਕਦੇ ਨੇ, ਕਿਉਂਕਿ ਮੌਜੂਦਾ ਸਮੇਂ ਭਾਜਪਾ ਨੇ ਪੁਰਾਣੇ ਸੰਘਰਸ਼ੀ ਆਗੂਆਂ ਨੂੰ ਛੱਡ ਕੇ ਬਾਹਰੀ ਰਜਵਾੜਿਆਂ ਨੂੰ ਪਾਰਟੀ ਵਿਚ ਚੰਗੇ ਅਹੁਦਿਆਂ ਨਾਲ ਨਿਵਾਜ਼ਣ 'ਤੇ ਜ਼ੋਰ ਲਗਾਇਆ ਹੋਇਆ ਏ।

ਮੌਜੂਦਾ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੀ ਬਾਹਰੀ ਸਨ, ਜਿਨ੍ਹਾਂ ਨੂੰ ਅਸ਼ਵਨੀ ਸ਼ਰਮਾ ਦੀ ਥਾਂ ਪ੍ਰਧਾਨ ਬਣਾਇਆ ਗਿਆ ਏ ਪਰ ਪਾਰਟੀ ਦੇ ਕੁੱਝ ਪੁਰਾਣੇ ਵਰਕਰਾਂ ਤੇ ਆਗੂਆਂ ਦਾ ਮੰਨਣਾ ਏ ਕਿ ਜਾਖੜ ਸਾਬ੍ਹ ਦੀ ਕਾਰਗੁਜ਼ਾਰੀ ਅਸ਼ਵਨੀ ਸ਼ਰਮਾ ਦੇ ਮੁਕਾਬਲੇ ਕੁੱਝ ਵੀ ਨਹੀਂ। ਜਾਖੜ ਸਾਬ੍ਹ ਨੇ ਜਲੰਧਰ ਚੋਣਾਂ ਵਿਚ ਜਾ ਕੇ 'ਬੱਤੀ ਨਹੀਂ ਵਾਹੀ',, ਯਾਨੀ ਕਿ ਉਥੇ ਵਿਰੋਧੀਆਂ ਦੇ ਖ਼ਿਲਾਫ਼ ਇੰਨੇ ਜ਼ਬਰਦਸਤ ਮੁੱਦੇ ਸੀ, ਪਰ ਜਾਖੜ ਸਾਬ੍ਹ ਨੇ ਇਕ ਮੁੱਦਾ ਨਹੀਂ ਚੁੱਕਿਆ। ਇੱਥੋਂ ਤੱਕ ਕਿ ਸ਼ੀਤਲ ਅੰਗੁਰਾਲ ਪੈਨ ਡਰਾਈਵ ਲੈ ਕੇ ਵੀ ਘੁੰਮਦੇ ਰਹੇ ਪਰ ਪੰਜਾਬ ਭਾਜਪਾ ਉਸ ਮੁੱਦੇ ਨੂੰ ਉਭਾਰਨ ਵਿਚ ਨਾਕਾਮਯਾਬ ਰਹੀ। ਪੰਜਾਬ ਭਾਜਪਾ ਦੀ ਸਥਿਤੀ ਨੂੰ ਪੰਜਾਬ ਦੇ ਲੋਕ ਵੀ ਚੰਗੀ ਤਰ੍ਹਾਂ ਦੇਖ ਰਹੇ ਨੇ ਕਿ ਪਾਰਟੀ ਪੁਰਾਣੇ ਆਗੂਆਂ ਦੀ ਤਾਂ ਪੁੱਛ ਪ੍ਰਤੀਤ ਨਹੀਂ ਕਰ ਰਹੀ, ਨਵੇਂ ਤੋਂ ਨਵੇਂ ਆਗੂ ਉਨ੍ਹਾਂ ਦੇ ਸਿਰ 'ਤੇ ਲਿਆ ਕੇ ਬਿਠਾਈ ਜਾ ਰਹੀ ਐ। ਦਰਅਸਲ ਭਾਜਪਾ ਹਾਈਕਮਾਨ ਨੂੰ ਇਹ ਲਗਦਾ ਏ ਕਿ ਪੰਜਾਬ ਵਿਚ ਇਹ ਪੱਗਾਂ ਵਾਲੇ ਆਗੂ ਭਾਜਪਾ ਨੂੰ ਸੱਤਾ ਦੇ ਰਾਹੇ ਪਾਉਣਗੇ। ਇਸੇ ਕਰਕੇ ਹੁਣ ਇਹ ਖ਼ਬਰਾਂ ਮਿਲ ਰਹੀਆਂ ਨੇ ਕਿ ਪੰਜਾਬ ਭਾਜਪਾ ਦਾ ਪ੍ਰਧਾਨ ਵੀ ਕਿਸੇ ਪੱਗ ਵਾਲੇ ਜੱਟ ਸਿੱਖ ਨੂੰ ਬਣਾਏ ਜਾਣ ਦੀ ਤਿਆਰੀ ਹੋ ਰਹੀ ਐ। ਕੁੱਝ ਸਿਆਸੀ ਮਾਹਿਰਾਂ ਦਾ ਕਹਿਣਾ ਏ ਕਿ ਭਾਜਪਾ ਕੋਲ ਬਹੁਤ ਸਾਰੇ ਵੱਡੇ ਸਿੱਖ ਚਿਹਰੇ ਸੁਖਵਿੰਦਰ ਪਾਲ ਸਿੰਘ ਗਰੇਵਾਲ, ਹਰਜੀਤ ਸਿੰਘ ਗਰੇਵਾਲ, ਸੁਖਪਾਲ ਸਿੰਘ ਨੰਨੂ, ਦਿਆਲ ਸਿੰਘ ਸੋਢੀ ਮੌਜੂਦ ਨੇ, ਜੋ ਕਈ ਕਈ ਦਹਾਕਿਆਂ ਤੋਂ ਭਾਜਪਾ ਦੇ ਨਾਲ ਜੁੜੇ ਹੋਏ ਨੇ। ਇਨ੍ਹਾਂ ਭਾਜਪਾ ਆਗੂਆਂ ਦੀ ਦਾਦ ਦੇਣੀ ਬਣਦੀ ਐ ਕਿਉਂਕਿ ਇਹ ਆਗੂ ਉਸ ਸਮੇਂ ਤੋਂ ਭਾਜਪਾ ਦੇ ਨਾਲ ਜੁੜੇ ਹੋਏ ਨੇ, ਜਦੋਂ ਭਾਜਪਾ ਦਾ ਨਾਮ ਲੈਣ ਤੋਂ ਵੀ ਡਰ ਲਗਦਾ ਸੀ। ਕਿਸਾਨੀ ਅੰਦੋਲਨ ਸਮੇਂ ਇਨ੍ਹਾਂ ਆਗੂਆਂ ਨੇ ਕਿੰਨੀਆਂ ਮੁਸੀਬਤਾਂ ਝੱਲੀਆਂ, ਲੋਕਾਂ ਨੂੰ ਅੰਤਾਂ ਦੀਆਂ ਗਾਲ਼ਾਂ ਸੁਣੀਆਂ। ਇਨ੍ਹਾਂ ਆਗੂਆਂ ਦਾ ਬਾਹਰ ਨਿਕਲਣਾ ਤੱਕ ਮੁਸ਼ਕਲ ਹੋ ਗਿਆ ਸੀ ਪਰ ਇਸ ਸਭ ਦੇ ਬਾਵਜੂਦ ਇਨ੍ਹਾਂ ਆਗੂਆਂ ਨੇ ਭਾਜਪਾ ਦਾ ਸਾਥ ਨਹੀਂ ਛੱਡਿਆ। ਇੰਨੇ ਸੰਘਰਸ਼ ਦੇ ਬਾਵਜੂਦ ਇਨ੍ਹਾਂ ਆਗੂਆਂ ਨੂੰ ਉਹ ਸਨਮਾਨ ਨਹੀਂ ਮਿਲ ਸਕਿਆ ਜੋ ਮਿਲਣਾ ਚਾਹੀਦਾ ਸੀ, ਭਾਜਪਾ ਦੇ ਪੁਰਾਣੇ ਵਰਕਰ ਇਨ੍ਹਾਂ ਗੱਲਾਂ ਨੂੰ ਮਹਿਸੂਸ ਕਰ ਰਹੇ ਨੇ। ਹੁਣ ਪਾਰਟੀ ਵਿਚ ਕੈਪਟਨ ਅਮਰਿੰਦਰ ਸਿੰਘ, ਬੀਬੀ ਜੈਇੰਦਰ ਕੌਰ, ਫਤਿਹਜੰਗ ਬਾਜਵਾ, ਰਾਣਾ ਗੁਰਮੀਤ ਸਿੰਘ ਸੋਢੀ, ਰਵਨੀਤ ਸਿੰਘ ਬਿੱਟੂ ਵਰਗੇ ਨਵੇਂ ਆਗੂ ਆ ਗਏ, ਜਿਨ੍ਹਾਂ ਨੂੰ ਪਾਰਟੀ ਨੇ ਪੁਰਾਣੇ ਆਗੂਆਂ ਦੇ ਸਿਰ 'ਤੇ ਲਿਆ ਕੇ ਬਿਠਾ ਦਿੱਤਾ। ਪੁਰਾਣੇ ਆਗੂਆਂ ਵੱਲੋਂ ਕੀਤੇ ਗਏ ਸੰਘਰਸ਼ ਦੀ ਸੁਆਹ ਕਰਕੇ ਰੱਖ ਦਿੱਤੀ। ਇਹ ਵੀ ਸੁਣਨ ਵਿਚ ਆ ਰਿਹਾ ਏ ਕਿ ਇਸ ਸਭ ਨੂੰ ਲੈ ਕੇ ਪਾਰਟੀ ਵਰਕਰਾਂ ਵਿਚਕਾਰ ਇਕ ਰੋਸ ਦੀ ਲਹਿਰ ਵੇਖਣ ਨੂੰ ਮਿਲ ਰਹੀ ਐ ਜੋ ਕਿਸੇ ਸਮੇਂ ਵੀ ਵੱਡੇ ਉਬਾਲ ਦਾ ਰੂਪ ਧਾਰਨ ਕਰ ਸਕਦੀ ਐ। ਇਸ ਤੋਂ ਇਲਾਵਾ ਭਾਜਪਾ ਵਿਚ ਪੁਰਾਣੇ ਵਰਕਰਾਂ ਨੂੰ ਅੱਗੇ ਲਿਆਉਣ ਦੀ ਥਾਂ ਹੁਣ ਸੇਵਾਮੁਕਤ ਅਫ਼ਸਰਾਂ ਦੀ ਵੀ ਭਰਮਾਰ ਲੱਗੀ ਹੋਈ ਐ, ਜਦਕਿ ਪੁਰਾਣੇ ਵਰਕਰ ਉਥੇ ਦੇ ਉਥੇ ਹਾਈਕਮਾਨ ਦਾ ਮੂੰਹ ਤਾਕ ਰਹੇ ਨੇ। ਮੌਜੂਦਾ ਸਮੇਂ ਪਾਰਟੀ ਵਿਚ ਵੱਡੀ ਗਿਣਤੀ ਵਿਚ ਸਾਬਕਾ ਆਈਏਐਸ ਅਤੇ ਆਈਐਫਐਸ ਸ਼ਾਮਲ ਹੋ ਚੁੱਕੇ ਨੇ, ਜਿਨ੍ਹਾਂ ਵਿਚ ਪਰਮਪਾਲ ਕੌਰ, ਜਗਮੋਹਨ ਸਿੰਘ ਰਾਜੂ, ਤਰਨਜੀਤ ਸਿੰਘ ਸੰਧੂ, ਹਰਦੀਪ ਸਿੰਘ ਪੁਰੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਇਸ ਕੈਟਾਗਿਰੀ ਵਿਚ ਸ਼ਾਮਲ ਨੇ। ਖ਼ੈਰ,,,, ਭਾਜਪਾ ਵੱਲੋਂ ਪੰਜਾਬ ਦੀ ਸੱਤਾ ਵਿਚ ਪੈਰ ਅੜਾਉਣ ਲਈ ਹੁਣ 'ਜੱਟ ਸਿੱਖ' ਦਾ ਪੱਤਾ ਖੇਡਣ ਦੀ ਤਿਆਰੀ ਕੀਤੀ ਜਾ ਰਹੀ ਐ, ਪਰ ਸਿਆਸੀ ਕਾਰਡ ਭਾਜਪਾ ਨੂੰ ਕਿੰਨਾ ਕੁ ਫਿੱਟ ਬੈਠੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਕੈਨੇਡਾ ਪੁਲੀਸ ਨੇ ਨਿੱਝਰ ਦੇ ਸਾਥੀ ਗੋਸਲ ਨੂੰ ਜਾਨ ਦੇ ਖ਼ਤਰੇ ਦੀ ਚਿਤਾਵਨੀ ਦਿੱਤੀ



ਚੰਡੀਗੜ੍ਹ : ਕੈਨੇਡੀਅਨ ਪੁਲੀਸ ਨੇ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਸਾਥੀ ਰਹੇ ਇੰਦਰਜੀਤ ਸਿੰਘ ਗੋਸਲ ਨੂੰ ਉਸ ਦੀ ਜਾਨ ਨੂੰ ਖ਼ਤਰੇ ਦੀ ਚਿਤਾਵਨੀ ਦਿੱਤੀ ਹੈ। ਗੋਸਲ ਨੂੰ ਇਸ ਹਫਤੇ 'ਡਿਊਟੀ ਟੂ ਵਾਰਨ' ਨੋਟਿਸ ਜਾਰੀ ਕੀਤਾ ਗਿਆ। ਗੋਸਲ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਝਰ ਦਾ ਸਹਿਯੋਗੀ ਸੀ, ਜਿਸ ਨੂੰ ਜੂਨ 2023 ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਨਿੱਝਰ ਦੀ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਤਲ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ਾਂ ਕਾਰਨ ਕੈਨੇਡਾ ਅਤੇ ਭਾਰਤ ਦਰਮਿਆਨ ਤਣਾਅ ਵਧ ਗਿਆ। ਪੁਲੀਸ ਨੇ ਇਸ ਤੋਂ ਬਾਅਦ ਚਾਰ ਵਿਅਕਤੀਆਂ 'ਤੇ ਹੱਤਿਆ ਦਾ ਦੋਸ਼ ਲਗਾਇਆ ਹੈ। ਭਾਰਤ ਨੇ ਗੋਲੀਬਾਰੀ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ।

# ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਅਹਿਮ ਬਣੇ ਅਮਰੀਕਾ ਦੇ ਸੱਤ ਸੂਬੇ





ਵਾਸ਼ਿੰਗਟਨ (ਪੰਜਾਬ ਸਟਾਰ) : ਅਮਰੀਕਾ 'ਚ ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਰਾਸ਼ਟਰਪਤੀ ਅਹੁਦੇ ਦੇ ਦੋਵਾਂ ਉਮੀਦਵਾਰਾਂ ਨੇ ਆਪਣੇ ਚੋਣ ਪ੍ਰਚਾਰ ਦੀ ਰਫ਼ਤਾਰ ਹੁਣ ਤੇਜ਼ ਕਰ ਦਿੱਤੀ ਹੈ। ਇਸ ਚੋਣ ਵਿਚ ਲਗਭਗ 24 ਕਰੋੜ ਦੇ ਕਰੀਬ ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ, ਅਮਰੀਕਾ ਦੇ 50 ਸੂਬੇ ਹਨ। ਪਰ ਇਸ ਚੋਣ ਵਿਚ 50 ਸੂਬਿਆ ਵਿਚੋਂ 7 ਸੂਬੇ ਅਹਿਮ ਹੋਣਗੇ। ਅਜਿਹਾ ਲੱਗਦਾ ਹੈ ਕਿ ਇਨ੍ਹਾਂ ਰਾਜਾਂ ਦੇ ਵੋਟਰ ਹੀ ਤੈਅ ਕਰਨਗੇ ਕਿ ਦੇਸ਼ ਦਾ ਅਗਲਾ ਰਾਸ਼ਟਰਪਤੀ ਕੌਣ ਹੋਵੇਗਾ, ਇਸ ਪਿਛੋਕੜ ਵਿਚ ਇਹ ਦੋਵੇਂ ਨੇਤਾ ਇਨ੍ਹਾਂ 7 ਸੂਬਿਆਂ ਵਿਚ ਨਿਰਪੱਖ ਰਹਿਣ ਵਾਲੇ ਵੋਟਰਾਂ ਦੇ ਮਨਾਂ ਨੂੰ ਚੁਰਾਉਣ 'ਤੇ ਕੇਂਦਰਿਤ ਹਨ। ਇਹ ਸੂਬੇ ਜਿਨ੍ਹਾਂ ਵਿਚ ਐਰੀਜ਼ੋਨਾ, ਜਾਰਜੀਆ, ਮਿਸ਼ੀਗਨ, ਨੇਵਾਡਾ, ਉੱਤਰੀ ਕੈਰੋਲੀਨਾ, ਪੈਨਸਿਲਵੇਨੀਆ ਅਤੇ ਵਿਸਕਾਨਸਿਨ ਸ਼ਾਮਿਲ ਹਨ। 2020 ਵਿਚ ਹੋਈਆਂ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਜਿੱਤ ਵਿਚ ਮੁੱਖ ਭੂਮਿਕਾ ਐਰੀਜ਼ੋਨਾ ਰਾਜ ਨੇ ਨਿਭਾਈ ਸੀ। ਇਹ ਰਾਜ ਰਿਪਬਲਿਕਨ ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਹੈ। ਪਰ ਪਿਛਲੀਆਂ ਚੋਣਾਂ ਵਿਚ ਇਸ ਸੂਬੇ ਦੇ ਬਹੁਗਿਣਤੀ ਵੋਟਰਾਂ ਨੇ ਡੈਮੋਕ੍ਰੇਟਿਕ ਪਾਰਟੀ ਨੂੰ ਵੋਟਾਂ ਪਾਈਆਂ ਸਨ। ਇਸ ਸੰਦਰਭ ਵਿਚ, ਐਰੀਜ਼ੋਨਾ ਰਾਜ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਮਹੱਤਵਪੂਰਨ ਹੋਵੇਗਾ।

ਜਾਰਜੀਆ ਵਿਚ ਵੱਡੀ ਗਿਣਤੀ ਵਿਚ ਅਫਰੀਕੀ ਅਮਰੀਕੀ ਨਾਗਰਿਕ ਰਹਿੰਦੇ ਹਨ। ਇਸ ਸੂਬੇ ਦੇ ਵੋਟਰਾਂ ਨੇ ਜੋਅ ਬਾਇਡਨ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਨਾਲ ਹੀ ਇੱਕ ਹੋਰ ਰਾਜ, ਮਿਸ਼ੀਗਨ ਨੇ ਵੀ ਪਿਛਲੀਆਂ ਚੋਣਾਂ ਵਿਚ ਰਾਸ਼ਟਰਪਤੀ ਦੀ ਚੋਣ ਵਿਚ ਮੁੱਖ ਭੂਮਿਕਾ ਨਿਭਾਈ ਸੀ।

ਇਸ ਰਾਜ ਵਿਚ ਅਰਬ ਅਮਰੀਕੀਆਂ ਦੀ ਬਹੁਗਿਣਤੀ ਹੈ। ਬਾਇਡਨ ਦੇ ਇਜ਼ਰਾਈਲ ਦੇ ਸਮਰਥਨ ਨੂੰ ਮਿਸ਼ੀਗਨ ਵਿਚ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਹੀਂ ਤਾਂ, ਬੇਰੁਜ਼ਗਾਰੀ ਅਤੇ ਆਰਥਿਕ ਵਿਕਾਸ ਨੇਵਾਡਾ ਰਾਜ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਹਨ। ਦੋਵਾਂ ਪਾਰਟੀਆਂ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਉਥੇ ਵੋਟਰਾਂ ਨਾਲ ਵਾਅਦਾ ਕਰ ਰਹੇ ਹਨ ਕਿ ਉਹ ਟੈਕਸ ਘਟਾਉਣਗੇ ਅਤੇ ਨਿਯਮਾਂ ਨੂੰ ਵੀ ਘਟਾਉਣਗੇ। ਡੋਨਾਲਡ ਟਰੰਪ 'ਤੇ ਹੱਤਿਆ ਦੀ ਕੋਸ਼ਿਸ਼ ਦਾ ਉੱਤਰੀ ਕੈਰੋਲੀਨਾ ਦੇ ਵੋਟਰਾਂ 'ਤੇ ਡੂੰਘਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਪੈਨਸਿਲਵੇਨੀਆ ਦੇ ਰਾਜ ਦੇ ਵੋਟਰ ਉੱਚ ਮਹਿੰਗਾਈ ਕਾਰਨ ਡੈਮੋਕ੍ਰੇਟਿਕ ਪਾਰਟੀ 'ਤੇ ਸਖਤ ਰੁਖ ਕਰ ਰਹੇ ਹਨ। ਫਿਰ ਵੀ, ਇਸ ਵਾਰ ਗ੍ਰੀਨ ਪਾਰਟੀ ਨੇ ਵਿਸਕਾਨਸਿਨ ਰਾਜ ਤੋਂ ਚੋਣ ਲੜੀ, ਜੋ 2016 ਅਤੇ 2020 ਦੀਆਂ ਚੋਣਾਂ ਵਿਚ ਅਹਿਮ ਹੈ। ਇਸ ਰਾਜ ਵਿਚ ਡੈਮੋਕ੍ਰੇਟਿਕ ਪਾਰਟੀ ਨੂੰ ਕੁਝ ਨੁਕਸਾਨ ਹੋਣ ਦਾ ਖਤਰਾ ਹੈ ਕਿਉਂਕਿ ਇੱਥੇ ਵੋਟਾਂ ਵੰਡੀਆਂ ਜਾ ਸਕਦੀ ਹਨ।

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/ Bakers
- Shippers/ Receivers

REQUIREMENTS:
The person should be fluent in english. Able to work long hours.
The person should be able to work full time with valid work permit or PR holders

APPLY NOW
Shift Available
Morning
Afternoon
Night

Send your resume
disptach.accesspersonnel@gmail.com
Contactg: 416-675-2288

BUYING OR SELLING
LET US HELP YOU!



INCOME GENERATING INVESTMENT PROPERTIES
Simrat Grewal
Sales Representative
416-414-2878
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Realtor ਲੱਭ ਰਹੇ ਹੋ?
Call SIMRAT GREWAL 416-414-2878
Call RAJINDER SAMRA 416-300-8383
WE CAN HELP YOU FIND YOUR DREAM HOME IN
WATERLOO REGION:
Cambridge, Kitchener, Waterloo & Guelph Area
PEEL REGION:
Mississauga, Brampton, Caledon
BLUE ROSE REALTY INC. BROKERAGE
905-208-1111

ਟਰੱਕ ਯਾਰਡ ਜਾਂ ਹੋਟਲ, ਮੋਟਲ, ਲੈਂਡ, ਜਾਂ ਪਲਾਜ਼ਾ ਖਰੀਦਣ ਵੇਚਣ ਲਈ ਸੰਪਰਕ ਕਰੋ
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸੀਅਲ ਤੇ ਕਮਰਸ਼ੀਅਲ ਪ੍ਰੋਪਰਟੀ ਖਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
HOMELIFE SILVERCITY REALTY INC., BROKERAGE
HIGHER STANDARDS



Contact for all your residential & commercial real estate services
www.baljindersekha.com
ਬਲਜਿੰਦਰ ਸਰਾ
Salesperson
416-509-6200

STUDENT VISA
Fulfill your dreams in
CANADA



* Study Permits
* Express Entry
* PNP * Spousal Category
* Fast Admission Process
* Top Ranking Colleges/Universities
* Min. Qualification Grade 12 (+2)
* Low service Charges
ਅਸੀਂ LMIA ਲੈਣ ਵਿੱਚ ਵੀ ਮਦਦ ਕਰਦੇ ਹਾਂ
ICC
CANADA IMMIGRATION SOLUTIONS INC.
iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA
Ripudaman Dhillon
Manu Datta
Ph:- 905-461-2424
#1137 Derry Road East, Mississauga, ON. L5T 1P3 Email:- info@iccimmigration.ca

# ਮੂਸੇਵਾਲਾ ਕਤਲ: ਗੈਂਗਸਟਰ ਟੀਨੂੰ ਦੇ ਫ਼ਰਾਰ ਹੋਣ ਦੇ ਮਾਮਲੇ 'ਚ ਦਸ ਖ਼ਿਲਾਫ਼ ਦੋਸ਼ ਆਇਦ



ਮਾਨਸਾ : ਮਾਨਸਾ ਪੁਲੀਸ ਦੀ ਅਪਰਾਧ ਜਾਂਚ ਏਜੰਸੀ (ਸੀਆਈਏ) ਦੀ ਹਿਰਾਸਤ ਵਿੱਚੋਂ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਦੇ ਮੁਲਜ਼ਮ ਗੈਂਗਸਟਰ ਦੀਪਕ ਉਰਫ ਟੀਨੂੰ ਦੇ ਫ਼ਰਾਰ ਹੋਣ ਦੇ ਕਰੀਬ ਦੋ ਸਾਲ ਬਾਅਦ ਜ਼ਿਲ੍ਹਾ ਅਦਾਲਤ ਨੇ ਤਤਕਾਲੀ ਸੀਆਈਏ ਇੰਚਾਰਜ ਪ੍ਰਿਤਪਾਲ ਸਿੰਘ ਸਣੇ 10 ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕੀਤੇ ਹਨ। ਇਨ੍ਹਾਂ ਵਿੱਚ ਪ੍ਰਿਤਪਾਲ ਸਿੰਘ ਸਣੇ ਦੀਪਕ ਟੀਨੂੰ, ਜਤਿੰਦਰ ਕੌਰ ਉਰਫ ਜੋਤੀ, ਕੁਲਦੀਪ ਸਿੰਘ ਕੋਹਲੀ, ਰਾਜਵੀਰ ਕਜਾਮਾ, ਰਜਿੰਦਰ ਸਿੰਘ ਉਰਫ ਗੋਰਾ, ਬਿੱਟੂ, ਸਰਬਜੋਤ ਸਿੰਘ, ਚਿਰਾਗ ਅਤੇ ਸੁਨੀਲ ਕੁਮਾਰ ਲੋਹੀਆ ਖ਼ਿਲਾਫ਼ ਦੋਸ਼ ਆਇਦ ਕੀਤੇ ਹਨ। ਅਦਾਲਤ ਨੇ ਮੁਲਜ਼ਮ ਦੀ ਰਿਹਾਈ ਦੀ ਅਰਜ਼ੀ ਵੀ ਖਾਰਜ ਕਰ ਦਿੱਤੀ ਹੈ। ਅਦਾਲਤ ਨੇ ਸਰਬਜੋਤ ਸਿੰਘ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਵੀ ਜਾਰੀ ਕੀਤੇ ਹਨ। ਅਦਾਲਤ ਨੇ ਦੋਸ਼ੀ ਕੋਹਲੀ ਵੱਲੋਂ ਡਿਸਚਾਰਜ ਦੀ ਮੰਗ ਸਬੰਧੀ ਦਾਇਰ ਅਰਜ਼ੀਆਂ ਨੂੰ ਵੀ ਖਾਰਜ ਕਰ ਦਿੱਤਾ। ਅਦਾਲਤ ਨੇ ਇਸਤਗਾਸਾ ਪੱਖ ਦੇ ਸਬੂਤਾਂ 'ਤੇ ਸੁਣਵਾਈ ਸ਼ੁਰੂ ਕਰਨ ਲਈ ਇਸ ਮਾਮਲੇ ਦੀ ਸੁਣਵਾਈ 5 ਸਤੰਬਰ ਲਈ ਤੈਅ ਕੀਤੀ ਹੈ। ਜੁਲਾਈ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪ੍ਰਿਤਪਾਲ ਦੀ ਜ਼ਮਾਨਤ ਅਰਜ਼ੀ ਖਾਰਜ ਕਰਦਿਆਂ ਹੇਠਲੀ ਅਦਾਲਤ ਨੂੰ ਛੇ ਮਹੀਨਿਆਂ ਵਿੱਚ ਕੇਸ ਦੀ ਸੁਣਵਾਈ ਮੁਕੰਮਲ ਕਰਨ ਦਾ ਹੁਕਮ ਦਿੱਤਾ ਸੀ। ਜ਼ਿਕਰਯੋਗ ਹੈ ਕਿ ਗੈਂਗਸਟਰ ਦੀਪਕ ਟੀਨੂੰ 1 ਅਕਤੂਬਰ ਨੂੰ ਮਾਨਸਾ ਪੁਲੀਸ ਦੀ ਅਪਰਾਧ ਜਾਂਚ ਏਜੰਸੀ (ਸੀਆਈਏ) ਦੀ ਹਿਰਾਸਤ ਤੋਂ ਫ਼ਰਾਰ ਹੋ ਗਿਆ ਸੀ। ਉਸ ਵੇਲੇ ਪੰਜਾਬ ਪੁਲੀਸ ਨੇ ਸੀਆਈਏ ਇੰਚਾਰਜ ਐੱਸਆਈ ਪ੍ਰਿਤਪਾਲ ਸਿੰਘ ਨੂੰ ਬਰਖਾਸਤ ਕਰ ਦਿੱਤਾ ਸੀ, ਜੋ ਗਾਇਕ ਦੇ ਕਤਲ ਕੇਸ ਦੀ ਜਾਂਚ ਕਰ ਰਹੀ ਐੱਸਆਈਟੀ ਦਾ ਵੀ ਮੈਂਬਰ ਸੀ। ਟੀਨੂੰ ਨੂੰ ਦਿੱਲੀ ਪੁਲੀਸ ਨੇ 19 ਅਕਤੂਬਰ ਨੂੰ ਰਾਜਸਥਾਨ ਦੇ ਅਜਮੇਰ ਤੋਂ ਹਥਿਆਰਾਂ ਸਣੇ ਗ੍ਰਿਫ਼ਤਾਰ ਕੀਤਾ ਸੀ। ਮਗਰੋਂ ਪੰਜਾਬ ਪੁਲੀਸ ਉਸ ਨੂੰ ਦਿੱਲੀ ਤੋਂ ਟਰਾਂਜ਼ਿਟ ਰਿਮਾਂਡ 'ਤੇ ਲੈ ਕੇ ਆਈ ਸੀ।

ਦਸੰਬਰ 2022 ਵਿੱਚ ਮਾਨਸਾ ਪੁਲੀਸ ਨੇ 10 ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ। ਚਾਰਜਸ਼ੀਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪ੍ਰਿਤਪਾਲ ਟੀਨੂੰ ਨੂੰ ਇੱਕ ਨਿੱਜੀ ਕਾਰ ਵਿੱਚ ਮਾਨਸਾ ਸ਼ਹਿਰ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੇ ਹਾਊਸਿੰਗ ਕੰਪਲੈਕਸ ਵਿੱਚ ਸਥਿਤ ਸਰਕਾਰੀ ਰਿਹਾਇਸ਼ ਤੱਕ ਲੈ ਗਿਆ ਸੀ। ਇਸ ਵਿਚ ਕਿਹਾ ਗਿਆ ਕਿ ਟੀਨੂੰ ਦੂਜੇ ਦੋਸ਼ੀਆਂ ਦੀ ਮਦਦ ਨਾਲ ਫ਼ਰਾਰ ਹੋ ਗਿਆ ਸੀ।

## ਪਰਲ ਗਰੁੱਪ ਦੇ ਨਿਵੇਸ਼ਕਾਂ ਲਈ ਵੱਡੀ ਖ਼ਬਰ

# ਨਿਰਮਲ ਭੰਗੂ ਦੀ ਧੀ ਮੋੜੇਗੀ ਨਿਵੇਸ਼ਕਾਂ ਦੇ ਪੈਸੇ, ਪੋਸਟ ਪਾ ਦਿੱਤੀ ਜਾਣਕਾਰੀ




PUBLIC NOTICE


ਚੰਡਗਿੜ੍ਹ (ਪੰਜਾਬ ਸਟਾਰ): ਪਰਲ ਗਰੁੱਪ ਕੰਪਨੀ ਦੇ ਨਿਵੇਸ਼ਕਾਂ ਲਈ ਵੱਡੀ ਖਬਰ ਸਾਹਮਣੇ ਆਈ ਹੈ। ਪਰਲ ਗਰੁੱਪ ਕੰਪਨੀ ਦੇ ਮਾਲਕ ਨਿਰਮਲ ਸਿੰਘ ਭੰਗੂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਧੀ ਬਰਿੰਦਰ ਕੌਰ ਭੰਗੂ ਨੇ ਵੱਡਾ ਐਲਾਨ ਕੀਤਾ ਹੈ। ਬਰਿੰਦਰ ਕੌਰ ਨੇ ਨੋਟਿਸ ਕੱਢ ਕੇ ਸੂਚਿਤ ਕੀਤਾ ਹੈ ਕਿ ਉਹ ਪਰਲਜ਼ ਗਰੁਪ ਦੇ ਹਰ ਨਿਵੇਸ਼ਕ ਨੂੰ ਪੈਸੇ ਵਾਪਸ ਕਰਨਗੇ। ਨੋਟਿਸ ਵਿਚ ਉਨ੍ਹਾਂ ਆਖਿਆ ਹੈ ਕਿ ਉਹ ਸਭ ਨੂੰ ਸੂਚਿਤ ਕਰਦੇ ਹਨ ਕਿ ਨਿਰਮਲ ਸਿੰਘ ਭੰਗੂ ਪਰਲਜ਼ ਗਰੁੱਪ ਦੇ ਹਰ ਨਿਵੇਸ਼ਕ ਦੇ ਪੈਸੇ ਵਾਪਸ ਕਰਨ ਦੇ ਇੱਕੋ-ਇਕ, ਅਟੱਲ ਸੁਫਨੇ ਪ੍ਰਤੀ ਪ੍ਰਤੀਬੱਧ ਸਨ। ਪੀ. ਏ. ਸੀ. ਐੱਲ ਲਿਮਟਿਡ ਅਤੇ ਪੀ. ਜੀ. ਐੱਫ. ਲਿਮਟਿਡ ਦੇ ਨਿਵੇਸ਼ਕਾਂ ਦਾ ਪੈਸਾ ਵਾਪਸ ਕਰਨ ਸੰਬੰਧੀ ਮਾਮਲਿਆਂ ਤੇ ਮਾਣਯੋਗ ਸੁਪਰੀਮ ਕੋਰਟ ਵਲੋਂ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਵਲੋਂ ਪੀ. ਏ. ਸੀ. ਐੱਲ. ਲਿਮਟਿਡ ਅਤੇ ਪੀ. ਜੀ. ਐੱਫ. ਲਿਮਟਿਡ ਦੇ ਨਿਵੇਸ਼ਕਾਂ ਨੂੰ ਪੈਸਾ ਵਾਪਸ ਕਰਨ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਇਸ ਲਈ ਬਕਾਇਦਾ ਦੋ ਕਮੇਟੀਆਂ (ਲੋਢਾ ਕਮੇਟੀ ਅਤੇ ਵਿਸ਼ੇਸ਼ ਕਮੇਟੀ) ਦਾ ਵੀ ਗਠਨ ਕੀਤਾ ਹੈ।

ਪਰਲਜ਼ ਗਰੁਪ ਪਰਿਵਾਰ ਵਲੋਂ ਅਤੇ ਆਪਣੇ ਪਿਤਾ ਦੇ ਮਾਣ ਸਤਿਕਾਰ ਵਿਚ ਮੈਂ ਤੁਹਾਨੂੰ ਸਭ ਨੂੰ ਯਕੀਨ ਦਿਵਾਉਂਦੀ ਹਾਂ ਕਿ ਮੈਂ ਪਰਲਜ਼ ਗਰੁਪ ਦੇ ਹਰ ਨਿਵੇਸ਼ਕ ਨੂੰ ਪੈਸੇ ਵਾਪਸ ਕਰਨ ਸੰਬੰਧੀ ਨਿਆਇਕ ਅਤੇ ਅਰਧ ਨਿਆਇਕ ਅਥਾਰਟੀਜ਼ ਨੂੰ ਆਪਣਾ ਪੂਰਾ ਸਹਿਯੋਗ ਅਤੇ ਮੁਕੰਮਲ ਸਮਰਥਨ ਦੇਵਾਂਗੀ। ਮੈਂ ਓਨੀ ਦੇਰ ਤਕ ਚੈਨ ਨਾਲ ਨਹੀਂ ਬੈਠਾਂਗੀ ਜਿੰਨੀ ਦੇਰ ਤਕ ਮੇਰੇ ਪਿਤਾ ਜੀ ਦਾ ਸੁਫਨਾ ਜਿਸ ਸੁਫਨੇ ਲਈ ਉਹ ਜਿਉਂਦੇ ਸਨ ਅਤੇ ਜਿਸ ਲਈ ਪ੍ਰਾਣ ਤਿਆਗੇ ਸਾਕਾਰ ਨਹੀਂ ਹੋ ਜਾਂਦਾ। ਪੀ. ਏ. ਸੀ. ਐੱਲ. ਲਿਮਟਿਡ ਅਤੇ ਪੀ. ਜੀ. ਐੱਫ. ਲਿਮਟਿਡ ਦੇ ਹਰ ਨਿਵੇਸ਼ਕ ਨੂੰ ਉਹ ਯਕੀਨ ਦਿਵਾਉਂਦੀ ਹੈ ਕਿ ਸਾਰਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਉਹ ਓਨੀ ਦੇਰ ਤਕ ਇਸ ਕੰਮ ਵਿਚ ਲੱਗੀ ਰਹੇਗੀ ਜਦੋਂ ਤਕ ਸਭ ਦੇ ਪੈਸੇ ਵਾਪਸ ਨਹੀਂ ਹੋ ਜਾਂਦੇ।

ਦੱਸ ਦਈਏ ਕਿ ਰੋਪੜ ਨੇੜੇ ਚਮਕੌਰ ਸਾਹਿਬ ਦੇ ਪਿੰਡ ਅਟਾਰੀ ਦਾ ਨਿਰਮਲ ਭੰਗੂ, ਜਿਸ ਨੇ ਇਕ ਦੋਧੀ ਵਜੋਂ ਕੰਮ ਸ਼ੁਰੂ ਕਰਕੇ 1.83 ਲੱਖ ਕਰੋੜ ਰੁਪਏ ਦੀ ਟਰਨਓਵਰ ਵਾਲੀ ਪਰਲਜ਼ ਗਰੁੱਪ ਆਫ਼ ਕੰਪਨੀਜ਼ ਦਾ ਸਾਮਰਾਜ ਚਲਾਇਆ। ਭੰਗੂ ਦੀਆਂ ਚਿੱਟ ਫੰਡ ਸਕੀਮਾਂ ਜ਼ਰੀਏ 5.5 ਕਰੋੜ ਤੋਂ ਵੱਧ ਨਿਵੇਸ਼ਕਾਰਾਂ ਤੋਂ ਕਰੀਬ 45,000 ਕਰੋੜ ਰੁਪਏ (ਨਿਵੇਸ਼ਕਾਂ ਮੁਤਾਬਕ 60,000 ਕਰੋੜ) ਦੀ ਠੱਗੀ ਮਾਰੀ ਗਈ। ਹੁਣ ਤੱਕ 21 ਲੱਖ ਨਿਵੇਸ਼ਕਾਂ ਨੂੰ ਉਨ੍ਹਾਂ ਦੀ ਰਾਸ਼ੀ ਵਾਪਸ ਮਿਲ ਚੁੱਕੀ ਹੈ।

ਪਰਲਜ਼ ਗਰੁੱਪ ਦੀਆਂ ਜ਼ਾਮ ਕੀਤੀਆਂ ਜਾਇਦਾਦਾਂ ਵੇਚ ਕੇ ਨਿਵੇਸ਼ਕਾਂ ਨੂੰ ਉਨ੍ਹਾਂ ਦਾ ਪੈਸਾ ਮੋੜਨ ਲਈ 2015 ਵਿਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਸਟਿਸ ਲੋਧਾ ਕਮੇਟੀ ਬਣਾਈ ਗਈ ਸੀ। ਸਾਲ 2011 ਵਿਚ ਉਸ ਦੇ ਪੁੱਤ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਸ ਦੀਆਂ ਦੋ ਧੀਆਂ ਹਨ, ਜੋ ਆਸਟਰੇਲੀਆ ਰਹਿੰਦੀਆਂ ਹਨ। ਭੰਗੂ 2016 ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਸੀ ਤੇ ਸਿਹਤ ਵਿਗੜਨ ਮਗਰੋਂ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਭੰਗੂ ਦੀ ਪਤਨੀ ਪ੍ਰੇਮ ਕੌਰ ਵੀ ਜੇਲ੍ਹ ਵਿਚ ਹੈ। ਦਿੱਲੀ ਦੇ ਇਕ ਹਸਪਤਾਲ ਵਿਚ ਮੌਤ ਹੋ ਗਈ।

# ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਹੋਈ ਮੌਤ

## 2 ਸਾਲ ਪਹਿਲਾਂ ਹੀ ਆਇਆ ਸੀ ਕੈਨੇਡਾ



ਪੰਜਾਬ ਤੋਂ ਕਈ ਨੌਜਵਾਨ ਆਪਣੇ ਪਰਿਵਾਰ ਦੇ ਚੰਗੇ ਭਵਿੱਖ ਨੂੰ ਦੇਖਦੇ ਹੋਏ ਵਿਦੇਸ਼ਾਂ ਦੀ ਉਡਾਨ ਭਰਦੇ ਹਨ। ਉੱਥੇ ਜਾ ਕੇ ਪਹਿਲਾਂ ਪੜ੍ਹਾਈ ਕਰਦੇ ਹਨ ਅਤੇ ਪੜ੍ਹਾਈ ਤੋਂ ਬਾਅਦ ਉਹਨਾਂ ਨੂੰ ਰੁਜ਼ਗਾਰ ਵੀ ਮਿਲ ਜਾਂਦਾ ਪਰ ਕਈ ਵਾਰ ਵਿਦੇਸ਼ਾਂ 'ਚ ਨੌਜਵਾਨਾਂ ਨਾਲ ਅਜਿਹਾ ਭਾਣਾ ਵਾਪਰ ਜਾਂਦਾ ਹੈ, ਜਿਸ ਦੀ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਅਜਿਹੀ ਹੀ ਇੱਕ ਮੰਦਭਾਗੀ ਖਬਰ ਕੈਨੇਡਾ ਤੋਂ ਸਾਹਮਣੇ ਆਈ ਹੈ, ਜਿੱਥੇ ਇੱਕ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ ਹੋ ਗਈ। ਸਮਾਣਾ ਦੇ ਪਿੰਡ ਕਾਨਗੜ੍ਹ ਦਾ ਨੌਜਵਾਨ ਕਨਵਰਪਾਲ ਸਿੰਘ 25 ਅਗਸਤ 2022 ਨੂੰ ਸਟੱਡੀ ਵੀਜ਼ਾ ਤੇ ਕੈਨੇਡਾ ਆਇਆ ਸੀ। ਉਸਦੀ ਪੜ੍ਹਾਈ ਉੱਥੇ ਪੂਰੀ ਹੋ ਗਈ ਅਤੇ ਉਸਨੂੰ ਡਿਗਰੀ ਮਿਲ ਗਈ। ਉਹ ਚਾਰ ਮਹੀਨੇ ਤੋਂ ਵਰਕ ਪਰਮਿਟ ਤੇ ਕੰਮ ਕਰ ਰਿਹਾ ਸੀ। ਦੋ ਦਿਨ ਪਹਿਲਾਂ ਜਦੋਂ ਕਨਵਰਪਾਲ ਸਿੰਘ ਆਪਣੀ ਕਾਰ ਰਾਹੀਂ ਆਪਣੇ ਕੰਮ ਤੇ ਜਾ ਰਿਹਾ ਸੀ ਤਾਂ ਸਾਹਮਣੇ ਤੇ ਆ ਰਹੇ ਇੱਕ ਟਰਾਲੇ ਨੇ ਉਸਨੂੰ ਟੱਕਰ ਮਾਰ ਦਿੱਤੀ, ਜਿਸ ਵਿੱਚ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਪਰ ਬੀਤੀ ਸ਼ਾਮ ਉਸ ਦੀ ਉੱਥੇ ਮੌਤ ਹੋ ਗਈ ਹੈ। ਨੌਜਵਾਨ ਪੁੱਤਰ ਦੇ ਮੌਤ ਦੀ ਸੂਚਨਾ ਮਿਲਣ ਤੋਂ ਬਾਅਦ ਪਰਿਵਾਰ ਵਿੱਚ ਮਾਤਮ ਦਾ ਮਾਹੌਲ ਹੈ। ਪਿਤਾ ਗੁਰਜੀਤ ਸਿੰਘ ਅਤੇ ਮਾਤਾ ਜਸਵੀਰ ਕੌਰ ਨੇ ਚਾਵਾਂ ਨਾਲ ਆਪਣੇ ਪੁੱਤਰ ਨੂੰ ਕੈਨੇਡਾ ਭੇਜਿਆ ਸੀ ਪਰ ਉਹਨਾਂ ਨੂੰ ਪਤਾ ਨਹੀਂ ਸੀ ਕਿ ਕੈਨੇਡਾ ਤੋਂ ਉਹਨਾਂ ਦਾ ਬੱਚਾ ਵਾਪਸ ਨਹੀਂ ਆਵੇਗਾ।

ਪਿਤਾ ਗੁਰਜੀਤ ਸਿੰਘ ਨੇ ਦੱਸਿਆ ਕਿ ਉਹ ਖੁਦ ਪੀਆਰਟੀਸੀ ਦੇ ਵਿੱਚ ਡ੍ਰਾਈਵਰੀ ਦੀ ਨੌਕਰੀ ਕਰਦਾ ਹੈ। ਉਸ ਕੋਲ ਥੋੜੀ ਜਿਹੀ ਜ਼ਮੀਨ ਹੈ ਪਰ ਇਸ ਮੰਦਭਾਗੀ ਸੂਚਨਾ ਨਾਲ ਉਸਦੇ ਉੱਤੇ ਜੋ ਦੁੱਖਾਂ ਦਾ ਪਹਾੜ ਟੁੱਟਿਆ ਉਸਦੀ ਅੱਖਾਂ ਦੇ ਵਿੱਚ ਹੰਜੂ ਰੁਕਣ ਦਾ ਨਾਮ ਨਹੀਂ ਲੈ ਰਹੇ। ਮਾਂ ਦਾ ਵੀ ਰੋ ਰੋ ਕੇ ਬੁਰਾ ਹਾਲ ਹੈ। ਪਰਿਵਾਰ ਨੇ ਨੌਜਵਾਨ ਪੁੱਤਰ ਦੀ ਮ੍ਰਿਤਕ ਦੇਹ ਨੂੰ ਜਲਦੀ ਭਾਰਤ ਲਿਆਉਣ ਲਈ ਸਰਕਾਰ ਤੋਂ ਮੰਗ ਕੀਤੀ ਹੈ।

# ਟੋਰਾਂਟੋ ਵਿਖੇ 21ਵਾਂ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ



ਟੋਰਾਂਟੋ (ਬਲਜਿੰਦਰ ਸੇਖਾ): ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੋਸਾਇਟੀ ਵਲੋਂ 21ਵਾਂ ਅੰਤਰ-ਰਾਸ਼ਟਰੀ ਸੈਮੀਨਾਰ ਅਕਾਲ ਮੌਰਗੇਜ਼ਜ਼ ਦੇ ਕਾਰਪੋਰੇਟ ਦਫ਼ਤਰ ਮਿਸੀਸ਼ਾਗਾ ਵਿਖੇ ਕਰਵਾਇਆ ਗਿਆ। ਸੈਮੀਨਾਰ ਦੀ ਅਰੰਭਤਾ ਡਾ. ਕੁਲਜੀਤ ਸਿੰਘ ਜੰਜੂਆ ਚੇਅਰਮੈਨ ਨੇ ਜੀ ਆਇਆਂ ਕਹਿੰਦਿਆਂ ਸੋਸਾਇਟੀ ਵਲੋਂ ਸਾਲ 2010 ਤੋਂ ਅਕਾਦਮਿਕ ਖੇਤਰ ਵਿਚ ਕੀਤੇ ਕਾਰਜਾਂ 'ਤੇ ਚਾਨਣਾ ਪਾਇਆ। ਡਾ. ਦਵਿੰਦਰ ਪਾਲ ਸਿੰਘ (ਕੈਨੇਡਾ) ਨੇ ਬਾਬਾ ਨਿਧਾਨ ਸਿੰਘ ਜੀ ਦੇ ਯੋਗਦਾਨ ਬਾਰੇ ਬਾਰੀਕੀ ਨਾਲ ਚਾਨਣਾ ਪਾਇਆ ਅਤੇ ਦੱਸਿਆ ਕਿ ਬਾਬਾ ਜੀ ਨੇ ਸੇਵਾ-ਸਿਮਰਨ ਅਤੇ ਲੰਗਰਾਂ ਵਿਚ ਮਿਆਰੀ ਯੋਗਦਾਨ ਪਾਇਆ ਜਿਸ ਦਾ ਅਸਰ ਸਿੱਖੀ ਪ੍ਰਚਾਰ-ਪਸਾਰਾਂ 'ਤੇ ਗਹਿਰਾ ਅਸਰ ਹੋਇਆ ਅਤੇ ਨੋਜਵਾਨਾ ਲਈ ਪ੍ਰੇਰਨਾ ਸਰੋਤ ਬਣਿਆ। ਉਹਨਾਂ ਦੱਸਿਆ ਕਿ ਬਾਬਾ ਨਿਧਾਨ ਸਿੰਘ ਜੀ ਵਲੋਂ ਗੁਰੂ ਸਾਹਿਬ ਦੇ ਆਸ਼ੀਰਵਾਦ ਨੂੰ ਅੱਜ ਵੀ ਹਜ਼ੂਰ ਸਾਹਿਬ ਵਿਖੇ ਪ੍ਰਤੱਖ ਦੇਖਿਆ ਸਕਦਾ ਹੈ। ਡਾ. ਪਰਮਜੀਤ ਸਿੰਘ ਸਰੋਆ ਨੇ ਬੋਲਦਿਆਂ ਕਿਹਾ ਕਿ ਬਾਬਾ ਨਿਧਾਨ ਸਿੰਘ ਜੀ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਪ੍ਰਚਾਰ-ਪਸਾਰ ਵਿਚ ਬਿਖੜੇ ਸਮੇਂ ਵਿਚ ਮਿਸਾਲੀ ਯੋਗਦਾਨ ਪਾਇਆ। ਉਹਨਾਂ ਕਿਹਾ ਕਿ ਸੇਵਾ ਦੀ ਭਾਸ਼ਾ ਦਾ ਪ੍ਰਭਾਵ ਸਮੁੱਚਾ ਪ੍ਰਭਾਵ ਕਬੂਲਦਾ ਹੈ ਅਤੇ ਤਨ, ਮਨ, ਧਨ ਅਤੇ ਪਰਉਪਕਾਰੀ ਸੁਭਾਅ ਨਾਲ ਕੀਤੀ ਸੇਵਾ ਅਸਰ ਕਰਦੀ ਹੈ। ਇਸ ਮੌਕੇ ਹਰਪਾਲ ਸਿੰਘ ਜੱਲ੍ਹਾ ਅਤੇ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਡਿਪਟੀ ਰਜਿਸਟਰਾਰ ਜਗਜੀਤ ਸਿੰਘ ਬਹਾਦਰਗੜ੍ਹ ਨੇ ਵੀ ਸੰਬੋਧਨ ਕੀਤਾ ਅਤੇ ਸ਼੍ਰੋਮਣੀ ਕਮੇਟੀ ਵਲੋਂ ਵਿਦਅਕ ਖੇਤਰ ਵਿਚ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਸਟੇਜ ਸਕੱਤਰ ਦੀ ਸੇਵਾ ਮੇਜਰ ਸਿੰਘ ਨਾਗਰਾ ਨੇ ਬਾਖ਼ੂਬੀ ਨਿਭਾਈ। ਡਾ. ਪਰਮਜੀਤ ਸਿੰਘ ਸਰੋਆ ਵਲੋਂ ਲਿਖਤ ਪੁਸਤਕ ਸੰਤ ਖ਼ਾਲਸਾ ਬਾਬਾ ਜਸਬੀਰ ਸਿੰਘ ਕਾਲਾਮੱਲ੍ਹਾ ਡਾ. ਕੁਲਜੀਤ ਸਿੰਘ ਜੰਜੂਆ ਨੂੰ ਭੇਂਟ ਕੀਤੀ ਗਈ। ਸੈਮੀਨਾਰ ਦੀ ਸਫ਼ਲਤਾ ਲਈ ਗਲੋਬਲ ਪੰਜਾਬੀ ਸੱਥ, ਨਕਸ਼ ਪੰਜਾਬੀ ਮੈਗਜ਼ੀਨ ਅਤੇ ਕੈਨੇਡੀਅਨ ਇੰਟਰਨੈਸ਼ਨਲ ਜਰਨਲਿਜਮ ਅਤੇ ਲਿਟੇਰੇਰੀ ਅਕੈਡਮੀ ਨੇ ਭਰਪੂਰ ਯੋਗਦਾਨ ਪਾਇਆ। ਇਸ ਮੌਕੇ ਮਹਿੰਦਰ ਪਾਲ ਸਿੰਘ, ਸੁਖਵਿੰਦਰ ਸਿੰਘ ਜੰਜੂਆ, ਗੁਰਦੀਪ ਕੌਰ, ਦਵਿੰਦਰ ਸਿੰਘ ਪਵਾਰ, ਮਨਵੀਰ ਸਿੰਘ, ਪਰਮਜੀਤ ਸਿੰਘ ਭਾਟੀਆ, ਅਮਨਦੀਪ ਸਿੰਘ, ਪਵਨਦੀਪ ਸਿੰਘ ਕੰਗ, ਸੰਜੀਵ ਸਿੰਘ ਭੱਟੀ, ਬਲਜਿੰਦਰ ਸਿੰਘ ਸੇਖਾ, ਪਰਮਿੰਦਰ ਸਿੰਘ ਭੱਟੀ, ਪ੍ਰਿੰਸ ਰੰਧਾਵਾ, ਅਮਰਿੰਦਰ ਸਿੰਘ ਜੰਜੂਆ, ਦਮਨਦੀਪ ਸਿੰਘ, ਮੁਸਕਾਨ ਅਰੋੜਾ, ਅਨਵਰ ਉਰ-ਇਸਲਾਮ, ਜਸਬੀਰ ਸਿੰਘ ਬੋਪਾਰਾਏ, ਪਰਿਵਾਰ ਸਮੇਤ ਸ਼ਾਮਿਲ ਹੋਏ। ਸਾਰਾਗੜੀ ਦੇ ਸ਼ਹੀਦ ਹੌਲਦਾਰ ਈਸ਼ਰ ਸਿੰਘ ਦੇ ਪਰਿਵਾਰ ਦੀ ਪੰਜਵੀਂ ਪੀੜੀ ਵਿਚੋਂ ਮਨਦੀਪ ਕੌਰ ਗਿੱਲ ਵੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

## ਇੰਗਲੈਂਡ ਕ੍ਰਿਕਟ ਟੀਮ ਨੂੰ ਵੱਡਾ ਝਟਕਾ!

# ਇਸ ਧਾਕੜ ਬੱਲੇਬਾਜ਼ ਨੇ ਕੀਤਾ ਸੰਨਿਆਸ ਦਾ ਐਲਾਨ



ਇੰਗਲੈਂਡ ਕ੍ਰਿਕਟ ਟੀਮ ਦੇ ਸਟਾਰ ਬੱਲੇਬਾਜ਼ ਡੇਵਿਡ ਮਲਾਨ ਨੇ ਇੰਟਰਨੈਸ਼ਨਲ ਕ੍ਰਿਕਟ ਤੋਂ ਸੰਨਿਆਸ ਲੈ ਲਿਆ ਹੈ। 37 ਸਾਲ ਦੇ ਮਲਾਨ ਜੋਸ ਬਟਲਰ ਦੇ ਇਲਾਵਾ ਇੰਗਲੈਂਡ ਇਕਲੌਤੇ ਅਜਿਹੇ ਖਿਡਾਰੀ ਰਹੇ ਜਿਨ੍ਹਾਂ ਨੇ ਤਿੰਨੋਂ ਫਾਰਮੈਂਟਾਂ ਵਿੱਚ ਸੈਂਕੜਾ ਲਗਾਇਆ ਹੈ। ਮਲਾਨ ਟੀ-20 ਰੈਂਕਿੰਗ ਵਿੱਚ ਨੰਬਰ-1 ਰਹਿ ਚੁੱਕੇ ਹਨ। ਮਲਾਨ ਸਾਲ 2023 ਵਿੱਚ ਹੋਏ ਵਨਡੇ ਵਿਸ਼ਵ ਕੱਪ ਦੇ ਬਾਅਦ ਇੰਗਲੈਂਡ ਦੀ ਟੀਮ ਤੋਂ ਬਾਹਰ ਚੱਲ ਰਹੇ ਸਨ। ਆਸਟ੍ਰੇਲੀਆ ਦੇ ਖਿਲਾਫ਼ ਹੋਣ ਵਾਲੀ ਸੀਰੀਜ਼ ਵਿੱਚ ਵੀ ਉਹ ਟੀਮ ਦਾ ਹਿੱਸਾ ਨਹੀਂ ਬਣੇ। ਇਸੇ ਕਾਰਨ ਉਨ੍ਹਾਂ ਨੇ ਸੰਨਿਆਸ ਲੈਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਤਿੰਨੋਂ ਫਾਰਮੈਟ ਨੂੰ ਬਹੁਤ ਗੰਭੀਰਤਾ ਨਾਲ ਲਿਆ, ਪਰ ਟੈਸਟ ਕ੍ਰਿਕਟ ਦੀ ਇੰਟੇਂਸਿਟੀ ਅਲੱਗ ਹੈ- ਪੰਜ ਦਿਨ। ਇਸ ਤੋਂ ਇਲਾਵਾ ਇਸ ਤੋਂ ਪਹਿਲਾਂ ਦਾ ਮਾਹੌਲ। ਮੈਂ ਟ੍ਰੇਨਿੰਗ ਕਰਦਾ ਹਾਂ। ਮੈਨੂੰ ਗੇਂਦਾਂ ਖੇਡਣ ਦਾ ਸ਼ੌਂਕ ਹੈ। ਮੈਂ ਕਾਫ਼ੀ ਮਿਹਨਤ ਕਰਦਾ ਹਾਂ। ਮੈਂ ਕਾਫ਼ੀ ਟ੍ਰੇਨਿੰਗ ਕਰਦਾ ਸੀ ਤੇ ਫਿਰ ਦਿਨ ਕਾਫ਼ੀ ਲੰਬੇ ਹੁੰਦੇ ਸਨ। ਤੁਸੀਂ ਸਵਿੱਚ ਆਫ਼ ਨਹੀਂ ਹੋ ਸਕਦੇ।

# "ਮੈਂ ਖ਼ੁਦ ਕਿਸਾਨ ਹਾਂ, ਮੇਰਾ ਪਰਿਵਾਰ ਵੀ ਕਿਸਾਨ ਹੈ...."

## ਕਿਸਾਨਾਂ ਬਾਰੇ ਦਿੱਤੇ ਵਿਵਾਦਿਤ ਬਿਆਨ 'ਤੇ ਬੋਲੀ ਕੰਗਨਾ ਰਣੌਤ



ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਅਕਸਰ ਬਾਲੀਵੁੱਡ ਦੇ ਖਿਲਾਫ ਕੁਝ ਨਾ ਕੁਝ ਬੋਲਦੀ ਨਜ਼ਰ ਆਉਂਦੀ ਹੈ। ਇਸ ਵਾਰ ਉਨ੍ਹਾਂ ਨੇ ਬਾਲੀਵੁੱਡ ਨੂੰ 'ਹੋਪਲੇਸ' ਜਗ੍ਹਾ ਦੱਸਿਆ ਹੈ। ਇਕ ਨਿੱਜੀ ਚੈਨਲ ਨੂੰ ਇੰਟਰਵਿਊ ਉੱਤੇ ਗੱਲ ਕਰਦੇ ਹੋਏ ਕੰਗਨਾ ਨੇ ਮਲਿਆਲਮ ਫਿਲਮ ਇੰਡਸਟਰੀ 'ਚ ਸੈਕਸੂਅਲ ਹਰਾਸਮੈਂਟ 'ਤੇ ਆਈ ਰਿਪੋਰਟ 'ਤੇ ਗੱਲ ਕੀਤੀ ਅਤੇ ਕਿਹਾ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ ਅਤੇ 6 ਸਾਲਾਂ ਤੋਂ ਲੁਕੀ ਹੋਈ ਹੈ। ਕੰਗਨਾ ਨੇ ਦਾਅਵਾ ਕੀਤਾ ਕਿ ਉਹ ਸ਼ੁਰੂ ਤੋਂ ਹੀ ਇਨ੍ਹਾਂ ਮੁੱਦਿਆਂ 'ਤੇ ਗੱਲ ਕਰਦੀ ਰਹੀ ਹੈ। ਇਸ ਕਾਰਨ ਬਾਲੀਵੁੱਡ 'ਚ ਹਰ ਕੋਈ ਉਸ ਦਾ ਦੁਸ਼ਮਣ ਬਣ ਗਿਆ ਹੈ।

ਕੰਗਨਾ ਰਣੌਤ ਨੇ ਇਕ ਨਿੱਜੀ ਚੈਨਲ ਨੂੰ ਇੰਟਰਵਿਊ ਵਿੱਚ ਕਿਹਾ ਹੈ ਕਿ ਮੈਂ ਖ਼ੁਦ ਕਿਸਾਨ ਹਾਂ, ਮੇਰਾ ਪ੍ਰਵਾਰ ਵੀ ਕਿਸਾਨ ਹੈ ਪਰ ਜਦੋਂ ਮੇਰੇ 'ਤੇ ਹਮਲੇ ਹੁੰਦੇ ਤਾਂ ਸਾਰੇ ਖੁਸ਼ੀ ਮਨਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਮੇਰੇ 'ਤੇ ਏਅਰਪੋਰਟ 'ਤੇ ਹਮਲਾ ਹੋਇਆ ਤਾਂ ਉਸ ਨੂੰ ਸੈਲੀਬ੍ਰੇਟ ਕੀਤਾ ਗਿਆ। ਮੈਂ ਔਰਤਾਂ ਲਈ ਹਮੇਸ਼ਾਂ ਲੜਦੀ ਹਾਂ ਪਰ ਉਹੀ ਔਰਤਾਂ ਮੇਰਾ ਬਾਈਕਾਟ ਕਰਦੀਆਂ ਹਨ। ਕੀ ਮੈਂ ਇਕ ਔਰਤ ਨਹੀਂ ਹਾਂ?

ਕੰਗਨਾ ਨੇ ਕਿਹਾ- ਬਾਲੀਵੁੱਡ ਇੱਕ 'ਉਮੀਦਹੀਣ' ਜਗ੍ਹਾ ਹੈ, ਉਹ 6 ਸਾਲਾਂ ਤੋਂ ਇਸ ਨੂੰ ਲੁਕਾ ਰਹੇ ਸਨ। 6 ਸਾਲਾਂ ਤੋਂ ਇਸ 'ਤੇ ਬੈਠਾ ਰਿਹਾ। ਫਿਲਮ ਇੰਡਸਟਰੀ ਬਾਰੇ ਮੇਰੇ ਕੋਲ ਕਹਿਣ ਲਈ ਕੁਝ ਨਹੀਂ ਹੈ। ਦੀ ਫਿਲਮ ਨਹੀਂ ਕਰਦਾ। ਜੇਕਰ 'ਮੇਰੀ ਐਮਰਜੈਂਸੀ' ਵਰਗੀ ਫਿਲਮ ਚੰਗੀ ਚੱਲਦੀ ਹੈ ਤਾਂ ਉਹ ਇਸ ਨੂੰ ਲੁਕਾਉਣਗੇ। ਇਹ ਕਿਤੇ ਨਜ਼ਰ ਨਹੀਂ ਆਉਣਗੇ। ਇਹ ਬਹੁਤ ਨਿਰਾਸ਼ਾਜਨਕ ਜਗ੍ਹਾ ਹੈ। ਮੈਂ ਸਭ ਕੁਝ ਦਿੱਤਾ ਜੋ ਮੇਰੇ ਕੋਲ ਸੀ। ਮੇਰੇ ਖਿਲਾਫ ਦੋ ਕੇਸ ਦਰਜ ਹਨ। ਮੈਂ #MeToo ਅੰਦੋਲਨ ਸ਼ੁਰੂ ਕੀਤਾ, ਜੋ ਕਿ ਕਿਤੇ ਨਹੀਂ ਗਿਆ। ਮੈਂ ਸਮਾਨੰਤਰ ਨਾਰੀਵਾਦੀ ਸਿਨੇਮਾ ਸ਼ੁਰੂ ਕੀਤਾ ਸੀ, ਪਰ ਉਨ੍ਹਾਂ ਔਰਤਾਂ ਨੇ ਮੇਰੇ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। "ਜਦੋਂ ਮੇਰੀ ਫਿਲਮ ਨਹੀਂ ਚੱਲਦੀ, ਤਾਂ ਔਰਤਾਂ ਜਸ਼ਨ ਮਨਾਉਂਦੀਆਂ ਹਨ। ਮੈਂ ਬਰਾਬਰ ਫੀਸ ਲੈਣ ਲਈ ਲੜਿਆ, ਮੇਰੇ ਕਾਰਨ ਉਨ੍ਹਾਂ ਨੂੰ ਫਿਲਮਾਂ ਮਿਲਣ ਲੱਗੀਆਂ, ਪਰ ਉਹ ਮੇਰੀ ਅਸਫਲਤਾ ਤੋਂ ਖੁਸ਼ ਹਨ। ਮੈਂ ਕੋਈ ਖਾਨ, ਕੁਮਾਰ ਜਾਂ ਕਪੂਰ ਦੀ ਫਿਲਮ ਨਹੀਂ ਕਰਦਾ। ਜੇਕਰ 'ਮੇਰੀ ਐਮਰਜੈਂਸੀ' ਵਰਗੀ ਫਿਲਮ ਚੰਗੀ ਚੱਲਦੀ ਹੈ ਤਾਂ ਉਹ ਇਸ ਨੂੰ ਲੁਕਾਉਣਗੇ। ਇਹ ਕਿਤੇ ਨਜ਼ਰ ਨਹੀਂ ਆਉਣਗੇ।



# ਬਲੈਕ ਓਕ ਸੀਨੀਅਰ ਕਲੱਬ (ਰਜਿ:) ਵੱਲੋਂ ਮਨਾਇਆ ਭਾਰਤ ਦਾ 78ਵਾਂ ਅਜ਼ਾਦੀ ਦਿਹਾੜਾ



ਬਰੈਂਪਟਨ : ਬਲੈਕ ਓਕ ਸੀਨੀਅਰ ਕਲੱਬ, ਬਰੈਪਟਨ ਵਲੋਂ 20 ਅਗਸਤ ਨੂੰ ਸ਼ਾਮ 5.00 ਵਜ਼ੇ ਤੋਂ 7.00 ਵਜ਼ੇ ਤੱਕ ਕਲੱਬ ਦੇ ਪ੍ਰਧਾਨ ਸ਼੍ਰੀ ਆਤਮਾ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਭਾਰਤ ਦਾ 78ਵਾਂ ਅਜ਼ਾਦੀ ਦਿਹਾੜਾ ਮਨਾਇਆ ਗਿਆ। ਇਸ ਸਮਾਰੋਹ ਵਿਚ ਕਲੱਬ ਦੇ ਵੱਖ-ਵੱਖ ਅਹੁਦਿਆਂ ਤੇ ਬਿਰਾਜ਼ਮਾਨ ਅਹੁਦੇਦਾਰਾਂ, ਕਲੱਬ ਦੇ ਰਜਿਸਟਰਡ ਮੈਂਬਰ ਸਾਹਿਬਾਨ ਅਤੇ ਕਲੱਬ ਦੇ ਸੱਦੇ ਤੇ ਪਹੁੰਚੇ ਵੱਡੀ ਗਿਣਤੀ ਮਹਿਮਾਨਾਂ ਨੇ ਸ਼ਿਰਕਤ ਕੀਤੀ ਅਤੇ ਪ੍ਰੋਗਰਾਮ ਦਾ ਅਨੰਦ ਮਾਣਿਆਂ। ਪ੍ਰੋਗਰਾਮ ਦੀ ਸ਼ੁਰੂਆਤ ਭਾਰਤ ਦੇ ਰਾਸ਼ਟਰੀ ਗਾਣ "ਜਨ ਗਨ ਮਨ" ਨਾਲ ਕੀਤੀ ਗਈ। ਇਸ ਸਾਰੇ ਪ੍ਰੋਗਰਾਮ ਦੀ ਪ੍ਰਧਾਨਗੀ ਆਤਮਾ ਸਿੰਘ ਬਰਾੜ ਵੱਲੋਂ ਕੀਤੀ ਗਈ। ਸਟੇਜ਼ ਸਕੱਤਰ ਦੀ ਜਿਮੇਵਾਰੀ ਸਿਕੰਦਰ ਸਿੰਘ ਝੱਜ ਵੱਲੋਂ ਨਿਭਾਈ ਗਈ। ਉਹਨਾਂ ਵੱਲੋਂ ਸਾਰੇ ਹਾਜ਼ਰੀਨ ਦਾ ਸਮਾਗਮ ਵਿਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ ਅਤੇ ਸਾਰੇ ਸਜ਼ਨਾਂ ਨੂੰ ਜੀ ਆਇਆਂ ਆਖਿਆ। ਕਲੱਬ ਦੇ ਪ੍ਰਧਾਨ ਸ੍ਰ: ਆਤਮਾਂ ਸਿੰਘ ਬਰਾੜ ਅਤੇ ਸਮੂੰਹ ਹਾਜ਼ਰੀਨ ਵੱਲੋਂ ਭਾਰਤ ਦੇਸ਼ ਦਾ ਝੰਡਾ ਲਹਿਰਾਉਣ ਦੀ ਰਸਮ ਬੜੇ ਸਲੀਕੇ, ਸਰਧਾ ਸਦਭਾਵਨਾਂ ਅਤੇ ਪ੍ਰੇਮ ਨਾਲ ਅਦਾ ਕੀਤੀ ਗਈ। ਸਾਰੇ ਹਾਜ਼ਰੀਨ ਸਾਥੀਆਂ ਵੱਲੋਂ ਭਾਰਤ ਦੀ ਅਜ਼ਾਦੀ ਲਈ ਸ਼ਹੀਦ ਹੋਏ ਸੂਰਬੀਰ ਯੋਧਿਆਂ ਅਤੇ ਸੁਤੰਤਰਤਾ ਸੰਗਰਾਮੀਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਦੇ ਸਤਿਕਾਰ ਵਜੋਂ ਖੜ੍ਹੇ ਹੋ ਕੇ 2 ਮਿੰਟ ਦਾ ਮੋਨ ਧਾਰਨ ਕੀਤਾ। ਉਪਰੰਤ ਕਲੱਬ ਦੇ ਸਾਬਕਾ ਪ੍ਰਧਾਨ ਅਨਫ਼ਚਰਵਸਖ ਸਿੰਘ ਬਰਾੜ ਅਤੇ ਕਲੱਬ ਦੇ ਮੈਂਬਰ ਗੁਰਦਿਆਲ ਸਿੰਘ ਘੋਲੀਆ ਜੋ ਕੁਝ ਸਮਾਂ ਪਹਿਲਾਂ ਸੰਸਾਰ ਤੋਂ ਰੁਖਸਤ ਕਰ ਗਏ ਸਨ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੁਆ ਕੀਤੀ ਅਤੇ ਦੁਖ ਦਾ ਇਜ਼ਹਾਰ ਕੀਤਾ ਗਿਆ। ਪੀਲ ਡਿਸਟ੍ਰਿਕ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਅਤੇ ਵਾਰਡ 9 ਅਤੇ 10 ਤੋਂ ਸਕੂਲ ਟਰਸਟੀ ਸਤਪਾਲ ਸਿੰਘ ਜਫ਼ਚਰਵਸਹਲ ਨੇ ਇਸ ਮੌਕੇ ਸੰਬੋਧਿਨ ਕਰਦਿਆਂ ਦੱਸਿਆ ਕਿ ਲੋਕਾਂ ਦੀਆਂ ਸਕੂਲਾਂ ਨਾਲ ਸਬੰਧਤ ਸਮਸਿਆਵਾਂ ਨੂੰ ਹੱਲ ਕਰਨ ਅਤੇ ਹਾਂ ਪੱਖੀ ਸੁਧਾਰਾਂ ਲਈ ਲਗਾਤਾਰਤਾ ਵਿਚ ਕੰਮ ਕੀਤਾ ਜਾ ਰਿਹਾ ਹੈ। ਐਮਪੀਪੀ ਗਰੈਮ ਗਰੇਗਰ ਕੁਝ ਰੁਝੇਵਿਆਂ ਕਾਰਨ ਹਾਜ਼ਰ ਨਹੀਂ ਹੋ ਸਕੇ, ਉਹਨਾਂ ਦੇ ਪੋਲੀਟੀਕਲ ਸਕੱਤਰ ਜਸਕਰਨ ਕੈਲੇ ਵੱਲੋਂ ਹਾਜ਼ਰੀ ਲਵਾਈ ਗਈ। ਹਰਜਿੰਦਰ ਸਿੰਘ ਗਿੱਲ, ਭਰਪੂਰ ਸਿੰਘ ਚਾਹਲ ਅਤੇ ਨਿਰਮਲ ਸਿੰਘ ਸੰਧੂ ਵੱਲੋਂ ਅਜ਼ਾਦੀ ਦਿਵਸ ਦੇ ਸਬੰਧ ਵਿਚ ਗੀਤ ਪੇਸ਼ ਕੀਤੇ। ਹਰਨੇਕ ਸਿੰਘ ਗਿੱਲ ਵੱਲੋਂ ਅਜ਼ਾਦੀ ਪ੍ਰਾਪਤੀ ਲਈ ਕੀਤੇ ਸੰਘਰਸ਼ ਅਤੇ ਕੁਰਬਾਨੀਆਂ ਬਾਰੇ ਗੰਭਰੀਰਤਾ ਨਾਲ ਵਿਚਾਰ ਪੇਸ਼ ਕੀਤੇ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਮੰਚ ਤੇ ਹਾਜ਼ਰੀਨ ਜਸਵੰਤ ਸਿੰਘ ਧਾਲੀਵਾਲ ਵੱਲੋਂ ਸਾਊਂਡ ਸਿਸਟਮ ਦਾ ਪ੍ਰਬੰਧ ਕੀਤਾ ਗਿਆ। ਕਲੱਬ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ। ਫੋਟੋਗਰਾਫੀ ਦਾ ਕੰਮ ਰਾਮਦਿਆਲ ਵੱਲੋਂ ਬਾਖ਼ਖੂਬੀ ਨਿਭਾਇਆ ਗਿਆ। ਸਮਾਗਮ ਦੇ ਅੰਤ ਵਿਚ ਕਲੱਬ ਦੇ ਪ੍ਰਧਾਨ ਆਤਮਾਂ ਸਿੰਘ ਬਰਾੜ ਵੱਲੋਂ ਸਭ ਨੂੰ 78ਵੇਂ ਅਜ਼ਾਦੀ ਦਿਵਸ ਦੀਆਂ ਵਧਾਈਆਂ ਦਿਤੀਆਂ ਅਤੇ ਹਾਜ਼ਰੀਨ ਦਾ ਸਮਾਗਮ ਵਿਚ ਹਾਜ਼ਰ ਹੋਣ ਤੇ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਚਾਹ, ਪਕੌੜੇ, ਮਠਿਆਈ ਅਤੇ ਠੰਡੇ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਦਾ ਸਾਰਿਆਂ ਨੇ ਅਨੰਦ ਮਾਣਿਆਂ।

ਆਤਮਾਂ ਸਿੰਘ ਬਰਾੜ, ਪ੍ਰਧਾਨ
ਸਿਕੰਦਰ ਸਿੰਘ ਝੱਜ, ਸਕੱਤਰ

# ਤਾਲਿਬਾਨ ਦਾ ਨਵਾਂ ਫ਼ੁਰਮਾਨ

## ਮਹਿਲਾਵਾਂ ਦੇ ਜਨਤਕ ਤੌਰ 'ਤੇ ਬੋਲਣ 'ਤੇ ਲਗਾਈ ਪਾਬੰਦੀ



ਤਾਲਿਬਾਨ: ਤਾਲਿਬਾਨ ਨੇ ਅਫਗਾਨਿਸਤਾਨ 'ਚ ਔਰਤਾਂ ਨੂੰ ਲੈ ਕੇ ਨਵੇਂ ਕਾਨੂੰਨ ਲਾਗੂ ਕੀਤੇ ਹਨ। ਸਖ਼ਤ ਹਦਾਇਤਾਂ ਤਹਿਤ ਔਰਤਾਂ ਦੇ ਘਰਾਂ ਤੋਂ ਬਾਹਰ ਬੋਲਣ 'ਤੇ ਪਾਬੰਦੀ ਲਗਾਈ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਜਨਤਕ ਥਾਵਾਂ 'ਤੇ ਆਪਣੇ ਸਰੀਰ ਅਤੇ ਚਿਹਰੇ ਨੂੰ ਹਮੇਸ਼ਾ ਮੋਟੇ ਕੱਪੜੇ ਨਾਲ ਢੱਕਣ ਦਾ ਹੁਕਮ ਦਿੱਤਾ ਗਿਆ ਹੈ। ਤਾਲਿਬਾਨ ਦੇ ਸੁਪਰੀਮ ਲੀਡਰ ਮੁੱਲਾ ਹਿਬਤੁੱਲਾ ਅਖੰਦਜ਼ਾਦਾ ਨੇ ਨਵੇਂ ਕਾਨੂੰਨਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਕਾਨੂੰਨਾਂ ਨੂੰ ਹਲਾਲ ਅਤੇ ਹਰਮ ਦੀਆਂ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਸੰਯੁਕਤ ਰਾਸ਼ਟਰ ਨੇ ਤਾਲਿਬਾਨ ਦੇ ਇਸ ਫੈਸਲੇ ਦੀ ਸਖਤ ਨਿੰਦਾ ਕੀਤੀ ਹੈ। ਇਸ ਤੋਂ ਇਲਾਵਾ ਕਈ ਮਨੁੱਖੀ ਅਧਿਕਾਰ ਸੰਗਠਨਾਂ ਨੇ ਵੀ ਇਸ 'ਤੇ ਇਤਰਾਜ਼ ਪ੍ਰਗਟਾਇਆ ਹੈ।

**ਨਵੇਂ ਕਾਨੂੰਨ ਬਣਾਉ ਤਾਂ ਜੋ ਮਨੁੱਖਾਂ ਦੇ ਮਨ ਭਟਕ ਨਾ ਜਾਣ**

ਅੰਗਰੇਜ਼ੀ ਅਖਬਾਰ 'ਦਿ ਗਾਰਡੀਅਨ' ਮੁਤਾਬਕ ਤਾਲਿਬਾਨ ਨੇ ਇਨ੍ਹਾਂ ਕਾਨੂੰਨਾਂ ਦਾ ਕਾਰਨ ਦੱਸਦੇ ਹੋਏ ਕਿਹਾ ਹੈ ਕਿ ਔਰਤਾਂ ਦੀ ਆਵਾਜ਼ ਵੀ ਮਰਦਾਂ ਦਾ ਧਿਆਨ ਭਟਕ ਸਕਦੀ ਹੈ। ਇਸ ਤੋਂ ਬਚਣ ਲਈ ਔਰਤਾਂ ਨੂੰ ਜਨਤਕ ਥਾਵਾਂ 'ਤੇ ਬੋਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਤਾਲਿਬਾਨ ਨੇ ਔਰਤਾਂ ਨੂੰ ਘਰਾਂ ਵਿਚ ਉੱਚੀ ਆਵਾਜ਼ ਵਿਚ ਗਾਉਣ ਅਤੇ ਪੜ੍ਹਨ ਤੋਂ ਵੀ ਮਨ੍ਹਾ ਕੀਤਾ ਹੈ। ਨਵੇਂ ਕਾਨੂੰਨ ਦੀ ਉਲੰਘਣਾ ਕਰਨ ਵਾਲੀਆਂ ਔਰਤਾਂ ਜਾਂ ਲੜਕੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

ਇਸ ਵਾਰ ਔਰਤਾਂ ਤੋਂ ਇਲਾਵਾ ਤਾਲਿਬਾਨ ਨੇ ਮਰਦਾਂ 'ਤੇ ਵੀ ਕੁਝ ਪਾਬੰਦੀਆਂ ਲਗਾਈਆਂ ਹਨ। ਮਰਦਾਂ ਨੂੰ ਵੀ ਘਰੋਂ ਬਾਹਰ ਨਿਕਲਣ ਵੇਲੇ ਆਪਣਾ ਸਰੀਰ ਗੋਡਿਆਂ ਤੱਕ ਢੱਕ ਕੇ ਰੱਖਣਾ ਹੋਵੇਗਾ।

**ਸਮਲਿੰਗੀ ਸਬੰਧਾਂ ਦੇ ਦੋਸ਼ 'ਚ ਕੋੜੇ ਮਾਰਨਾ**

ਇਸ ਸਾਲ ਜੂਨ ਵਿੱਚ ਤਾਲਿਬਾਨ ਨੇ ਸਮਲਿੰਗੀ ਸਬੰਧ ਰੱਖਣ ਦੇ ਦੋਸ਼ ਵਿੱਚ 63 ਲੋਕਾਂ ਨੂੰ ਕੋੜੇ ਮਾਰ ਕੇ ਮਾਰ ਦਿੱਤਾ ਸੀ। ਇਨ੍ਹਾਂ ਵਿੱਚ 14 ਔਰਤਾਂ ਵੀ ਸ਼ਾਮਲ ਸਨ। ਮੀਡੀਆ ਰਿਪੋਰਟ ਮੁਤਾਬਕ ਇਨ੍ਹਾਂ ਲੋਕਾਂ ਨੂੰ ਸਮਲਿੰਗੀ ਸਬੰਧ, ਚੋਰੀ ਅਤੇ ਅਨੈਤਿਕ ਸਬੰਧਾਂ ਦਾ ਦੋਸ਼ੀ ਪਾਇਆ ਗਿਆ ਸੀ।

ਤਾਲਿਬਾਨ ਸਮਲਿੰਗੀ ਸਬੰਧਾਂ ਨੂੰ ਇਸਲਾਮ ਦੇ ਵਿਰੁੱਧ ਮੰਨਦਾ ਹੈ। ਉਸਨੇ ਪਹਿਲਾਂ ਸਰੀ ਬ੍ਰਿਜ ਸੂਬੇ ਦੇ ਸਟੇਡੀਅਮ ਵਿੱਚ ਲੋਕਾਂ ਨੂੰ ਇਕੱਠਾ ਕੀਤਾ ਅਤੇ ਫਿਰ ਕਥਿਤ ਦੋਸ਼ੀਆਂ ਨੂੰ ਕੋੜੇ ਮਾਰੇ। ਤਾਲਿਬਾਨ ਲੋਕਾਂ ਨੂੰ ਇਸਲਾਮ ਦੇ ਮਾਰਗ 'ਤੇ ਚੱਲਣ ਲਈ ਕਹਿੰਦਾ ਹੈ। ਉਹ ਅਜਿਹਾ ਨਾ ਕਰਨ 'ਤੇ ਲੋਕਾਂ ਨੂੰ ਸਜ਼ਾ ਦੇਣ ਦੀ ਧਮਕੀ ਵੀ ਦਿੰਦਾ ਹੈ। ਸੰਯੁਕਤ ਰਾਸ਼ਟਰ ਨੇ ਇਸ ਸਜ਼ਾ ਦੀ ਨਿੰਦਾ ਕੀਤੀ ਹੈ ਅਤੇ ਇਸ ਨੂੰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਨਿਯਮਾਂ ਦੇ ਵਿਰੁੱਧ ਦੱਸਿਆ ਹੈ।

# ਰਛਪਾਲ ਸਹੋਤਾ ਦੇ ਨਾਵਲ, ਆਪੇ ਦੀ ਭਾਲ ਦਾ ਲੋਕ ਅਰਪਣ ਅਤੇ ਉਸ 'ਤੇ ਚਰਚਾ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ ) ਵਿਸ਼ਵ ਪੰਜਾਬੀ ਸਭਾ ਵੱਲੋਂ, ਬੀਤੇ ਐਤਵਾਰ ਰਛਪਾਲ ਸਹੋਤਾ ਦਾ ਨਾਵਲ, ਆਪੇ ਦੀ ਭਾਲ, ਲੋਕ ਅਰਪਣ ਕੀਤਾ ਗਿਆ, ਅਤੇ ਦੋ ਦਿਨ ਬਾਅਦ, ਪੰਜਾਬੀ ਭਵਨ ਵਿਖੇ, ਨਾਵਲ ਉੱਤੇ ਭਰਪੂਰ ਚਰਚਾ ਹੋਈ। ਵੱਖੋ ਵੱਖਰੇ ਵਰਗਾਂ ਅਤੇ ਵਿਚਾਰਾਂ ਵਾਲੇ ਸਰੋਤਿਆਂ ਅਤੇ ਬੁੱਧੀਜੀਵੀਆਂ ਨੇ ਚਰਚਾ ਵਿੱਚ ਭਾਗ ਲਿਆ, ਅਤੇ ਪੂਰੀ ਉਤਸੁਕਤਾ ਨਾਲ, ਨਾਵਲ ਦੇ ਮੁੱਖ ਵਿਸ਼ੇ, ਜਾਤ-ਪਾਤ ਅਤੇ ਉਸਦੇ ਸਮੁੱਚੇ ਪ੍ਰਭਾਵਾਂ ਨੂੰ ਸਮਝਣ ਦਾ ਯਤਨ ਕੀਤਾ। ਮੁੱਖ ਪਰਚਾ ਮਲਵਿੰਦਰ ਹੁਰਾਂ ਨੇ ਪੜ੍ਹਿਆ। ਉਨ੍ਹਾਂ ਆਪੇ ਦੀ ਭਾਲ਼ ਦੀਆਂ ਪੇਚੀਦਾ ਡੂੰਘਾਈਆਂ ਦੀ ਗੱਲ ਕੀਤੀ ਅਤੇ, ਨਾਵਲ ਦੇ ਹਰ ਸੀਨ ਨੂੰ ਮਹੀਨਤਾ ਨਾਲ ਚਿਤਰੇ ਜਾਣ ਦੀ ਭਰਵੀਂ ਪ੍ਰਸੰਸਾ ਕੀਤੀ। ਨਾਵਲ ਦੇ ਜਾਤ-ਪਾਤ ਕੇਂਦਰਿਤ ਮੁੱਦੇ ਵੱਲ ਧਿਆਨ ਦਿਵਾਉਂਦਿਆਂ ਉਹਨਾਂ ਦੱਸਿਆ ਕਿ ਕਿਵੇਂ ਨਾਵਲ ਦੇ ਪਾਤਰ-ਚਿਤਰਨ ਦੀ ਵਿਧੀ ਨੇ, ਪ੍ਰਤੱਖ ਰੂਪ ਨਾਲ ਇਸ ਗੁੰਝਲਦਾਰ ਮੁੱਦੇ ਵਿਚ ਜਾਨ ਪਾਈ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੜ੍ਹੇ, ਡਾ. ਚਰਨਜੀਤ ਸਿੰਘ ਪੱਡਾ ਨੇ ਆਪਣੀ ਜ਼ਿੰਦਗੀ ਵਿੱਚੋਂ ਦਿਲਕਸ਼ ਮਿਸਾਲਾਂ ਦੇਕੇ ਦੱਸਿਆ ਕਿ ਕਿਵੇਂ ਪੜ੍ਹਦੇ ਵਕਤ, ਆਪੇ ਦੀ ਭਾਲ, ਤੁਹਾਨੂੰ ਕੀਲ ਕੇ ਬੰਨ ਲੈਂਦਾ ਹੈ। ਉਹਨਾਂ ਨੇ ਆਪੇ ਦੀ ਭਾਲ਼ ਦਾ ਮੁਕਾਬਲਾ ਉਹਨਾਂ ਨਾਵਲਾਂ ਨਾਲ ਕੀਤਾ, ਜਿਸ ਵਿੱਚ ਪਾਠਕ ਪੂਰੀ ਤਰਾਂ ਖੁੱਭ ਕੇ ਆਪਣੇ ਦੁਆਲ਼ੇ ਤੋਂ ਬਿਲਕੁੱਲ ਬੇਖਬਰ ਹੋ ਜਾਂਦਾ ਹੈ। ਡਾ. ਬਲਜਿੰਦਰ ਸਿੰਘ ਸੇਖੋਂ ਨੇ ਆਪਣੀ ਨਿੱਜੀ ਜ਼ਿੰਦਗੀ ਦੀਆਂ ਜਾਤ-ਪਾਤ ਨਾਲ ਜੁੜੀਆਂ ਭਾਵੁਕ ਯਾਦਾਂ, ਜਿਹੜੀਆਂ ਉਹਨਾਂ ਤੇ ਇੱਕ ਅਮਿੱਟ ਨਿਸ਼ਾਨ ਛੱਡ ਗਈਆਂ ਸਨ, ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਹਨਾਂ ਨੇ ਨਾਵਲ ਵਿੱਚ ਵਰਤੀ ਸਾਦਾ, ਪਰੰਤੂ ਅਸਰਦਾਰ ਭਰਪੂਰ ਸ਼ੈਲੀ ਦੀ ਸ਼ਲਾਘਾ ਕੀਤੀ। ਪ੍ਰੋ ਇੰਦਰਦੀਪ ਸਿੰਘ ਨੇ ਸਮਾਜਕ/ਰਾਜਨੀਤਕ ਦੇ ਵਡੇਰੇ ਪ੍ਰਸੰਗ ਵਿੱਚ ਗੱਲ ਕਰਦਿਆਂ ਦੱਸਿਆ ਕਿ ਕਿਵੇਂ ਰਾਜ ਕਰਨ ਵਾਲ਼ੀ ਧਿਰ ਜਾਤ-ਪਾਤ ਵਰਗੇ ਪਾੜ-ਪਾਊ ਮੁੱਦਿਆਂ ਨੂੰ ਸ਼ਹਿ ਦਿੰਦੀ ਹੈ ਤਾਂ ਜੋ ਇਹ ਅਨਿਆਂ-ਭਰਪੂਰ ਸਮਾਜਕ ਢਾਂਚਾ ਬ੍ਰਕਰਾਰ ਰੱਖਿਆ ਜਾ ਸਕੇ। ਡਾ. ਸਹੋਤਾ ਦੇ ਬਹੁਤ ਪੁਰਾਣੇ ਦੋਸਤ, ਡਾ. ਮਨਜੀਤ ਢੀਂਡਸਾ, ਨੇ ਨਾਵਲਕਾਰ ਅਤੇ ਨਾਵਲਕਾਰ ਦੀ ਦ੍ਰਿੜਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਪੂਰੀ ਚਰਚਾ ਸਮੇਂ, ਬੁਲਾਰਿਆਂ ਦੇ ਵਿਚਕਾਰਲੇ ਸਮਿਆਂ ਦੌਰਾਨ, ਸੰਚਾਲਕ ਪ੍ਰੋ. ਜਗੀਰ ਸਿੰਘ ਕਾਹਲ਼ੋਂ ਆਪਣੇ ਨੀਰੀਖਣ ਅਤੇ ਵਿਚਾਰ ਦੱਸਦੇ ਰਹੇ। ਉਹਨਾਂ ਨੇ ਸੰਤ ਸਿੰਘ ਸੇਖੋਂ ਦੇ ਵਿਖਿਆਨ ਕਿ, ਨਾਵਲ ਲਿਖਣ ਲਈ ਬਾਹਾਂ ਵਿੱਚ ਭਲਵਾਨ ਜਿੰਨੀ ਤਾਕਤ ਚਾਹੀਦੀ ਹੈ, ਦਾ ਹਵਾਲਾ ਦਿੰਦਿਆਂ ਡਾ. ਸਹੋਤਾ ਦੇ ਮਹੱਤਵਪੂਰਣ ਸਮਾਜਕ ਮਸਲਿਆਂ ਨਾਲ ਟੱਕਰ ਲੇਣ ਦੀ ਸ਼ਲਾਘਾ ਕੀਤੀ। ਪ੍ਰੋ ਕਾਹਲ਼ੋਂ ਦੇ ਜੀਵਨ ਸਾਥਣ, ਸ੍ਰੀਮਤੀ ਕਾਹਲ਼ੋਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਚਰਚਾ ਦੀ ਸਮਾਪਤੀ ਕਰਦਿਆਂ, ਡਾ. ਰਛਪਾਲ ਸਹੋਤਾ ਨੇ ਕਿਹਾ ਕਿ ਇਸ ਨਾਵਲ ਦਾ ਲਿਖਣਾ ਉਹਨਾਂ ਲਈ ਇੱਕ ਦਿਲਕਸ਼ ਅਤੇ ਸਿੱਖਿਆ ਗ੍ਰਹਿਣ ਕਰਨ ਵਾਲਾ ਸਫਰ ਸੀ। ਉਹਨਾਂ ਦੱਸਿਆ ਕਿ ਕਿਵੇਂ ਉਹ ਆਪਣੇ ਹੀ ਘੜੇ ਪਾਤਰਾਂ, ਪੜ੍ਹੀਆਂ ਕਿਤਾਬਾਂ ਦੇ ਨਰੀਖਣਾਂ, ਅਤੇ ਅਲੋਚਕਾਂ ਦੀਆਂ ਸਮੀਖਿਆਵਾਂ ਤੋਂ ਸਿੱਖਦੇ ਰਹੇ ਸਨ। ਅੰਤ ਵਿੱਚ ਉਹਨਾਂ, ਚਰਚਾ ਦਾ ਪ੍ਰਬੰਧ ਕਰਨ ਲਈ ਡਾ. ਕਾਹਲ਼ੋਂ ਦਾ ਅਤੇ, ਨਾਵਲ ਦੇ ਲੋਕ ਅਰਪਣ ਕਰਨ ਦੇ ਮੌਕੇ ਅਤੇ ਚਰਚਾ ਲਈ ਪੰਜਾਬੀ ਭਵਨ ਪ੍ਰਦਾਨ ਕਰਵਾਉਣ ਲਈ, ਡਾ. ਦਲਬੀਰ ਸਿੰਘ ਕਥੂਰੀਆ ਦਾ ਧੰਨਵਾਦ ਕੀਤਾ।

# ਹੁਣ ਇਕ ਹੋਰ ਨਰਸਿੰਗ ਵਿਦਿਆਰਥਣ ਨਾਲ ਦਰਿੰਦਗੀ; ਆਟੋ ਚਾਲਕ ਨੇ ਕੀਤਾ ਰੇਪ



ਕੋਲਕਾਤਾ 'ਚ ਸਿਖਿਆਰਥੀ ਡਾਕਟਰ ਦੇ ਬਲਾਤਕਾਰ-ਕਤਲ ਮਾਮਲੇ ਤੋਂ ਬਾਅਦ ਮਹਾਰਾਸ਼ਟਰ ਦੇ ਰਤਨਾਗਿਰੀ 'ਚ ਨਰਸਿੰਗ ਕਾਲਜ ਦੀ ਵਿਦਿਆਰਥਣ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਆਟੋ ਚਾਲਕ ਨੇ ਪੀੜਤਾ ਨੂੰ ਨਸ਼ੀਲਾ ਪਦਾਰਥ ਮਿਲਾ ਕੇ ਬੇਹੋਸ਼ ਕਰ ਦਿੱਤਾ ਅਤੇ ਜੰਗਲ ਵਿੱਚ ਲਿਜਾ ਕੇ ਉਸ ਨਾਲ ਬਲਾਤਕਾਰ ਕੀਤਾ।

ਇਹ ਘਟਨਾ ਸੋਮਵਾਰ (26 ਅਗਸਤ) ਦੀ ਹੈ। ਪੀੜਤਾ ਦੀ ਉਮਰ 19 ਸਾਲ ਹੈ। ਹੋਸ਼ ਆਉਣ ਤੋਂ ਬਾਅਦ ਉਸ ਨੇ ਆਪਣੀ ਭੈਣ ਨੂੰ ਫੋਨ ਕਰਕੇ ਘਟਨਾ ਬਾਰੇ ਦੱਸਿਆ। ਘਟਨਾ ਦਾ ਪਤਾ ਲੱਗਦੇ ਹੀ ਮਹਾਰਾਸ਼ਟਰ ਦੇ ਰਤਨਾਗਿਰੀ 'ਚ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।

ਐਸਪੀ ਜੈਸ਼੍ਰੀ ਗਾਇਕਵਾੜ ਨੇ ਹਸਪਤਾਲ ਵਿੱਚ ਪੀੜਤਾ ਤੋਂ ਘਟਨਾ ਦੀ ਜਾਣਕਾਰੀ ਲਈ ਅਤੇ ਮਾਮਲਾ ਦਰਜ ਕਰ ਲਿਆ। ਆਟੋ ਚਾਲਕ ਦੀ ਪਛਾਣ ਕਰਨ ਲਈ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਆਟੋ ਦੀ ਇੱਕ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ।

ਨਰਸਿੰਗ ਦੀ ਵਿਦਿਆਰਥਣ ਨੇ ਦੱਸਿਆ, "ਐਤਵਾਰ (25 ਅਗਸਤ) ਨੂੰ ਛੁੱਟੀ ਸੀ। ਮੈਂ ਦੇਵਰੁਖ ਸਥਿਤ ਆਪਣੇ ਘਰ ਗਈ ਸੀ। ਰੋਜ਼ਾਨਾ ਦੀ ਤਰ੍ਹਾਂ ਸੋਮਵਾਰ (26 ਅਗਸਤ) ਨੂੰ ਮੈਂ ਸਵੇਰੇ 6 ਵਜੇ ਦੀ ਬੱਸ ਰਾਹੀਂ ਦੇਵਰੁਖ ਤੋਂ ਰਤਨਾਗਿਰੀ ਪਹੁੰਚੀ। ਸਵੇਰੇ ਕਰੀਬ 7 ਵਜੇ ਉਹ ਰਤਨਾਗਿਰੀ ਦੇ ਸਾਲਵੀ ਸਟਾਪ 'ਤੇ ਉਤਰੀ। ਕਾਲਜ ਜਾਣ ਲਈ ਆਟੋ ਰਿਕਸ਼ਾ ਲਿਆ। ਰਸਤੇ ਵਿੱਚ ਆਟੋ ਚਾਲਕ ਨੇ ਮੈਨੂੰ ਪਾਣੀ ਪਿਲਾਇਆ, ਜਿਸ ਨੂੰ ਪੀਣ ਤੋਂ ਬਾਅਦ ਮੈਂ ਬੇਹੋਸ਼ ਹੋ ਗਈ। ਜਦੋਂ ਮੈਨੂੰ ਹੋਸ਼ ਆਈ ਤਾਂ ਦੇਖਿਆ ਕਿ ਮੇਰਾ ਸਾਰਾ ਸਮਾਨ ਜੰਗਲ ਵਿੱਚ ਖਿੱਲਰਿਆ ਪਿਆ ਸੀ। ਕੱਪੜੇ ਫਟੇ ਹੋਏ ਸਨ। ਮੈਂ ਆਪਣੀ ਭੈਣ ਨੂੰ ਫੋਨ ਕਰ ਕੇ ਘਟਨਾ ਦੀ ਜਾਣਕਾਰੀ ਦਿੱਤੀ। ਪੀੜਤਾ ਨੇ ਪੁਲਿਸ ਨੂੰ ਦੱਸਿਆ ਕਿ ਘਟਨਾ ਤੋਂ ਬਾਅਦ ਉਹ ਕਿਸੇ ਤਰ੍ਹਾਂ ਮੇਨ ਰੋਡ 'ਤੇ ਪਹੁੰਚ ਗਈ। ਉੱਥੇ ਬਾਈਕ ਸਵਾਰ ਦੀ ਮਦਦ ਲੈ ਕੇ ਉਹ ਆਪਣੇ ਫਲੈਟ 'ਤੇ ਪਹੁੰਚੀ, ਜਿੱਥੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market 20 Red Maple Dr. Brampton
Indian Food Land 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਬਾਣ

# ਚਿੜੀ ਉਡੀ, ਕਾਂ ਉੱਡਿਆ, ਆਲ੍ਹਣੇ ਹੋਏ ਸੁੰਨੇ !



ਸਮਾਂ ਬੜਾ ਬਲਵਾਨ ਹੁੰਦਾ ਐ, ਇਸ ਦਾ ਪਹੀਆ ਚੱਲਦਾ ਰਹਿੰਦਾ ਹੈ। ਜਿਹੜੇ ਸਮੇਂ ਨਾਲ ਉਠਦੇ, ਤੁਰਦੇ ਤੇ ਜ਼ਿੰਦਗੀ ਦੀ ਜੰਗ ਲੜਦੇ ਹਨ, ਉਹੀ ਜਿਉਂਦੇ ਵਸਦੇ ਹਨ। ਬਹੁਗਿਣਤੀ ਮੁਰਦਿਆਂ ਦੀ ਆਬਾਦੀ ਹੁੰਦੀ ਹੈ। ਉਹ ਖਾਣ ਪੀਣ ਲਈ ਜਿਉਂਦੇ ਹਨ, ਜਿਉਂਣ ਲਈ ਨਹੀਂ। ਇਸੇ ਕਰਕੇ ਉਹਨਾਂ ਦੇ ਸੰਵੇਦਨਾ ਮਰ ਜਾਂਦੀ ਹੈ। ਮਰੇ ਤੇ ਡਰੇ ਵਿੱਚ ਕੋਈ ਅੰਤਰ ਨਹੀਂ ਹੁੰਦਾ। ਬਹੁਗਿਣਤੀ ਡਰ ਦੇ ਕਾਰਨ ਚੁੱਪ ਹੈ। ਉਹਨਾਂ ਨੂੰ ਡਰ ਦੇ ਬੋਲੇ ਤਾਂ ਆ ਹੋ ਜਾਵੇਗਾ। ਇਹ ਹੋ ਜਾਵੇਗਾ ਉਹ ਹੋ ਜਾਵੇਗਾ। ਹੋਣਾ ਉਹੀ ਜੋ ਕੁਦਰਤ ਨੂੰ ਮਨਜ਼ੂਰ ਹੈ। ਫਿਰ ਡਰ, ਭੈਅ ਕਾਹਦਾ ਹੈ?

ਇਹ ਅਕਸਰ ਕਿਹਾ ਜਾਂਦਾ ਹੈ ਕਿ " ਚਿੜੀ ਵਿਚਾਰੀ ਕੀ ਕਰੇ, ਠੰਡਾ ਪਾਣੀ ਪੀ ਮਰੇ !"" ਭਲਾ ਇਹ ਚਿੜੀ ਹੀ ਕਿਉਂ ਮਰੇ ? ਕੋਈ ਉਹ ਬਾਜ਼ ਕਿਉਂ ਨਾ ਮਰਨ ??ਜਿਹੜੇ ਇਸ ਨੂੰ ਨੋਚ ਨੋਚ ਖਾ ਰਹੇ ਹਨ? ਪਰ ਅਸੀਂ ਚਾਹੁੰਦੇ ਹੋਏ ਵੀ ਬੋਲਦੇ ਨਹੀ। ਸਾਨੂੰ ਘੁੱਟ ਘੁੱਟ ਮਰਨ ਤੇ ਜਰਨ ਦੀ ਆਦਤ ਪਾ ਦਿੱਤੀ ਹੈ। ਆਦਤ ਕਦੇ ਛੁੱਟਦੀ ਨਹੀਂ ਹੁੰਦੀ । ਜੇ ਇਹ ਛੁੱਟ ਜਾਵੇ ਫੇਰ ਵਾਰੇ ਸ਼ਾਹ ਝੂਠਾ ਪੈ ਜੂ।

*"ਵਾਰੇ ਸ਼ਾਹ ਨਾ ਜਾਂਦੀਆਂ ਆਦਤਾਂ ਜੀ, ਭਾਵੇਂ ਕੱਟੀਏ ਪੋਰੀਏ ਪੋਰੀਏ ਜੀ !"*

ਇਹ ਹਾਲਤ ਸਾਡੀ ਅਚਾਨਕ ਨਹੀਂ ਬਣੀ, ਇਸ ਵਿੱਚ ਹੋਰਨਾਂ ਨਾਲੋਂ ਬਹੁਤਾ ਸਾਡਾ ਹੀ ਕਸੂਰ ਹੈ ਕਿਉਂਕਿ ਅਸੀਂ " ਇਕ ਚੁੱਪ ਸੌ ਸੁੱਖ " ਵਾਲੀ ਸੋਚ ਉਤੇ ਪਹਿਰਾ ਦਿੱਤਾ ਹੈ। ਪਰ ਇਹ ਪਹਿਰਾ ਹੀ ਸਾਡੇ ਲਈ ਕਹਿਰ ਬਣ ਗਿਆ । ਕਹਿਰ ਤੇ ਜ਼ਹਿਰ ਸਾਡੇ ਰਿਸ਼ਤਿਆਂ ਤੱਕ ਪੁਜ ਗਿਆ । ਦੇਸ਼ ਤੇ ਸਮਾਜ ਦੇ ਅੰਦਰ ਜਿਸ ਤਰ੍ਹਾਂ ਦੇ ਹਾਲਾਤ ਬਣਾਏ ਜਾ ਰਹੇ ਹਨ, ਇਹਨਾਂ ਹਾਲਤਾਂ ਵਿੱਚ ਹਰਿਕ ਦਾ ਦਮ ਘੁੱਟ ਰਿਹਾ ਹੈ। ਜਿਸ ਦੇ ਕੋਲ ਤਾਂ ਤਾਕਤ ਤੇ ਸਾਧਨ ਹਨ,ਉਹ ਤਾਂ ਵਿਦੇਸ਼ ਵੱਲ ਉਡਾਰੀ ਮਾਰ ਰਹੇ ਹਨ । ਜਿਹਨਾਂ ਕੋਲ ਸਾਧਨ ਨਹੀਂ ਉਹ ਤੜਪ ਰਹੇ ਹਨ । ਅਸੀਂ ਅਕਸਰ ਇਹ ਕਹਿ ਕਿ ਚੁਪ ਕਰ ਜਾਂਦੇ ਹਾਂ ਕਿ" ਜਿਥੇ ਦਾਣਾ ਉਥੇ ਜਾਣਾ. !" ਕੀ ਇਹ ਗੱਲ ਸੱਚ ਹੈ ? ਕੀ ਪਰਵਾਸ ਹੈ ਕਰਨਾ ਜਰੂਰੀ ਹੈ ਜਾਂ ਮਜਬੂਰੀ ?

ਜਿਹਨਾਂ ਦੇ ਕੋਲ ਪੂੰਜੀ ਦੀ ਤਾਕਤ ਨਹੀਂ ਉਹ ਇਸ ਦਮ-ਘੋਟੂ ਪੌਣ-ਪਾਣੀ ਵਿਚ ਮਰਨ ਲਈ ਤੜਫ਼ ਰਹੇ ਹਨ ਤੇ ਪਲ ਪਲ ਮਰ ਰਹੇ ਹਨ..ਸਲੋਅ ਡੈੱਥ... ਜਿਹੜਾ ਕੋਈ ਇਸ ਦਮ-ਘੋਟੂ ਵਾਤਾਵਰਣ ਵਿੱਚ ਸਿਰ ਬਾਹਰ ਕੱਢ ਕੇ ਸਾਹ ਲੈਣ ਦੀ ਕੋਸ਼ਿਸ਼ ਕਰਦਾ ਹੈ, ਉਸ ਦਾ ਸਿਰ ਫੇਹ ਦਿੱਤਾ ਜਾਂਦਾ ਹੈ। ਆਮ ਲੋਕ ਤਾਂ ਡਰਦੇ ਬੋਲਦੇ ਨਹੀਂ, ਉਹਨਾਂ ਨੂੰ ਪੁਜਾਰੀਵਾਦ ਨੇ ਨਰਕ ਸਵਰਗ ਦਾ ਡਰ ਪਾਇਆ ਹੋਇਆ ਹੈ...ਪੁਜਾਰੀ ਆਖਦੇ ਹਨ...ਮਰਨਾ ਸੱਚ.ਤੇ ਜਿਉਣਾ ਝੂਠ ਹੈ.ਪਰ ਸੱਚ ਦੋਵੇਂ ਹਨ... ਜਿਉਣਾ ਵੀ ਤੇ ਮਰਨਾ ਵੀ...ਕੋਈ ਵੀ ਸੱਚ ਪੂਰਾ ਨੀ ਹੁੰਦਾ ...ਸ਼ੁਧ ਸੋਨੇ ਦਾ ਗਹਿਣਾ ਨੀ ਬਣਦਾ...ਪਰ ਇਥੇ ਨਾਲੋਂ ਵੱਡਾ ਨਰਕ ਹੋਰ ਕੋਈ ਨਹੀਂ ...ਹਰ ਰੋਜ਼ ਪੁਜਾਰੀ ਵਰਗ...ਸਵਰਗ ਜਾਣ ਦੇ ਰਸਤੇ ਤਾਂ ਦੱਸਦੇ ਹਨ ਪਰ ਇਸ ਜੀਵਨ ਨੂੰ ਨਰਕ ਕਿਹੜੀਆਂ ਤਾਕਤਾਂ ਨੇ ਬਣਾਇਆ .ਚੁਪ ਹਨ। ..ਧਰਮ ਸੱਤਾ ਦੀ ਤਾਕਤ ਦਾ ਉਹ ਜ਼ਹਿਰ ਹੈ...ਜੋ ਬਚਪਨ ਤੋਂ ਹੀ ਤੁਪਕਾ ਤੁਪਕਾ ਪਲਾਇਆ ਜਾਂਦਾ ਹੈ...

ਜਿਹੜੇ ਸੱਤਾ ਦੇ ਦਲਾਲ ਬੋਲਦੇ ਵੀ ਹਨ, ਉਹ 'ਸੱਤਾ' ਦੇ ਸੋਹਿਲੇ ਗਾ ਰਹੇ ਹਨ। ਜਸ਼ਨ ਮਨਾ ਰਹੇ ਹਨ। ਢੋਲੇ ਦੀਆਂ ਲਾ ਰਹੇ ਹਨ। .....ਕਿਹੋ ਜਿਹੇ ਸਮੇਂ ਆ ਗਏ ਹਨ।

ਸਮਾਜ ਦੇ ਹਰ ਵਰਗ ਦੇ ਵਿੱਚ 'ਗੜਵਈਆਂ' ਤੇ 'ਝੋਲੀ-ਚੱਕ' ਚਾਕਰਾਂ ਦੀ ਫ਼ੌਜ ਵਿੱਚ ਵਾਧਾ ਹੋ ਰਿਹਾ ਹੈ। ਸਿਹਰੇ ਪੜ੍ਹਨ ਤੇ ਲਿਖਣ ਵਾਲਿਆਂ ਵੱਲ ਲੋਕਾਈ ਇਉਂ ਝਾਕਦੀ ਹੈ ਜਿਵੇਂ ਬੋਕ ਤੁੱਕਿਆ ਵੱਲ ਝਾਕਦਾ ਹੁੰਦਾ ਹੈ। ਲੋਕਾਂ ਨੂੰ ਲੁੱਟਣ ਤੇ ਕੁੱਟਣ ਦੀਆਂ ਨਿੱਤ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਲੋਕਾਂ ਨੂੰ ਅਗਲੇ ਜਨਮ ਦੇ ਰਸਤੇ ਦਿਖਾਉਣ ਤੇ ਸਮਝਾਉਣ ਦੇ ਲਈ 'ਆਸਥਾ' ਦਾ ਢੋਲ ਵਜਾਇਆ ਜਾ ਰਿਹਾ ਹੈ। ਸਵਰਗ-ਨਰਕ ਦੀਆਂ ਕਥਾਵਾਂ ਦੇ ਰਾਹੀਂ ਡਰੇ ਹੋਇਆਂ ਨੂੰ ਹੋਰ ਡਰਾਇਆ ਜਾ ਰਿਹਾ ਹੈ।

ਮਨੁੱਖ ਨੇ ਜਿਉਣਾ ਕਿਵੇਂ ਹੈ? ਇਸ ਬਾਰੇ ਨਹੀਂ ਸਗੋਂ 'ਸਵਰਗ' ਵਿੱਚ ਕਿਵੇਂ ਜਾਣਾ ਹੈ, ਇਸ ਦੇ 'ਗੁਰ' ਸਿਖਾਏ ਜਾ ਰਹੇ ਹਨ। ਘਰਾਂ ਦੇ ਅੰਦਰ ਤੇ ਬਾਹਰ 'ਸਵਰਗ' ਦੇ ਦਲਾਲਾਂ ਨੇ ਆਪਣੀਆਂ 'ਮੰਜੀਆਂ' ਟਿਕਾਈਆਂ ਹੋਈਆਂ ਨੇ, ਜਿਹੜੇ ਚੌਵੀ ਘੰਟੇ ਸਵਰਗ 'ਚ ਜਾਣ ਦੇ ਰਸਤਿਆਂ ਦਾ ਵਿਖਿਆਨ ਕਰਦੇ ਹਨ। 'ਮੌਤ' ਦਾ ਡਰ ਲੋਕਾਂ ਦੇ ਮਨਾਂ ਵਿੱਚ ਭਰਿਆ ਜਾ ਰਿਹਾ ਹੈ। ਪਰ 'ਮੌਤ' ਤੋਂ ਕਿਵੇਂ ਬਚਣਾ ਹੈ? ਇਸ ਦੀ ਕਿਸੇ ਵੀ 'ਗੁਰੂ' ਕੋਲ 'ਗਿੱਦੜ-ਸਿੰਗੀ' ਨਹੀਂ। ਇਸੇ ਲਈ ਅਸੀਂ ਨਰਕ ਦੀ ਜ਼ਿੰਦਗੀ ਵਰਤਮਾਨ ਵਿੱਚ ਜਿਉਂਦੇ ਹਾਂ। ਜਿਹੜੀ ਉਨ੍ਹਾਂ ਨੂੰ ਮੌਤ ਦੇ ਝੂਟੇ ਨਿੱਤ ਦਿਵਾਉਂਦੀ ਹੈ ਪਰ ਮੌਤ ਤੋਂ ਬਚਾਉਂਦੀ ਨਹੀਂ। ਲੋਕਾਂ ਨੂੰ ਨਿੱਤ ਮਰਨ ਦੀ ਆਦਤ ਨੇ ਉਨ੍ਹਾਂ ਵਿੱਚ ਜ਼ਿੰਦਗੀ ਨੂੰ ਕਿਵੇਂ ਜਿਉਣਾ ਹੈ, ਦੇ ਅਰਥ ਹੀ ਬਦਲ ਦਿੱਤੇ ਹਨ। ਇਸੇ ਕਰਕੇ ਅਸੀਂ ਨਰਕ ਦੀ ਜ਼ਿੰਦਗੀ ਬਣਾਉਣ ਵਾਲੇ ਅਜੋਕੇ ਰਾਖਸ਼ਸਾਂ ਦੇ ਬੂਹਿਆਂ 'ਤੇ ਧਰਨੇ ਦੇਣ ਦੀ ਵਜਾਏ, ਅਸੀਂ ਤੀਰਥਾਂ ਦਾ ਭਰਮਣ ਕਰਨ ਲਈ ਵਹੀਰਾਂ ਘੱਤੀ ਜਾ ਰਹੇ ਹਾਂ।

*ਨਾਵਣ ਚੱਲੇ ਤੀਰਥੀ ਤਨ ਖੋਟੇ ਮਨ ਚੋਰ*

ਸਾਡਾ ਜਿਊਣਾ ਦੁੱਭਰ ਕਰਨ ਵਾਲਿਆਂ ਦੀ ਸੰਘੀ ਘੁੱਟਣ ਦੀ ਵਜਾਏ ਅਸੀਂ ਉਹਨਾਂ 'ਸੰਘੀਆਂ' ਦੇ ਸਾਥੀ ਬਣ ਕੇ ਉੱਚੀ ਉੱਚੀ 'ਜੈਕਾਰੇ' ਲਾਉਣ ਦੇ ਆਦੀ ਹੋ ਗਏ ਹਾਂ। ਸਾਡੀ ਇਹ ਆਦਤ ਪੀੜ੍ਹੀ ਦਰ ਪੀੜ੍ਹੀ ਚਲੀ ਆਉਂਦੀ ਹੈ, ਜਿਨ੍ਹਾਂ ਦੇ ਪੈਰਾਂ ਹੇਠ ਬਟੇਰਾ ਆ ਗਿਆ ਹੈ, ਉਹ ਦੂਜਿਆਂ ਨੂੰ ਨਸੀਹਤਾਂ ਦੇਣ ਦੇ ਲਈ 'ਪੁਜਾਰੀ ਤੇ ਵਪਾਰੀ' ਬਣ ਗਏ ਹਨ। ਇਹ ਸ਼ਬਦਾਂ ਦੇ 'ਪੁਜਾਰੀ ਤੇ ਵਪਾਰੀ' 'ਸੱਤਾ' ਦੇ ਇਮਾਨਦਾਰ ਸੇਵਕ' ਹਨ। ਜਿਹੜੇ ਸਰਕਾਰ ਦੀ 'ਕੀਤੀ ਸੇਵਾ' ਨੂੰ ਹੁਣ 'ਲੋਕ ਸੇਵਾ' ਵਿੱਚ ਤਬਦੀਲ ਕਰਨ ਲਈ ਕਦੇ ਚੂਹਿਆਂ ਦੇ ਵਾਂਗ ਕੁਤਰਨ ਲੱਗਦੇ ਹਨ, ਕਦੇ ਲਲਾਰੀ ਦੀ ਦੁਕਾਨ ਵਿੱਚੋਂ ਰੰਗ ਚੁਰਾ ਕੇ 'ਸ਼ੇਰ' ਬਣ ਰਹੇ ਹਨ। ਉਨ੍ਹਾਂ ਦਾ ਹਰ ਸਰਕਾਰਾਂ ਵਿੱਚ ਕਰੂਰਾ ਰਲਦਾ ਹੈ। ਇਸੇ ਕਰਕੇ ਉਨ੍ਹਾਂ ਦੀ ਝਿੜਕ ਦਾ ਕੋਈ ਬੁਰਾ ਨਹੀਂ ਮਨਾਉਂਦਾ।

ਇਹੀ ਲੋਕ ਜਦੋਂ ਕੁਰਸੀਆਂ ਉਤੇ ਸਨ ਤਾਂ ਇਨ੍ਹਾਂ ਨੇ ਕਿਸੇ ਨੂੰ ਵੀ ਆਪਣੇ ਲਵੇ ਨੀ ਲੱਗਣ ਦਿੱਤਾ ਤੇ ਕਿਸੇ ਨੂੰ 'ਕਿਰਤ ਦੇ ਲੜ' ਨਹੀਂ ਲਾਇਆ, ਸਗੋਂ ਖਾਦਿਆਂ ਦੇ ਮੂੰਹਾਂ ਵਿੱਚੋਂ ਬੁਰਕੀਆਂ ਵੀ ਖੋਹਦੇ ਰਹੇ ਹਨ। ਖੋਹ ਕੇ ਖਾਣ ਦੀ ਆਦਤ ਨੇ ਇਨ੍ਹਾਂ ਨੂੰ 'ਸਤਾ' ਦੇ ਆੜ੍ਹਤੀਏ ਬਣਾ ਦਿੱਤਾ ਹੈ। ਇਨ੍ਹਾਂ ਆੜ੍ਹਤੀਆਂ ਨੂੰ ਨਾ ਤਾਂ ਉਤਪਾਦਕਾਂ ਦਾ ਤੇ ਨਾ ਹੀ ਖਪਤਕਾਰਾਂ ਦਾ ਕੋਈ ਫਿਕਰ ਨਹੀ ਹੁੰਦਾ । ਇਹ ਤਾਂ ਦੋਵੇਂ ਹੱਥੀਂ ਲੁੱਟਦੇ ਹਨ ਤੇ ਆਪਣੇ ਹੱਥ ਰੰਗਦੇ ਹਨ।

ਸੱਤਾ ਦੇ ਦਲਾਲਾਂ ਨੇ ਸਾਨੂੰ ਕਿਰਤੀ ਤੋਂ ਭਿਖਾਰੀ ਬਣਾ ਕੇ ਰੱਖ ਦਿੱਤਾ। ਅਸੀਂ ਆਟਾ-ਦਾਲ ਲੈਣ ਦੇ ਲਈ ਲਾਈਨਾਂ ਵਿੱਚ ਖੜੇ ਇੱਕ ਦੂਜੇ ਦੇ ਪੈਰ ਮਿੱਧਦੇ ਹਾਂ। ਅਸੀਂ ਭਿਖਾਰੀ ਬਨਣ ਦੇ ਲਈ ਤਾਂ ਜੰਗ ਲੜਦੇ ਹਾਂ ਪਰ ਕਿਰਤ ਦੇ ਲਈ ਚੁੱਪ ਹਾਂ। ਸੱਤਾ ਦੇ ਵਪਾਰੀ, ਅਧਿਕਾਰੀ , ਪੁਜਾਰੀ ਤੇ ਲਿਖਾਰੀ ਰਲ ਮਿਲ ਕੇ ਸਾਨੂੰ ਦੰਦ-ਹੀਣ ਕਰ ਰਹੇ ਹਨ। ਅਸੀਂ ਮਿੱਟੀ ਖਾਣੇ ਸੱਪ ਬਣੇ ਸੱਤਾ ਦੀ ਬੀਨ ਅੱਗੇ ਭੁੱਖ ਦਾ ਤਾਂਡਵ ਨਾਚ ਕਰ ਰਹੇ ਹਾਂ। ਜਿਹੜੇ ਸੱਤਾ ਦੇ ਦਲਾਲ ਸਾਰੀ ਉਮਰ ਭ੍ਰਿਸ਼ਟ ਰਹੇ ਹਨ, ਉਹ ਹੁਣ ਦੂਜਿਆਂ ਨੂੰ ਹੱਥ ਸਾਫ਼ ਕਰਕੇ ਰੱਖਣ ਲਈ 'ਹੁਕਮਨਾਮਾ' ਜਾਰੀ ਕਰਦੇ ਹਨ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ 'ਹੁਕਮ' ਤਾਂ ਬਹੁਤ ਦੇਰ ਪਹਿਲਾਂ ਹੋ ਗਿਆ ਸੀ, *ਹੁਕਮ ਅੰਦਰਿ ਸਭ ਕੋਇ, ਬਾਹਰ ਹੁਕਮ ਨਾ ਕੋਇ ॥*

ਜਦੋਂ ਧਰਤੀ ਹੋਂਦ ਵਿੱਚ ਆਈ ਸੀ, ਮਨੁੱਖ ਦਾ ਜਨਮ ਹੋਇਆ, ਉਸਨੇ ਵਿਕਾਸ ਕੀਤਾ। ਇਸ ਵਿਕਾਸ ਨੂੰ ਵਿਨਾਸ਼ ਦੇ ਰਸਤੇ ਤੋਰਨ ਲਈ ਸ਼ੈਤਾਨਾਂ ਨੇ ਧਰਮ, ਜਾਤ ਤੇ ਫਿਰਕੇ ਬਣਾ ਲਏ। ਪ੍ਰਚਾਰ ਲਈ ਪੁਜਾਰੀ, ਗ੍ਰੰਥੀ, ਉਸਤਾਦ ਗੁਰੂ ਤੇ ਆਸ਼ਰਮ ਖੋਲੇ। ਇਨ੍ਹਾਂ ਆਸ਼ਰਮਾਂ ਦੇ ਵਿੱਚ ਮਨੁੱਖ ਨੂੰ ਇਨਸਾਨ ਬਨਾਉਣ ਦਾ ਪਾਠ ਨਹੀਂ ਸਗੋ ਡਰ ਦਾ ਪਾਠ ਪੜ੍ਹਾਇਆ ਗਿਆ ਤੇ ਪੜ੍ਹਾਇਆ ਜਾ ਰਿਹਾ ਹੈ । ਫੇਰ ਲੋਕਾਂ ਨੂੰ ਅਗਲੇ ਪਿਛਲੇ ਜਨਮਾਂ ਦੇ ਕਰਮਾਂ ਵਿੱਚ ਉਲਝਾਇਆ ਗਿਆ।

ਧਰਮ ਦੇ ਪੁਜਾਰੀਆਂ ਨੇ ਲੋਕਾਂ ਨੂੰ ਏਨਾ ਕੁੱਟਿਆ, ਲੋਕਾਂ ਦੇ ਮਨਾ ਅੰਦਰ ਨਰਕ-ਸਵਰਗ' ਦਾ ਡਰ 'ਘਰ' ਕਰ ਗਿਆ। ਜਿਹੜੀ ਵਸਤੂ ਘਰ ਵਿੱਚ ਤਬਦੀਲ ਹੋ ਜਾਵੇ ਉਸ ਤੋਂ ਖਹਿੜਾ ਛੁਡਾਉਣਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਹਰ ਮਨੁੱਖ ਆਪਣੇ ਘਰ ਦੇ ਨਾਲ ਅੰਦਰੋਂ ਜੁੜਿਆ ਹੁੰਦਾ ਹੈ। ਜੁੜੇ ਹੋਏ ਨੂੰ ਤੋੜਣਾ ਬਹੁਤ ਔਖਾ ਹੈ, ਪਰ ਅਸੀਂ 'ਡਰ' ' ਦੇ ਵਿਚ ਜਿਊਣ ਦੇ ਲਈ ਸਦੀਆਂ, ਯੁੱਗਾਂ ਤੇ ਯੁੱਗਾਤਰਾਂ ਤੋਂ ਆਦੀ ਹੋ ਗਏ ਹਾਂ।

ਅਸੀਂ ਉਸ 'ਯੁਗਾਂਤਰ' ਨੂੰ ਹੀ ਨਹੀਂ ਸਗੋਂ ਗਦਰੀਆਂ ਨੂੰ ਵੀ ਭੁੱਲ ਗਏ ਹਾਂ, ਜਿਨ੍ਹਾਂ ਨੇ ਸਾਡੀ ਗੁਲਾਮੀ ਨੂੰ ਗਲੇ ਵਿੱਚੋਂ ਉਤਾਰਨ ਦੇ ਲਈ 'ਗਦਰ' ਦੀ ਨੀਂਹ ਰੱਖੀ ਸੀ। ਦੇਸ਼ ਵਿੱਚ 'ਗਦਰ' ਮਚਾਇਆ, ਪਰ ਅਸੀਂ ਸਭ ਨੂੰ ਭੁੱਲ ਗਏ ਹਾਂ । ਇਸੇ ਕਰਕੇ ਅਸੀਂ ਹਰ ਪਲ ਮਰਨ ਦੀ ਜੂਨ ਭੋਗ ਰਹੇ ਹਾਂ। ਅਸੀਂ ਜੰਗਲ ਵਿੱਚ ਲੱਗੀ ਅੱਗ ਨੂੰ ਬੁਝਾਉਣ ਵਾਲੀ 'ਚਿੜੀ' ਦੇ ਸਾਥੀ ਨਹੀਂ ਬਣੇ, ਸਗੋਂ ਅਸੀਂ ਮਰਗਿਆਂ ਦੀਆਂ 'ਫਿਲਮਾਂ' ਬਣਾ ਕੇ ਸੋਸ਼ਲ ਮੀਡੀਏ 'ਤੇ ਪਾਉਣ ਵਾਲੇ ਤਮਾਸ਼ਬੀਨ ਬਣ ਗਏ ਹਾਂ। ਹੁਣ ਅਸੀਂ ਬਾਜ਼ਾਂ, ਬਘਿਆੜਾਂ, ਗਿੱਦੜਾਂ, ਲੱਕੜਬੱਗਿਆਂ ਤੇ ਕੁੱਤਿਆਂ ਦੇ ਸਾਥੀ ਬਣ ਗਏ ਹਾਂ। ਇਸੇ ਕਰਕੇ ਇਸ ਸਮੇਂ ਅਸੀਂ ਕਹਿ ਰਹੇ ਹਾਂ ਕਿ 'ਚਿੜੀ' ਵਿਚਾਰੀ ਕੀ ਕਰੇ? ਉਹ ਠੰਢਾ ਪਾਣੀ ਪੀ-ਪੀ ਕੇ ਸਦੀਆਂ ਤੋਂ ਮਰ ਰਹੀ ਹੈ। ਹੁਣ ਅਸੀਂ ਸੋਚਣਾ ਹੈ ਕਿ ਅਸੀਂ ਕਿਹੜੀ ਧਿਰ ਨਾਲ ਖੜਨਾ ਹੈ। ਮਨੁੱਖ ਨੇ ਮਰਨਾ ਤਾਂ ਇੱਕ ਦਿਨ ਅਵੱਸ਼ ਹੀ ਹੈ, ਫਿਰ ਮਰਨ ਦਾ 'ਡਰ' ਕਿਉਂ ਅਸੀਂ ਮੋਢਿਆਂ ਉੱਤੇ ਆਪੋ ਆਪਣੀ 'ਲਾਸ਼' ਚੁੱਕੀ ਫਿਰਦੇ ਹਾਂ? ਲਾਸ਼ਾਂ ਦਾ ਤਾਂ ਅੰਤਿਮ ਸਸਕਾਰ ਹੁੰਦਾ ਹੈ, ਪਰ ਜਿਊਦਿਆਂ 'ਲਾਸ਼ਾਂ' ਦਾ ਸਸਕਾਰ ਕੌਣ ਕਰੇਗਾ? ਇਹ ਬਹੁਤ ਹੀ ਗੰਭੀਰ ਸਵਾਲ ਹੈ, ਜਿਸ ਦੇ ਜਵਾਬ ਲਈ ਸਾਨੂੰ ਹੁਣ ਵਿਚਾਰਾਂ ਦੀ ਜੰਗ ਲੜਣੀ ਪਵੇਗੀ। ਸਿਰ ਜੋੜ ਕੇ ਮੰਥਨ ਕਰਨਾ ਪਵੇਗਾ, ਸ਼ਬਦ ਗੁਰੂ ਨਾਲ ਜੁੜਨਾ ਪਵੇਗਾ।

ਸ਼ਬਦ ਦੇ ਨਾਲ ਜੁੜਣ ਲਈ ਕਿਤਾਬਾਂ ਪੜ੍ਹਨੀਆਂ ਪੈਣਗੀਆਂ ਗਿਆਨ ਹਾਸਲ ਕਰਨਾ ਪਵੇਗਾ। ਗਿਆਨ ਹੀ ਚੇਤਨਾ ਦਾ ਰਸਤਾ ਹੈ ਜੋ ਚਿੰਤਨ ਵੱਲ ਤੁਰਦਾ ਹੋਇਆ ਸੱਚ ਤੇ ਝੂਠ ਦਾ ਨਿਤਾਰਾ ਕਰਦਾ ਹੈ...ਕਿਤਾਬਾਂ ਸਾਨੂੰ ਵਿਚਾਰਧਾਰਾ ਵੱਲ ਤੋਰਦੀਆਂ ਹਨ । ਅਸੀਂ ਚਿੜੀਆਂ ਤੋਂ ਬਾਜ਼ਾਂ ਨੂੰ ਲੜਾਉਣ ਵਾਲੀ ਸ਼ਕਤੀਆਂ ਨੂੰ ਕਿਉਂ ਭੁੱਲ ਗਏ ਹਾਂ? ਜਿਸ ਨੇ ਆਪਣੀ ਜਿੱਤ ਦਾ ਪਰਚਮ 'ਜ਼ਫ਼ਰਨਾਮਾ' ਲਿਖ ਕੇ ਝੁਲਾਇਆ ਸੀ, ਜਿਸ ਨੇ ਦੱਬੀਆਂ ਕੁੱਚਲੀਆਂ ਕੌਮਾਂ ਲਈ 'ਸਰਬੰਸ' ਵਾਰਿਆ ਸੀ, ਪਰ ਅਸੀਂ 'ਸਰਬੰਸ ਬਚਾਉਣ ਤੇ ਵਧਾਉਣ ਲਈ 'ਆਪਣੇ ਹੱਥੀਂ 'ਧੀਆਂ' ਤੇ ਪੁਤਾਂ " ਨੂੰ ਵੇਚੀ ਜਾ ਰਹੇ ਹਾਂ। ਜਿਹੜੀਆਂ ਬਚ ਗਈਆਂ ਹਨ ਉਹ ਚਿੜੀਆਂ ਵਿਦੇਸ਼ਾਂ ਨੂੰ ਉਡ ਰਹੀਆਂ ਹਨ। ਤੇ ਬਾਕੀ ਢਿੱਡ ਦੀ ਅੱਗ ਬੁਝਾਉਣ ਲਈ " ਦੂਜਿਆਂ ਦੀ ਅੱਗ " ਬੁਝਾ ਰਹੀਆਂ ਹਨ....ਕਦੇ ਤੀਜਾ ਨੇਤਰ ਖੋਲ੍ਹ ਕੇ ਦੇਖੋ...ਨੰਗ ਭੁੱਖ ਨੇ ਅਣਖ ਤੇ ਜ਼ਮੀਰ ਕਿਵੇਂ ਮਾਰ ਦਿੱਤੀ ਹੈ...ਅਸੀਂ ਤਾਂ ਅਜੇ ਢਿੱਡ ਦੀ ਭੁੱਖ ਦੀ ਜੰਗ ਨਹੀਂ ਜਿੱਤ ਸਕੇ..ਕਿਉਂਕਿ ਸਾਨੂੰ ਸੱਤਾ ਨੇ ਬੇਬਸ ਤੇ ਲਾਚਾਰ ਬਣਾ ਦਿੱਤਾ ਹੈ ਜਾਂ ਅਸੀਂ ਅਪਣੀ ਸਵੈ ਰੱਖਿਆ ਕਰਨ ਦੀ ਤਾਕਤ ਭੁੱਲ ਗਏ ਹਾਂ ...

ਸਾਡੇ ਪੁਰਖੇ..ਤੇ...ਕਿਤਾਬਾਂ ... ਸ਼ਬਦ ਗੁਰੂ ਆਵਾਜ਼ਾਂ ਮਾਰਦੇ ...ਰਣ ਵਿੱਚ ਜੂਝਣ ਲਈ ...ਚਮਕੌਰ ਦੀ ਗੜੀ।

ਹੁਣ ਰੁੱਖ, ਮਨੁੱਖ ਤੇ ਕੁੱਖ ਹੀ ਖਤਰੇ ਵਿਚ ਹਨ। ਹੁਣ ਤਾਂ ਪਲ ਪਲ ਖਤਰਾ ਵੱਧ ਰਿਹਾ ਹੈ ਜੋ ਚਿੜੀਆਂ ਨੂੰ ਹੀ ਨਹੀਂ ਸਗੋਂ ਚਿੜੇ ਵੀ ਖਾ ਰਿਹਾ ਹੈ...ਇਸ ਸਮੇਂ ਹੁਣ ਧਰਤੀ, ਚਿੜੀਆਂ ਤੇ ਧੀਆਂ ਨੂੰ ਕੌਣ ਬਚਾਏਗਾ? ਸੋਚੋ ਤੇ ਵਿਚਾਰੋ ।

ਜੰਗ ਦਾ ਬਿਗੁਲ ਵੱਜ ਗਿਆ ਹੈ
ਭੁੱਖ ਦਾ ਮੈਦਾਨ ਸਜ ਗਿਆ ਹੈ
ਬਘਿਆੜ ਸ਼ਹਿਰ ਵੱਲ ਵੱਧ ਰਿਹਾ ਹੈ
.... ਹੁਣ ਮਿੱਤਰੋ !
ਡਰ ਦੀ ਬੁੱਕਲ ਉਤਾਰ ਦਿਓ
ਆਪਣੀ " ਮੈਂ " ਨੂੰ ਮਾਰ ਦਿਓ
....ਮੂੰਹ ਤੋਂ ਮਖੌਟੇ ਉਤਾਰ ਦਿਓ..

*ਕੌਣ ਉਤਾਰੇਗਾ ਡਰ ਦਾ ਭਾਰ ? ਚਿੜੀਆਂ ਨੇ ਬਾਜ਼ ਦਿੱਤਾ ਮਾਰ !*

ਹੁਣ ਚਿੜੀ ਵਿਚਾਰੀ ਨਹੀਂ ....ਪਰ...ਉਹ ਮਾਈ ਭਾਗੋ ਨੀ...ਬਣੀ....ਲੋੜ.ਹੈ ਜੰਗ ਚਮਕੌਰ ਦੀ.... ਪਛਾਣ ਕਰੋ... ਪਹਾੜੀ ਰਾਜਿਆਂ ਦੀ ਜੋ ਹੁਣ ਭੇਸ ਵਟਾ ਕੇ...ਮਾਰ ਰਹੇ ਹਨ....ਤੁਹਾਨੂੰ ਘਰ ਛੱਡਕੇ ਭੱਜਣ ਲਈ ਮਜਬੂਰ ਕਰ ਰਹੇ ਹਨ...ਸਾਡਾ ਤਾਂ ਡਾਂਗ ਉਤੇ ਡੇਰਾ. ਸੀ... ਕਦੇ ਸਰਾਣੇ ਬਾਂਹ ਰੱਖ ਕੇ ਨੀ ਸੀ ਸੁਤੇ... ਤੇਰੀ ਕਿਵੇਂ ਅੱਖ ਲੱਗ ਗੀ....ਤੇ ਖੇਤ ਤੇ ਘਰ ਲੁਟੇਰੇ ਪਹਾੜੀਆਂ ਨੇ ਲੁੱਟ ਲਿਆ......ਘਰ ਦੇ ਭੇਤੀ ਨੇ ਤੇਰੀ ਲੰਕਾ ਉਜਾੜ ਦਿੱਤੀ ! ਹੁਣ ਇਹ ਨਾ ਕਹੋ ਕਿ ਚਿੜੀ ਵਿਚਾਰੀ ਕੀ ਕਰੇ ਸਗੋ ਕਹੋ । ਚਿੜੀਓ ਬਾਜ਼ ਬਣ ਜਾਓ । ਚਿੜੀਆਂ ਨੂੰ ਉਡਾਰੀ ਭਰਨ ਦਿਓ !



ਬੁੱਧ ਸਿੰਘ ਨੀਲੋਂ
94643-70823
budhsinghneelon@gmail.com

# ਸਾਰੇ ਕਮਾਲਾਂ...

ਤੇਰੀ ਇਕ ਦੀਦ ਹੀ ਸਾਰੇ ਕਮਾਲਾਂ ਤੋਂ ਪਰੇ ਹੈ ।
ਤੇਰੇ ਹਾਸੇ ਦੀ ਛਣ-ਛਣ, ਸਭ ਜਮਾਲਾਂ ਤੋਂ ਪਰੇ ਹੈ ।
ਮੈਂ ਅਪਣੇ ਮਨ ਦੀ ਥਹੁ ਪਾਵਾਂ ਕਿਵੇਂ, ਜਿਸ ਦਾ ਕਿ ਪੱਤਣ ,
ਗਗਨ ਤੇ ਧਰਤ ਤੋਂ ਵੱਡਾ, ਪਤਾਲਾਂ ਤੋਂ ਪਰੇ ਹੈ ।
ਮੈਂ ਤੇਰੇ ਇਸ਼ਕ ਦੀ ਬੁੱਕਲ 'ਚ ਇਹ ਮਹਿਸੂਸ ਕੀਤਾ ,
ਇਹਦੀ ਛੋਹ ਰੇਸ਼ਮੀਂ ਸ਼ਾਲਾਂ, ਰੁਮਾਲਾਂ ਤੋਂ ਪਰੇ ਹੈ ।
ਮੈਂ ਉਹਦੀ ਹੀਰ, ਉਹ ਰਾਂਝਾ ਮੇਰਾ, ਪਰ ਇਸ਼ਕ ਸਾਡਾ ,
ਨਾ ਕੁਝ ਲੱਗਦਾ ਹਜ਼ਾਰੇ ਦਾ, ਸਿਆਲਾਂ ਤੋਂ ਪਰੇ ਹੈ ।
ਤੇਰੇ ਨੈਣਾਂ 'ਚੋਂ ਮੈਂ ਇਸ਼ਨਾਨ ਕੀਤੇ ਤੀਰਥਾਂ ਦੇ ,
ਮੇਰੀ ਖ਼ਾਤਰ ਤੇਰੀ ਚੁੱਪ ਵੀ ਧਮਾਲਾਂ ਤੋਂ ਪਰੇ ਹੈ ।
ਅਲਖ ਹੈ ਕੀ, ਅਗਮ ਹੈ ਕੀ ਅਤੇ ਕੀ ਹੈ ਅਗੋਚਰ?
ਮੈਂ ਪੜ੍ਹੀਆਂ ਪੋਥੀਆਂ ਪਰ ਇਹ ਸਵਾਲਾਂ ਤੋਂ ਪਰੇ ਹੈ ।
ਤੇਰੇ ਬਿਨ ਜ਼ਿੰਦਗੀ ਜਿਊਣਾ, ਮੇਰੇ ਵੱਸ ਦੀ ਨਹੀਂ ਗੱਲ ,
ਤੇਰੇ ਬਿਨ ਇਕ ਵੀ ਛਿਣ ਕੱਟਣਾ, ਤਾਂ ਸਾਲਾਂ ਤੋਂ ਪਰੇ ਹੈ ।



ਨੀਲੂ ਜਰਮਨੀ







# ਦੇਖਣਯੋਗ ਹੈ ਅਮਰੀਕਾ-ਕੈਨੇਡਾ ਕੌਮਾਂਤਰੀ ਸਰਹੱਦ ਤੇ ਬਣਿਆ ਇੰਟਰਨੈਸ਼ਨਲ ਪੀਸ ਗਾਰਡਨ, ਬਰੈਂਡਨ (ਮੈਨੀਟੋਬਾ)



ਗੁਰਪ੍ਰੀਤ ਸਿੰਘ ਤਲਵੰਡੀ

-ਵਿਸ਼ਵ ਦੇ ਦੋ ਵਿਕਸਤ ਦੇਸ਼ਾਂ ਕੈਨੇਡਾ ਤੇ ਅਮਰੀਕਾ ਵਲੋਂ ਆਪਣੀਆਂ ਵੱਖ-ਵੱਖ ਰਾਜਾਂ ਨਾਲ ਲੱਗਦੀਆਂ ਕੌਮਾਂਤਰੀ ਸਰਹੱਦਾਂ ਤੇ ਸ਼ਾਤੀ ਦਾ ਸੁਨੇਹਾ ਦਿੰਦੀਆਂ ਗਈ ਵੱਡੀਆਂ ਪਾਰਕਾਂ ਜਾਂ ਬਾਗ-ਬਗੀਚੇ ਸਥਾਪਿਤ ਕੀਤੇ ਹੋਏ ਹਨ, ਜੋ ਅੱਧਾ-ਅੱਧਾ ਦੋਵੇਂ ਮੁਲਕਾਂ ਨੂੰ ਵੰਡਦੇ ਹਨ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦੇ ਅਮਰੀਕਾ ਨਾਲ ਲੱਗਦੀ ਕੌਮਾਂਤਰੀ ਸਰਹੱਦ ਤੇ ਪੀਸ ਆਰਚ ਪਾਰਕ ਬਣਾਈ ਗਈ ਹੈ, ਜਿੱਥੇ ਦੋਵਾਂ ਹੀ ਮੁਲਕਾਂ ਦੇ ਵਸਿੰਦੇ ਬਿਨ੍ਹਾਂ ਕਿਸੇ ਰੋਕ ਟੋਕ ਦੇ ਆ-ਜਾ ਸਕਦੇ ਹਨ। ਇਸੇ ਤਰ੍ਹਾਂ ਹੀ ਕੈਨੇਡੀਅਨ ਰਾਜ ਮੈਨੀਟੋਬਾ ਦੀ ਰਾਜਧਾਨੀ ਵਿੰਨੀਪੈਗ ਦੇ ਸ਼ਹਿਰ ਬਰੈਂਡਨ ਦੇ ਨਾਲ ਲੱਗਦੀ ਅਮਰੀਕਾ ਦੀ ਕੌਮਾਂਤਰੀ ਸਰਹੱਦ ਤੇ ਬਣਿਆਂ ਇੰਟਰਨੈਸ਼ਨਲ ਪੀਸ ਗਾਰਡਨ ਵੀ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆਂ ਹੋਇਆ ਹੈ। ਇੰਟਰਨੈਸ਼ਨਲ ਪੀਸ ਗਾਰਡਨ ਕਰੀਬ 3.65 ਵਰਗ ਮੀਲ (9.5 ਵਰਗ ਕਿਲੋਮੀਟਰ) ਵਿੱਚ ਫੇਲਿਆ ਹੋਇਆ ਹੈ। ਇਹ ਮੈਨੀਟੋਬਾ ਰਾਜ ਦੇ ਹਾਈਵੇ 10 ਤੇ ਸਥਿੱਤ ਹੈ। ਕੈਨੇਡਾ ਦੇ ਕੇਂਦਰ ਵਿੰਨੀਪੈਗ ਦੇ ਨੇੜਲੇ ਸ਼ਹਿਰ ਬਰੈਂਡਨ ਤੋਂ ਕਰੀਬ 100 ਕਿਲੋਮੀਟਰ ਦੀ ਦੂਰੀ ਤੇ ਸਥਿੱਤ ਹੈ। ਇਸਦੇ ਦੂਸਰੇ ਪਾਸੇ ਅਮਰੀਕਾ ਦਾ ਰਾਜ ਉੱਤਰੀ ਡਕੋਟਾ ਹੈ। ਇਸ ਦੀ ਸਥਾਪਨਾਂ 14 ਜੁਲਾਈ 1932 ਨੂੰ ਦੋਵਾਂ ਹੀ ਦੇਸ਼ਾਂ ਵਿਚਕਾਰ ਸ਼ਾਤੀਪੂਰਨ ਸੰਬੰਧਾਂ ਦੇ ਪ੍ਰਤੀਕ ਵਜੋਂ ਕੀਤੀ ਗਈ ਸੀ, ਤਾਂ ਕਿ ਵਿਸ਼ਵ ਦੇ ਮੁਲਕਾਂ ਨੂੰ ਸ਼ਾਤੀ ਦੀ ਅਸਲ ਪਰਿਭਾਸ਼ਾ ਸਮਝਾਈ ਜਾ ਸਕੇ। ਇਸੇ ਪੀਸ ਗਾਰਡਨ ਕਰਕੇ ਹੀ ਅਮਰੀਕਾ ਦੇ ਰਾਜ ਉੱਤਰੀ ਡਕੋਟਾ ਦੇ ਵਾਹਨਾਂ ਦੀਆਂ ਰਜਿਸਟ੍ਰੇਸ਼ਨ ਪਲੇਟਾਂ ਉੱਪਰ ਵੀ ਸੰਨ੍ਹ 1956 ਤੋਂ ਪੀਸ ਗਾਰਡਨ ਸਟੇਟ ਲਿਖਣਾਂ ਸ਼ੁਰੂ ਕੀਤਾ ਗਿਆ।



ਇਸ ਪਾਰਕ ਵਿੱਚ ਹਰ ਸਾਲ ਗਰਮੀਆਂ ਦੇ ਦਿਨਾਂ ਵਿੱਚ 150000 ਤੋਂ ਜਿਆਦਾ ਫੁੱਲ ਖਿੜਦੇ ਹਨ। ਬਾਗ ਵਿੱਚ ਸੁੰਦਰ ਫੁੱਲਾਂ ਦੇ ਬਗੀਚੇ, ਹਰੇ ਘਾਹ ਦੇ ਵਿਸ਼ਾਲ ਮੈਦਾਨ ਅਤੇ ਪਾਣੀ ਦੇ ਫੁਆਰੇ ਹਰ ਕਿਸੇ ਦੇ ਮਨ ਨੂੰ ਮੋਹ ਲੈਂਦੇ ਹਨ। ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ 18 ਫੁੱਟ ਫੁੱਲਾਂ ਦੀ ਘੜੀ ਡਿਸਪਲੇ ਅਤੇ 120 ਫੁੱਟ ਲੰਬੇ ਕੰਕਰੀਟ ਦੇ ਟਾਵਰਾਂ ਨਾਲ ਇੱਕ ਸ਼ਾਂਤੀ ਭਵਨ ਬਣਾਇਆ ਗਿਆ ਹੈ। ਇਸ ਭਵਨ ਦੀਆਂ ਅੰਦਰੂਨੀ ਦੀਵਾਰਾਂ ਤੇ ਵਿਸ਼ਵ ਭਰ ਦੀਆਂ ਮਹਾਨ ਸਖਸ਼ੀਅਤਾਂ ਦੇ ਸ਼ਾਤੀ ਕਾਇਮ ਰੱਖਣ ਦਾ ਸੰਦੇਸ਼ ਦਿੰਦੇ ਹਵਾਲੇ ਲਿਖੇ ਗਏ ਹਨ, ਜਿਨ੍ਹਾਂ ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਵਸ਼ਿੰਗਟਨ, ਰੋਮ ਕੈਥੋਲਿਕ ਚਰਚ ਵੈਟੀਕਨ ਸਿਟੀ ਦੇ ਪੋਪ-2, ਇੰਗਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਵਿੰਸਟਨ ਐੱਸ ਚਰਚਿਲ, ਦਾਰਸ਼ਨਿਕ ਕਨਫੂਸੀਅਸ, ਵਿਗਿਆਨੀ ਅਲਬਰਟ ਆਈਂਸਟਾਈਨ, ਬਰਤਾਨੀਆਂ ਦੇ ਕਿੰਗ ਜਾਰਜ-6, ਵਿਗਿਆਨੀ ਬੈਂਜਾਮਿਨ ਫਰੈਂਕਲਿਨ, ਲੁਈਸ ਪਾਸਚਰ, ਸਾਬਕਾ ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ, ਮਹਾਤਮਾਂ ਬੁੱਧ, ਮਹਾਤਮਾਂ ਗਾਂਧੀ ਆਦਿ ਨੇ ਹਵਾਲੇ ਵੀ ਸ਼ਾਮਿਲ ਕੀਤੇ ਗਏ ਹਨ।

ਇਸ ਪਾਰਕ ਵਿੱਚ ਇੱਕ ਵਿਸ਼ਾਲ ਬੈੱਲ ਟਾਵਰ ਵੀ ਬਣਾਇਆ ਗਿਆ ਹੈ। ਜਿਸ ਵਿੱਚ ਵੱਡ ਅਕਾਰੀ ਸੀਮਿੰਟ ਦੇ ਥਮਲਿਆਂ ਤੇ ਵੱਡੀਆਂ ਘੜੀਆਂ ਲਗਾਈਆਂ ਗਈਆਂ ਹਨ। ਇਸ ਟਾਵਰ ਦਾ ਨਾਮ ਦਾ ਵੈਸਟਮਿਨਸਟਰ ਕੇਰੀਲੀਓਨ ਬੈੱਲ ਟਾਵਰ ਹੈ। ਗਰਮੀ ਦੇ ਦਿਨਾਂ ਵਿੱਚ ਹਰ 15 ਮਿੰਟਾਂ ਬਾਅਦ ਇਹਨਾਂ ਘੜੀਆਂ ਦੀ ਮਧੁਰ ਅਵਾਜ ਸੁਣਨ ਨੂੰ ਮਿਲਦੀ ਹੈ। ਇੱਥੇ ਸਥਾਪਿਤ ਕੀਤੀਆਂ ਗਈਆਂ ਘੜੀਆਂ ਦੇ ਪੂਰੇ ਵਿਸ਼ਵ ਵਿੱਚ ਸਿਰਫ ਚਾਰ ਸੈੱਟ ਹੀ ਹਨ। ਇਹ ਟਾਵਰ ਸੰਨ 1976 ਵਿੱਚ ਸਿਫਟਨ ਪਰਿਵਾਰ ਦੇ ਚਾਰ ਸਪੁੱਤਰਾਂ ਨੇ ਆਪਣੀ ਮਾਂ ਲੇਡੀ ਸਿਫਟਨ ਦੀ ਯਾਦ ਵਿੱਚ ਸਥਾਪਿਤ ਕੀਤਾ ਗਿਆ ਸੀ, ਪਹਿਲਾਂ ਇਹ ਘੜੀਆਂ ਸੰਨ 1932 ਵਿੱਚ ਬਰੈਂਡਨ ਦੇ ਚਰਚ ਨੂੰ ਦਾਨ ਦਿੱਤੀਆਂ ਗਈਆਂ ਸਨ। ਜਦ ਚਰਚ ਦੀ ਮੁੜ ਉਸਾਰੀ ਕੀਤੀ ਗਈ ਤਾਂ ਇਹਨਾਂ ਘੜੀਆਂ ਨੂੰ ਪੀਸ ਗਾਰਡਨ ਵਿੱਚ ਸਥਾਪਿਤ ਕਰ ਦਿੱਤਾ ਗਿਆ। ਘੜੀਆਂ ਨੂੰ ਦਾਨ ਕਰਨ ਵਾਲੇ ਸਿਫਨ ਵਾਰ ਦਾ ਨਾਂ ਕਿਸੇ ਵੇਲੇ ਮੈਨੀਟੋਬਾ ਦੇ ਵੱਡੇ ਵਪਾਰੀਆਂ ਵਿੱਚ ਸ਼ਾਮਿਲ ਸੀ।

11 ਸਤੰਬਰ, 2001 ਵਿੱਚ ਅਮਰੀਕਾ ਦੇ ਨਿਊਯਾਰਕ ਵਿੱਚ ਸਥਿੱਤ ਵਰਲਡ ਟਰੇਡ ਸੈਂਟਰ ਤੇ ਹੋਏ ਹਵਾਈ ਹਮਲੇ ਦੌਰਾਨ ਨਸ਼ਟ ਹੋਈ ਕਈ ਬਿਲਡਿੰਗਾਂ ਦੇ ਅੰਸ਼ ਵੀ ਇਸ ਪਾਰਕ ਵਿੱਚ ਯਾਦਗਾਰ ਵਜੋਂ ਸੰਭਾਲੇ ਗਏ ਹਨ। ਇਹਨਾਂ ਵਿੱਚ ਲੋਹੇ ਦੇ ਬਹੁਤ ਹੀ ਭਾਰੀ ਗਾਰਡਰ ਅਤੇ ਕੰਕਰੀਟ ਦੀਆਂ ਕੰਧਾਂ ਦੇ ਕੁੱਝ ਭਾਗ ਹਨ। ਇਸ ਯਾਦਗਾਰ ਕੋਲ ਇਸ ਹਵਾਈ ਹਮਲੇ ਦੌਰਾਨ ਮਾਰੇ ਗਏ ਵਿਅਕਤੀਆਂ ਨੇ ਨਾਮ ਲਿਖ ਕੇ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਕੈਕਟਸ (ਛਿੱਤਰ ਥੋਹਰ) ਬਗੀਚਾ ਵੀ ਦੇਖਣਯੋਗ ਹੈ। ਏੱਥੇ ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ ਤੋਂ ਕੈਕਟਸ ਲਿਆ ਕੇ ਲਗਾਏ ਗਏ ਹਨ। ਇਸ ਗਾਰਡਨ ਨੂੰ ਕੈਨੇਡਾ ਵਲੋਂ ਜਾਣ ਵੇਲੇ ਸੈਲਾਨੀਆ ਕੋਲ ਇੰਮੀਗਰੇਸ਼ਨ ਕਾਗਜ ਪੱਤਰਾਂ ਦਾ ਹੋਣਾਂ ਬਹੁਤ ਜਰੂਰੀ ਹੈ, ਕਿਉਂਕਿ ਗਾਰਡਨ ਤੋਂ ਬਾਹਰ ਨਿਕਲਣ ਵੇਲੇ ਕੈਨੇਡੀਅਨ ਬਾਰਡਰ ਏਜੰਸੀ ਦੇ ਬੂਥ ਕੋਲੋਂ ਹੋ ਕੇ ਗੁਜਰਨਾਂ ਪੈਂਦਾ ਹੈ। ਗਾਰਡਨ ਸੱਚਮੁੱਚ ਹੀ ਸਾਂਤੀ ਦਾ ਪ੍ਰਤੀਕ ਹੈ। ਏੱਥੇ ਜਾਣ ਵਾਲੇ ਸੈਲਾਨੀ ਏੱਥੋਂ ਦੇ ਕੁਦਰਤੀ ਸੁਹੱਪਣ ਨੂੰ ਚੰਗੀ ਤਰ੍ਹਾਂ ਮਾਣਦੇ ਤੇ ਮਹਿਸੂਸ ਕਰਦੇ ਹਨ। ਲੈਖਕ ਨੂੰ ਗਾਰਡਨ ਦੀ ਸੈਰ ਮੇਰੇ ਬਹੁਤ ਹੀ ਨਜਦੀਕੀ ਰਿਸ਼ਤੇਦਾਰ ਤੇ ਮੈਨੀਟੋਬਾ ਸਰਕਾਰ ਵਿਚਲੇ ਸਿਹਤ ਅਪਸਰ ਗੁਰਮਿੰਦਰ ਸਿੰਘ ਚਹਿਲ ਵਲੋਂ ਕਰਵਾਈ ਗਈ। ਜੋ ਖੁਦ ਕੁਦਰਤ ਨੂੰ ਪਿਆਰ ਕਰਦੇ ਹਨ। ਸੋ, ਕੈਨੇਡਾ ਵਿੱਚ ਆਉਣ ਵਾਲੇ ਸੈਲਾਨੀਆਂ ਲਈ ਇਹ ਗਾਰਡਨ ਕਿਸੇ ਅਜੂਬੇ ਤੋਂ ਘੱਟ ਨਹੀਂ।

-ਸਰੀ (ਕੈਨੇਡਾ), 7789809196






# ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕਰਵਾਇਆ ਗਿਆ ਡਾ.ਸੁਰਿੰਦਰ ਧੰਜਲ ਤੇ ਪ੍ਰੋ.ਰਾਜੇਸ਼ ਗੌਤਮ ਨਾਲ ਰੂ-ਬ-ਰੂ ਤੇ ਸਨਮਾਨ ਸਮਾਗ਼ਮ

## * ਸਮਾਗ਼ਮ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਏ ਸਾਹਿਤ-ਪ੍ਰੇਮੀ ਤੇ ਤਰਕਸ਼ੀਲ ਵਿਚਾਰਧਾਰਕ

## * ਰੂਬੀ ਕਰਤਾਰਪੁਰੀ ਦੀ ਪੁਸਤਕ 'ਦੁਨੀਆਂ ਦੇ ਰੰਗ' ਲੋਕ-ਅਰਪਿਤ ਕੀਤੀ ਗਈ









ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 25 ਅਗੱਸਤ ਨੂੰ ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਦੋ ਵਿਦਵਾਨਾਂ ਡਾ. ਸੁਰਿੰਦਰ ਧੰਜਲ ਅਤੇ ਡਾ.ਰਾਜੇਸ਼ ਕੁਮਾਰ ਗੌਤਮ ਨਾਲ ਰੂ-ਬ-ਰੂ ਸਮਾਗ਼ਮ ਆਯੋਜਿਤ ਕੀਤਾ ਗਿਆ ਅਤੇ ਇਸ ਦੌਰਾਨ ਦੋਹਾਂ ਵਿਦਵਾਨਾਂ ਨੂੰ ਸ਼ਾਨਦਾਰ ਪਲੇਕਸ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਡਾ. ਸੁਰਿੰਦਰ ਧੰਜਲ ਤੇ ਡਾ. ਰਾਜੇਸ਼ ਕੁਮਾਰ ਗੌਤਮ ਦੇ ਨਾਲ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਰਪ੍ਰਸਤ ਬਲਰਾਜ ਚੀਮਾ, ਉੱਘੇ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ, ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਤੇ ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂੰ ਸੁਸ਼ੋਭਿਤ ਸਨ। ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਦੀ ਸਥਾਨਕ ਇਕਾਈ ਦੇ ਸਕੱਤਰ ਅਮਰਦੀਪ ਵੱਲੋਂ ਸਮਾਗ਼ਮ ਦੇ ਉਦੇਸ਼ ਤੇ ਇਸ ਦੀ ਰੂਪ-ਰੇਖਾ ਬਾਰੇ ਦੱਸਣ ਤੋਂ ਬਾਅਦ ਇਸ ਦਾ ਆਰੰਭ ਗਾਇਕ ਇਕਬਾਲ ਬਰਾੜ ਵੱਲੋਂ ਗਾਏ ਗੀਤ "ਸਾਡਾ ਪਿਆਰ ਕਰੇਂਦਾ ਏ ਸਿਜਦੇ ਕਿ ਸਾਡੇ ਵਿਹੜੇ ਆਉਣ ਵਾਲਿਓ" ਨਾਲ ਕੀਤਾ ਗਿਆ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸੀਨੀਅਰ ਮੈਂਬਰ ਮਲੂਕ ਸਿੰਘ ਕਾਹਲੋਂ ਵੱਲੋਂ ਆਏ ਹੋਏ ਮਹਿਮਾਨਾਂ ਤੇ ਮੈਂਬਰਾਂ ਲਈ ਕਹੇ ਗਏ ਸੁਆਗ਼ਤੀ ਸ਼ਬਦਾਂ ਉਪਰੰਤ ਮੰਚ- ਸੰਚਾਲਕ ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਦੇ ਕੌਮੀ ਪ੍ਰਧਾਨ ਬਲਦੇਵ ਸਿੰਘ ਰਹਿਪਾ ਵੱਲੋਂ ਡਾ.ਬਲਜਿੰਦਰ ਸੇਖੋਂ ਨੂੰ ਡਾ. ਸੁਰਿੰਦਰ ਧੰਜਲ ਦੀ ਸਰੋਤਿਆਂ ਨਾਲ ਜਾਣ-ਪਛਾਣ ਕਰਵਾਉਣ ਲਈ ਕਿਹਾ ਗਿਆ ਜਿਨ੍ਹਾਂ ਨੇ ਦੱਸਿਆ ਕਿ ਡਾ. ਧੰਜਲ ਨੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਚ ਬੀ.ਐੱਸ.ਸੀ. (ਇਲੈੱਕਟਰੀਕਲ ਇੰਜੀਨੀਅਰਿੰਗ) ਕਰਨ ਤੋਂ ਬਾਅਦ ਕੈਨੇਡਾ ਆ ਕੇ ਏਸੇ ਵਿਸ਼ੇ ਵਿਚ ਵਿੰਡਸਰ ਯੂਨੀਵਰਸਿਟੀ ਤੋਂ 1980 ਵਿਚ ਮਾਸਟਰ ਦੀ ਡਿਗਰੀ ਲਈ ਅਤੇ ਫਿਰ 1988 ਵਿਚ ਮੈਕਮਾਸਟਰ ਯੂਨੀਵਰਸਿਟੀ ਤੋਂ ਕੰਪਿਊਟੇਸ਼ਨ ਇੰਜੀਨੀਅਰਿੰਗ ਵਿਚ ਮਾਸਟਰ ਦੀ ਦੂਸਰੀ ਡਿਗਰੀ ਪ੍ਰਾਪਤ ਕੀਤੀ ਤੇ ਇੱਥੋਂ ਦੀਆਂ ਤਿੰਨ ਯੂਨੀਵਰਸਿਟੀਆਂ ਵਿਚ ਤਿੰਨ ਦਹਾਕੇ ਕੰਪਿਊਟੇਸ਼ਨ ਇੰਜੀਨੀਅਰਿੰਗ ਦਾ ਵਿਸ਼ਾ ਪੜ੍ਹਾਇਆ। ਉਨ੍ਹਾਂ ਕਿਹਾ ਕਿ ਇੱਥੇ ਹੀ ਬੱਸ ਨਹੀਂ, ਸੁਰਿੰਦਰ ਧੰਜਲ ਨੇ 2005 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੰਜਾਬੀ ਸਾਹਿਤ ਵਿਚ ਅਤੇ ਥਾਪਰ ਯੂਨੀਵਰਸਿਟੀ ਪਟਿਆਲਾ ਤੋਂ 2010 ਵਿਚ ਕੰਪਿਊਟਰ ਸਾਇੰਸ ਵਿਚ ਪੀਐੱਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸ ਦੇ ਨਾਲ ਹੀ ਡਾ. ਧੰਜਲ ਸੇਵਾ-ਮੁਕਤ ਹੋਣ ਤੋਂ ਬਾਅਦ ਹੁਣ 'ਪ੍ਰੋਫ਼ੈੱਸਰ ਅਮੈਰੇਟਸ' ਹਨ ਅਤੇ 'ਪਾਸ਼ ਯਾਦਗਾਰੀ ਕਮੇਟੀ' ਦੇ ਚੇਅਰਪਰਸਨ ਵੀ ਹਨ।

ਉਪਰੰਤ, ਡਾ. ਸੁਖਦੇਵ ਸਿੰਘ ਝੰਡ ਨੇ ਡਾ. ਧੰਜਲ ਦੀ ਸਾਹਿਤਕ ਦੇਣ ਦੀ ਗੱਲ ਕਰਦਿਆਂ ਦੱਸਿਆ ਕਿ ਡਾ. ਧੰਜਲ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਹਨ ਅਤੇ ਉਨ੍ਹਾਂ ਕੈਨੇਡਾ ਵਿਚ ਕੰਪਿਊਟਰ ਸਾਇੰਸ ਨਾਲ ਸਬੰਧਿਤ ਉਚੇਰੀ ਪੜ੍ਹਾਈ ਕਰਨ ਅਤੇ ਤਿੰਨ ਯੂਨੀਵਰਸਿਟੀਆਂ ਵਿਚ ਇਸ ਦੇ ਅਧਿਆਪਨ ਦੇ ਨਾਲ ਨਾਲ ਪੰਜਾਬੀ ਸਾਹਿਤ ਵਿਚ ਵੀ ਉੱਘਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਕਵਿਤਾਵਾਂ ਦੀਆਂ ਸੱਤ ਮੌਲਿਕ ਪੁਸਤਕਾਂ 'ਸੂਰਜਾਂ ਦੇ ਹਮਸਫ਼ਰ'(1972), 'ਤਿੰਨ ਕੋਣ' (ਇਕਬਾਲ ਰਾਮੂਵਾਲੀਆ ਤੇ ਸੁਖਿੰਦਰ ਨਾਲ ਸਾਂਝੀ, 1979), 'ਜ਼ਖ਼ਮਾਂ ਦੀ ਫ਼ਸਲ'(1985), 'ਪਾਸ਼ ਦੀ ਯਾਦ 'ਚ 10 ਕਵਿਤਾਵਾਂ' (1991), 'ਪਾਸ਼ ਤਾਂ ਸੂਰਜ ਸੀ'(2007), 'ਕਵਿਤਾ ਦੀ ਲਾਟ'(2011) ਅਤੇ 'ਦੀਵੇ ਜਗਦੇ ਰਹਿਣਗੇ'(2023) ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ ਆਲੋਚਨਾ ਦੀ ਪੁਸਤਕ 'ਨਾਟਕ, ਰੰਗਮੰਚ, ਆਤਮਜੀਤ ਤੇ ਕੈਮਲੂਪਸ ਦੀਆਂ ਮੱਛੀਆਂ ਵੀ 1998 ਵਿਚ ਛਪਵਾਈ ਅਤੇ 'ਤੀਜੀ ਪਾਸ' ਤੇ 'ਇਨਕਲਾਬ ਜ਼ਿੰਦਾਬਾਦ' ਨਾਟਕਾਂ ਦਾ ਨਿਰਦੇਸ਼ਨ ਵੀ ਕੀਤਾ। ਇਸਦੇ ਨਾਲ ਹੀ ਉਨ੍ਹਾਂ 2020-21 ਵਿਚ ਦਿੱਲੀ ਦੀਆਂ ਬਰੂਹਾਂ 'ਤੇ ਹੋਏ ਕਿਸਾਨ ਅੰਦੋਲਨ ਬਾਰੇ ਡਾ. ਧੰਜਲ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਦੀਵੇ ਜਗਦੇ ਰਹਿਣਗੇ' ਵਿੱਚੋਂ ਕੁਝ ਕਵਿਤਾਵਾਂ ਦੀਆਂ ਟੂਕਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਡਾ. ਸੁਰਿੰਦਰ ਧੰਜਲ ਨੇ ਆਪਣੀ ਗੱਲ ਆਪਣੇ ਪਿੰਡ 'ਚੱਕ ਭਾਈ ਕਾ' ਤੋਂ ਸ਼ੁਰੂ ਕਰਦਿਆਂ ਦੱਸਿਆ ਕਿ ਇਸ ਪਿੰਡ ਅਤੇ ਇਸ ਦੇ ਆਲ਼ੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਵੱਖ-ਵੱਖ ਸਮੇਂ ਉੱਠੀਆਂ ਇਨਕਲਾਬੀ ਲਹਿਰਾਂ ਵਿਚ ਭਰਵਾਂ ਯੋਗਦਾਨ ਪਾਇਆ। ਪੰਜਾਬੀ ਕ੍ਰਾਂਤੀਕਾਰੀ ਕਵਿਤਾ ਤੇ ਨਵ-ਪ੍ਰਯੋਗਵਾਦ ਦੀ ਗੱਲ ਕਰਦਿਆਂ ਉਨ੍ਹਾਂ ਅਮਰਜੀਤ ਚੰਦਨ, ਪਾਸ਼, ਲਾਲ ਸਿੰਘ ਦਿਲ, ਸੰਤ ਸੰਧੂ ਤੇ ਵਰਿਆਮ ਸੰਧੂ ਸਮੇਤ ਨੌਂ ਕਵੀਆਂ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਿਨ੍ਹਾਂ ਨਕਸਲਬਾੜੀ ਲਹਿਰ ਦੌਰਾਨ ਇਨਕਲਾਬੀ ਕਵਿਤਾਵਾਂ ਰਚੀਆਂ। ਉਨ੍ਹਾਂ ਕਿਹਾ ਕਿ 2020-21 ਵਿਚ ਤਿੰਨ ਕਾਲ਼ੇ ਕਾਨੂੰਨਾਂ ਵਿਰੱਧ ਕਿਸਾਨਾਂ ਵੱਲੋਂ ਸ਼ੁਰੂ ਕੀਤਾ ਗਿਆ ਕੌਮੀ ਅੰਦੋਲਨ ਕਾਮਯਾਬ ਹੋਇਆ ਅਤੇ ਮੋਦੀ ਸਰਕਾਰ ਨੂੰ ਇਹ ਤਿੰਨੇ ਕਾਨੂੰਨ ਵਾਪਸ ਲੈਣੇ ਪਏ। ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀ ਹਰਮਨ-ਪਿਆਰੀ ਗ਼ਜ਼ਲ "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ" ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਭਰਾ ਕਾਰਪੋਰੇਟ ਸੈੱਕਟਰ ਵੱਲੋਂ ਉਨ੍ਹਾਂ ਦੀਆਂ ਜ਼ਮੀਨਾਂ ਹਥਿਆਉਣ ਲਈ ਬਣਾਏ ਗਏ ਇਹ ਕਾਲ਼ੇ ਕਾਨੂੰਨ ਭਲਾ ਕਿਵੇਂ ਜਰ ਸਕਦੇ ਸਨ? ਉਨ੍ਹਾਂ ਦਾ ਕਹਿਣਾ ਸੀ ਕਿ ਇਸ ਅੰਦੋਲਨ ਵਿਚ ਲੋਕਾਂ ਨੂੰ ਹਰ ਤਰ੍ਹਾਂ ਦੀ ਏਕਤਾ ਅਤੇ ਖੱਬੀ ਲਹਿਰ ਦਾ ਕ੍ਰਿਸ਼ਮਾ ਵੇਖਣ ਨੂੰ ਮਿਲਿਆ।

ਆਪਣੀ ਪੁਸਤਕ 'ਕਵਿਤਾ ਦੀ ਲਾਟ' ਵਿਚਲੀ ਕਵਿਤਾ 'ਜੋਸ਼ ਤੇ ਹੋਸ਼' ਦੇ ਹਵਾਲੇ ਨਾਲ ਡਾ. ਧੰਜਲ ਨੇ ਲੋਕਾਂ ਨੂੰ ਜੋਸ਼ ਦੇ ਨਾਲ ਹੋਸ਼ ਤੋਂ ਵੀ ਕੰਮ ਲੈਣ ਦੀ ਗੱਲ ਬਾਖ਼ੂਬੀ ਕੀਤੀ। ਉਨ੍ਹਾਂ ਆਪਣੀ ਪੁਸਤਕ 'ਦੀਵੇ ਜਗਦੇ ਰਹਿਣਗੇ' ਵਿੱਚੋਂ ਵੀ ਇਕ ਕਵਿਤਾ "ਸਾਰਾ ਇਤਿਹਾਸ ਲੜੂਗਾ" ਵੀ ਪੜ੍ਹ ਕੇ ਸੁਣਾਈ। ਆਪਣੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਹ ਖ਼ੁਸ਼ਨਸੀਬ ਹਨ ਕਿ ਉਨ੍ਹਾਂ ਨੂੰ ਕੈਨੇਡਾ ਦੀਆਂ ਛੇ ਵੱਕਾਰੀ ਯੂਨੀਵਰਸਿਟੀਆਂ ਵਿਚ ਪੜ੍ਹਨ ਤੇ ਪੜਾਉਣ ਦਾ ਮੌਕਾ ਮਿਲਿਆ ਹੈ। ਸੇਵਾ-ਮੁਕਤੀ ਤੋਂ ਬਾਅਦ ਉਨ੍ਹਾਂ ਨੂੰ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵੱਲੋਂ 'ਪ੍ਰੋਫ਼ੈੱਸਰ ਅਮੈਰੇਟਸ' ਦੀ ਉਪਾਧੀ ਪ੍ਰਦਾਨ ਕੀਤੀ ਗਈ ਹੈ ਜੋ ਉਨ੍ਹਾਂ ਲਈ ਬੜੇ ਮਾਣ ਵਾਲੀ ਗੱਲ ਹੈ। ਇਸ ਦੌਰਾਨ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਨਿਊਜ਼ ਐਡੀਟਰ ਸ਼ਾਮ ਸਿੰਘ 'ਅੰਗਸੰਗ' ਵੱਲੋਂ ਕੀਤੇ ਗਏ ਇਕ ਸਵਾਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਸੰਤ ਰਾਮ ਉਦਾਸੀ ਵੀ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਕਿ ਪਾਸ਼।

ਸਮਾਗ਼ਮ ਦੀ ਦੂਸਰੀ ਅਹਿਮ ਸ਼ਖ਼ਸੀਅਤ ਡਾ. ਰਾਜੇਸ਼ ਕੁਮਾਰ ਗੌਤਮ ਦੀ ਜਾਣ-ਪਛਾਣ ਭਾਰਤ ਦੀ ਤਰਕਸ਼ੀਲ ਸੋਸਾਇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਬਰਨਾਲਾ ਨੇ ਕਰਵਾਈ। ਉਨ੍ਹਾਂ ਦੱਸਿਆ ਕਿ ਡਾ. ਗੌਤਮ ਮੱਧ ਪ੍ਰਦੇਸ਼ ਦੀ ਹਰੀ ਸਿੰਘ ਗੌੜ ਸੈਂਟਰਲ ਯੂਨੀਵਰਸਿਟੀ ਸਾਗਰ ਦੇ ਐਂਥਰੋਪੋਲੋਜੀ ਵਿਭਾਗ ਦੇ ਵਿਚ ਪਿਛਲੇ 20 ਸਾਲ ਤੋਂ ਪੜ੍ਹਾ ਰਹੇ ਹਨ। ਉਹ ਅਮਰੀਕਾ ਦੀ ਮੌਂਟਕਲੇਅਰ ਸਟੇਟ ਯੂਨੀਵਰਸਿਟੀ ਨਿਊ ਜਰਸੀ ਦੇ ਵਿਜ਼ਿਟਿੰਗ ਪ੍ਰੋਫ਼ੈਸਰ ਵੀ ਰਹੇ ਹਨ। ਉਹ ਭਾਰਤ ਵਿਚ ਉਹ ਤਰਕਸ਼ੀਲ ਲਹਿਰ ਨਾਲ ਪਿਛਲੇ ਲੰਮੇਂ ਸਮੇਂ ਤੋਂ ਜੁੜੇ ਰਹੇ ਹਨ ਅਤੇ ਸੈਮੀਨਾਰਾਂ, ਵੈਬੀਨਾਰਾਂ ਤੇ ਕਾਨਫ਼ਰੰਸਾਂ ਰਾਹੀਂ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਕਰਨ ਲਈ ਜਾਗਰੂਕ ਕਰ ਰਹੇ ਹਨ। ਡਾ. ਗੌਤਮ ਨੇ ਆਪਣੇ ਸੰਬੋਧਨ ਵਿਚ ਦੱਸਿਆ ਕਿ ਉਨ੍ਹਾਂ ਨੇ ਆਪਣੀ ਖੋਜ ਦੌਰਾਨ ਮਨੁੱਖਾਂ ਵਿਚ ਮੋਟਾਪੇ ਨੂੰ ਘੱਟ ਕਰਨ ਉੱਪਰ ਕੰਮ ਕੀਤਾ ਹੈ। ਲੋਕਾਂ ਵਿਚ ਫੈਲੇ ਵਹਿਮਾਂ-ਭਰਮਾਂ ਤੇ ਮਾੜੇ ਰੀਤੀ-ਰਿਵਾਜਾਂ ਨੂੰ ਛੱਡਣ ਲਈ ਉਨ੍ਹਾਂ ਨੇ ਆਪਣੇ ਤੌਰ 'ਤੇ ਕਈ ਸੈਮੀਨਾਰ ਕਰਵਾਏ ਹਨ ਸਮੇਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਕੋਈ ਸਹਿਯੋਗ ਨਹੀਂ ਮਿਲਿਆ ਪਰ ਫਿਰ ਵੀ ਉਹ ਆਪਣੇ ਵਿਦਿਆਰਥੀਆਂ ਤੇ ਆਮ ਲੋਕਾਂ ਨੂੰ ਵਿਗਿਆਨਕ ਪੱਖ ਤੋਂ ਜਾਣਕਾਰੀ ਦੇਣ ਦੀ ਕੋਸਿਸ਼ ਕਰਦੇ ਰਹਿੰਦੇ ਹਨ। ਮੰਚ ਦਾ ਸੰਚਾਲਨ ਕਰਦਿਆਂ ਆਪਣੀਆਂ ਟਿਪਣੀਆਂ ਵਿਚ ਬਲਦੇਵ ਰਹਿਪਾ ਨੇ ਲੋਕਾਂ ਨੂੰ ਜੀਵਨ ਵਿਚ ਤਰਕਸ਼ੀਲ ਸੋਚ ਤੇ ਪਹੁੰਚ ਅਪਨਾਉਣ ਲਈ ਕਿਹਾ।

ਡਾ. ਵਰਿਆਮ ਸਿੰਘ ਸੰਧੂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅਸੀਂ ਸਾਰੇ ਇੱਕੋ ਜ਼ਮੀਨ ਤੋਂ ਹੀ ਪੈਦਾ ਹੋਏ ਹਾਂ ਪਰ ਇਨਕਲਾਬੀ ਯੋਧਿਆਂ ਦੇ ਰਸਤੇ ਸਾਡੇ ਨਾਲੋਂ ਅਲੱਗ ਸਨ। ਉਨ੍ਹਾਂ ਆਜ਼ਾਦੀ ਲਈ ਜੇਲ੍ਹਾਂ ਕੱਟੀਆਂ ਅਤੇ ਆਪਣੀਆਂ ਜਾਨਾਂ ਤੱਕ ਵਾਰ ਦਿੱਤੀਆਂ। ਉਨ੍ਹਾਂ ਕਿਹਾ ਕਿ ਗ਼ਦਰ ਪਾਰਟੀ ਦੇ ਯੋਧਿਆ ਨੇ ਵੱਡਮੁੱਲੀਆਂ ਕੁਰਬਾਨੀਆਂ ਕੀਤੀਆਂ ਹਨ ਅਤੇ ਅੱਜ ਦੀ ਨਵੀਂ ਪੀੜ੍ਹੀ ਨੂੰ ਇਸ ਪਾਰਟੀ ਦੇ ਨਾਂ ਬਾਰੇ ਵੀ ਕੁਝ ਪਤਾ ਨਹੀਂ ਹੈ। ਇਸ ਸਬੰਧੀ ਉਨ੍ਹਾਂ 2014 ਵਿਚ ਗ਼ਦਰ ਸ਼ਤਾਬਦੀ ਮਨਾਉਣ ਲਈ ਪੰਜਾਬ ਦੇ ਖਡੂਰ ਸਾਹਿਬ ਕਾਲਜ ਵਿਚ ਹੋਏ ਸੈਮੀਨਾਰ ਦੀ ਉਦਾਹਰਣ ਵੀ ਸਰੋਤਿਆਂ ਨਾਲ ਸਾਂਝੀ ਕੀਤੀ ਜਿੱਥੇ ਵਿਦਿਆਰਥੀਆਂ ਵਿੱਚੋਂ ਕੋਈ ਵੀ ਇਸ ਦੇ ਬਾਰੇ ਕੁਝ ਨਾ ਦੱਸ ਸਕਿਆ ਸੀ । ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਦਿਲ ਤੇ ਦਿਮਾਗ਼ ਆਪੋ ਆਪਣੀ ਥਾਂ ਕੰਮ ਕਰਦੇ ਹਨ ਅਤੇ ਤਰਕ ਦੀ ਆਪਣੀ ਹੀ ਭਾਸ਼ਾ ਹੈ। ਉਲਿੰਪਕ ਖੇਡਾਂ ਦੇ ਨਾਲ ਜੋੜ ਕੇ ਗੱਲ ਕਰਦਿਆਂ ਕਰਦਿਆਂ ਕਿਹਾ ਕਿ ਅਜੋਕੀ ਪੀੜ੍ਹੀ ਨੂੰ ਆਪਣੇ ਦੇਸ਼ ਦੇ ਉਲਿੰਪੀਅਨ ਖਿਡਾਰੀਆਂ ਬਾਰੇ ਵੀ ਕੁਝ ਪਤਾ ਨਹੀਂ ਹੈ ਅਤੇ ਬੜੇ ਘੱਟ ਲੋਕ ਜਾਣਦੇ ਹੋਣਗੇ ਕਿ ਬਲਬੀਰ ਸਿੰਘ ਸੀਨੀਅਰ ਨੇ ਉਲਿੰਪਿਕ ਖੇਡਾਂ ਵਿਚ ਹਾਕੀ ਵਿਚ ਗੋਲ਼ਾਂ ਦੀ 'ਹੈਟ-ਟਰਿੱਕ' ਲਗਾਈ ਸੀ। 'ਕੈਨੇਡੀਅਨ ਪੰਜਾਬੀ ਕਲਚਰਲ ਆਰਗੇਨਾਈਜ਼ੇਸ਼ਨ' ਦੀ ਸਰਗ਼ਰਮ ਮੈਂਬਰ ਸੰਦੀਪ ਅਟਵਾਲ ਵੱਲੋਂ ਵੀ ਡਾ. ਧੰਜਲ ਵੱਲੋਂ ਵੱਖ-ਵੱਖ ਖ਼ੇਤਰਾਂ ਵਿਚ ਪਾਏ ਗਏ ਯੋਗਦਾਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਚੱਲ ਰਹੇ ਸਮਾਗ਼ਮ ਵਿਚ ਉਂਕਾਰਪ੍ਰੀਤ, ਅਕਰਮ ਖ਼ਾਨ ਤੇ ਹਰਮੇਸ਼ ਜੀਂਦੋਵਾਲ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਇਸ ਦੌਰਾਨ ਪ੍ਰਧਾਨਗੀ-ਮੰਡਲ ਵੱਲੋਂ ਰੂਬੀ ਕਰਤਾਰਪੁਰੀ ਦੀ ਤੀਸਰੀ ਪੁਸਤਕ 'ਦੁਨੀਆਂ ਦੇ ਰੰਗ' ਲੋਕ-ਅਰਪਿਤ ਕੀਤੀ ਗਈ। ਇਸ ਮੌਕੇ ਖਚਾ-ਖਚ ਭਰੇ ਹੋਏ ਸੈਮੀਨਾਰ ਹਾਲ ਵਿਚ 100 ਤੋਂ ਵਧੇਰੇ ਸਰੋਤੇ ਹਾਜ਼ਰ ਸਨ। ਹਾਲ ਵਿਚ ਕੁਰਸੀਆਂ ਸੀਮਤ ਹੋਣ ਕਾਰਨ ਬਹੁਤ ਸਾਰੇ ਸਰੋਤਿਆਂ ਇਹ ਪ੍ਰੋਗਰਾਮ ਖਲੋ ਕੇ ਹੀ ਮਾਨਣਾ ਪਿਆ। ਸਰੋਤਿਆਂ ਉੱਘੇ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਪੰਜਾਬੀ ਮੀਡੀਆ ਤੋਂ ਇਕਬਾਲ ਮਾਹਲ, ਹਰਜੀਤ ਸਿੰਘ ਗਿੱਲ ('ਪੰਜਾਬੀ ਦੁਨੀਆਂ' ਟੀ.ਵੀ.), ਹਰਬੰਸ ਸਿੰਘ (ਸਰੋਕਾਰਾਂ ਦੀ ਆਵਾਜ਼), ਡਾ. ਹਰਦੀਪ ਸਿੰਘ ਅਟਵਾਲ, ਪ੍ਰੋ. ਜਗੀਰ ਸਿੰਘ ਕਾਹਲੋਂ, ਗੁਰਦੇਵ ਸਿੰਘ ਮਾਨ, ਜੱਸੀ ਭੁੱਲਰ ਢਪਾਲੀ, ਪਰਸ਼ੋਤਮ ਸਿੰਘ, ਡਾ. ਸੁਰਿੰਦਰਜੀਤ ਕੌਰ, ਡਾ. ਕੰਵਲਜੀਤ ਢਿੱਲੋਂ, ਰਮਿੰਦਰ ਵਾਲੀਆ, ਪਰਮਜੀਤ ਦਿਓਲ, ਸਤਿੰਦਰ ਕੌਰ ਕਾਹਲੋਂ ਤੇ ਕਈ ਹੋਰ ਅਹਿਮ ਸ਼ਖ਼ਸੀਅਤਾਂ ਸ਼ਾਮਲ ਸਨ।

GTA Plumbing & Electrical Supplies
GTA Plumbing & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਫਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਦੁਨੀਆ 'ਚ ਤੇਜ਼ੀ ਨਾਲ ਫੈਲ ਰਿਹਾ Mpox

## ਤੁਹਾਡੇ ਦਰਵਾਜ਼ੇ 'ਤੇ ਦੇਵੇ ਦਸਤਕ ਇਸ ਤੋਂ ਪਹਿਲਾਂ ਸੁਰੱਖਿਆ ਲਈ ਅਪਣਾਓ ਇਹ ਛੇ ਤਰੀਕੇ




ਨਵੀਂ ਦਿੱਲੀ : ਮੌਜੂਦਾ ਸਮੇਂ 'ਚ Mpox ਨੂੰ ਲੈ ਕੇ ਦੁਨੀਆ ਭਰ 'ਚ ਚਿੰਤਾ ਦਾ ਮਾਹੌਲ ਹੈ। ਅਫਰੀਕੀ ਦੇਸ਼ਾਂ ਤੋਂ ਸ਼ੁਰੂ ਹੋਇਆ ਇਹ ਇਨਫੈਕਸ਼ਨ ਹੁਣ ਦੁਨੀਆ ਦੇ ਕਈ ਹਿੱਸਿਆਂ 'ਚ ਹੌਲੀ-ਹੌਲੀ ਆਪਣੀ ਲਪੇਟ 'ਚ ਲੈ ਰਿਹਾ ਹੈ। ਦੁਨੀਆ ਭਰ 'ਚ ਵਧਦੇ ਮਾਮਲਿਆਂ ਨੂੰ ਦੇਖਦੇ ਹੋਏ ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਖੁਦ ਇਸ ਨੂੰ ਗਲੋਬਲ ਐਮਰਜੈਂਸੀ ਘੋਸ਼ਿਤ ਕਰ ਦਿੱਤਾ ਹੈ। ਹਾਲ ਹੀ ਵਿੱਚ ਪਾਕਿਸਤਾਨ ਵਿੱਚ ਇਸ ਲਾਗ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਭਾਰਤ ਵੀ ਅਲਰਟ ਮੋਡ 'ਤੇ ਹੈ।

ਇਸ ਬਿਮਾਰੀ ਦਾ ਅਜੇ ਤੱਕ ਕੋਈ ਟੀਕਾ ਨਹੀਂ ਹੈ। ਹਾਲਾਂਕਿ, ਵੈਕਸੀਨ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਜਦੋਂ ਤੱਕ ਕੋਈ ਟੀਕਾ ਨਹੀਂ ਆਉਂਦਾ, ਜਾਗਰੂਕਤਾ ਹੀ ਇਸ ਤੋਂ ਬਚਣ ਦਾ ਇੱਕੋ ਇੱਕ ਤਰੀਕਾ ਹੈ। ਅਜਿਹੀ ਸਥਿਤੀ ਵਿੱਚ, ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਪੋਣ ਵਾਇਰਸ ਦੀ ਰੋਕਥਾਮ ਲਈ ਕੁਝ ਮਹੱਤਵਪੂਰਨ ਅਤੇ ਆਸਾਨ ਟਿਪਸ ਬਾਰੇ ਦੱਸਾਂਗੇ-

**Mpox ਵਾਇਰਸ ਕੀ ਹੈ?**

Mpox ਵਾਇਰਸ, ਜਿਸਨੂੰ ਪਹਿਲਾਂ ਮੋਨਕਏਪੋਣ ਵਾਇਰਸ ਕਿਹਾ ਜਾਂਦਾ ਸੀ, ਇੱਕ ਬਹੁਤ ਹੀ ਛੂਤ ਵਾਲੀ ਬਿਮਾਰੀ ਹੈ। ਇਸ ਨਾਲ ਚਮੜੀ 'ਤੇ ਧੱਫੜ, ਸੁੱਜੇ ਹੋਏ ਲਿੰਫ ਨੋਡ, ਬੁਖਾਰ ਅਤੇ ਛਾਲੇ ਹੋ ਜਾਂਦੇ ਹਨ। ਕਾਫੀ ਹੱਦ ਤੱਕ ਇਹ ਚੇਚਕ ਦੇ ਸਮਾਨ ਹੈ।

**Mpox ਦੇ ਲੱਛਣ**

* ਬੁਖ਼ਾਰ
* ਥਕਾਵਟ
* ਸਿਰ ਦਰਦ
* ਠੰਡ ਮਹਿਸੂਸ ਕਰਨਾ
* ਮਾਸਪੇਸ਼ੀ ਦੇ ਦਰਦ
* ਸੁੱਜੇ ਹੋਏ ਲਿੰਫ ਨੋਡਸ
* ਪੁਸ ਧੱਫੜ

ਇਸ ਤਰ੍ਹਾਂ ਕਰੋ Mpox ਤੋਂ ਬਚਾਅ

**ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ –** ਜਦੋਂ ਵੀ ਤੁਸੀਂ ਕਿਸੇ ਗੰਦੀ ਚੀਜ਼ ਜਾਂ ਕਿਸੇ ਦੂਸ਼ਿਤ ਸਤਹ ਨੂੰ ਛੂਹਦੇ ਹੋ ਜਾਂ ਕੰਮ ਤੋਂ ਜਾਂ ਬਾਹਰ ਘਰ ਵਾਪਸ ਆਉਂਦੇ ਹੋ, ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।

**ਸਿਹਤਮੰਦ ਖੁਰਾਕ ਲਓ–** ਐਮਪੀਓਐਕਸ ਨੂੰ ਰੋਕਣ ਲਈ ਤੁਹਾਡੀ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਨਾ ਬਹੁਤ ਮਹੱਤਵਪੂਰਨ ਹੈ । ਅਜਿਹੀ ਸਥਿਤੀ ਵਿੱਚ, ਆਪਣੀ ਖੁਰਾਕ ਵਿੱਚ ਵੱਧ ਤੋਂ ਵੱਧ ਖਣਿਜ ਅਤੇ ਵਿਟਾਮਿਨ ਨਾਲ ਭਰਪੂਰ ਭੋਜਨ ਸ਼ਾਮਲ ਕਰਕੇ ਆਪਣੀ ਇਮਿਊਨ ਸਿਸਟਮ ਨੂੰ ਵਧਾਓ।

**ਫੇਸ ਮਾਸਕ ਪਹਿਨੋ–** ਕਿਸੇ ਵੀ ਕਿਸਮ ਦੇ ਵਾਇਰਸ ਨੂੰ ਆਪਣੇ ਸਰੀਰ ਵਿਚ ਦਾਖਲ ਹੋਣ ਤੋਂ ਰੋਕਣ ਲਈ ਫੇਸ ਮਾਸਕ ਦੀ ਵਰਤੋਂ ਕਰੋ। ਮਾਸਕ ਪਹਿਨਣ ਨਾਲ ਹਵਾ ਵਿੱਚ ਮੌਜੂਦ ਕੀਟਾਣੂਆਂ ਦੇ ਸੰਚਾਰ ਨੂੰ ਰੋਕਿਆ ਜਾ ਸਕਦਾ ਹੈ।

**ਬਿਮਾਰ ਜਾਨਵਰਾਂ ਦੇ ਸੰਪਰਕ ਤੋਂ ਬਚੋ –** ਨੇੜੇ ਮੌਜੂਦ ਕਿਸੇ ਵੀ ਬਿਮਾਰ ਜਾਂ ਜ਼ਖਮੀ ਜਾਨਵਰ ਨੂੰ ਛੂਹਣ ਤੋਂ ਬਚੋ, ਉਹਨਾਂ ਨੂੰ ਪਾਲਤੂ ਨਾ ਰੱਖੋ ਜਾਂ ਉਹਨਾਂ ਦੇ ਨੇੜੇ ਨਾ ਜਾਓ। ਅਜਿਹੇ 'ਚ ਪਸ਼ੂਆਂ 'ਚ ਵਾਇਰਲ ਬੀਮਾਰੀ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

**ਯਾਤਰਾ ਕਰਨ ਤੋਂ ਪਰਹੇਜ਼ ਕਰੋ–** ਜਿੰਨਾ ਹੋ ਸਕੇ ਕਿਤੇ ਵੀ ਯਾਤਰਾ ਕਰਨ ਤੋਂ ਬਚੋ। ਘਰ ਵਿੱਚ ਹੀ ਰਹੋ ਜਦੋਂ ਤੱਕ ਕਿ ਬਿਲਕੁਲ ਜ਼ਰੂਰੀ ਨਾ ਹੋਵੇ।

**ਯਾਤਰੀਆਂ ਨਾਲ ਸੰਪਰਕ ਤੋਂ ਪਰਹੇਜ਼ ਕਰੋ –** ਵਿਦੇਸ਼ਾਂ ਤੋਂ ਘਰ ਵਾਪਸ ਆਏ ਲੋਕਾਂ ਨਾਲ ਸੰਪਰਕ ਤੋਂ ਬਚਣਾ ਬਿਹਤਰ ਹੈ। ਉਹ ਮਪੋਣ ਵਾਇਰਸ ਨਾਲ ਸੰਕਰਮਿਤ ਹੋ ਸਕਦੇ ਹਨ।



# ਕੀ ਤੁਸੀਂ ਵੀ ਐਕਸਰਸਾਈਜ਼ ਦੇ ਤੁਰੰਤ ਬਾਅਦ ਪੀਂਦੇ ਹੋ ਪਾਣੀ

## ਤਾਂ ਹੋ ਜਾਵੋ ਸਾਵਧਾਨ !



ਨਵੀਂ ਦਿੱਲੀ : ਸਿਹਤਮੰਦ ਰਹਿਣ ਲਈ ਐਕਸਰਸਾਈਜ਼ (Exercise) ਕਰਨਾ ਬੇਹੱਦ ਜ਼ਰੂਰੀ ਹੈ। ਇਹ ਨਾ ਸਿਰਫ਼ ਸਰੀਰਕ ਸਗੋਂ ਮਾਨਸਿਕ ਸਿਹਤ (Mental Health) ਲਈ ਵੀ ਬਹੁਤ ਜ਼ਰੂਰੀ ਹੈ। ਹਾਲਾਂਕਿ, ਐਕਸਰਸਾਈਜ਼ ਕਰਦੇ ਸਮੇਂ ਇਹ ਧਿਆਨ 'ਚ ਰੱਖਣਾ ਜ਼ਰੂਰੀ ਹੈ ਕਿ ਤੁਹਾਡਾ ਸਰੀਰ ਹਾਈਡ੍ਰੇਟਿਡ (Body Hydrated) ਬਣਿਆ ਰਹੇ। ਇਸ ਲਈ ਐਕਸਰਸਾਈਜ਼ ਦੌਰਾਨ ਪਾਣੀ ਦੇ ਕੁਝ ਘੁੱਟ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਕੁਝ ਲੋਕ ਘੰਟਿਆਂਬੱਧੀ ਸਖ਼ਤ ਵਰਕਆਊਟ ਕਰਨ ਤੋਂ ਤੁਰੰਤ ਬਾਅਦ ਭਰ ਕੇ ਪਾਣੀ ਪੀ ਲੈਂਦੇ ਹਨ, ਜੋ ਸਿਹਤ ਦੇ ਨਜ਼ਰੀਏ ਨਾਲ ਕਾਫੀ ਗਲਤ ਹੈ।

ਐਕਸਰਸਾਈਜ਼ (Exercise) ਇਕ ਸਰੀਰਕ ਗਤੀਵਿਧੀ ਹੈ ਜਿਸ ਵਿਚ ਸਰੀਰ ਗਤੀਸ਼ੀਲ ਹੁੰਦਾ ਹੈ। ਇਸ ਤਰ੍ਹਾਂ ਦੇ ਮੋਸ਼ਨ ਨਾਲ ਤੁਰੰਤ ਰੈਸਟ ਵਿਚ ਆਉਂਦੇ ਹੀ ਪਾਣੀ ਪੀਣਾ ਨੁਕਸਾਨਦਾਇਕ ਸਾਬਿਤ ਹੋ ਸਕਦਾ ਹੈ। ਆਓ ਜਾਣਦੇ ਹਾਂ ਕਿ ਕਿਉਂ ਐਕਸਰਸਾਈਜ਼ ਕਰਨ ਦੇ ਤੁਰੰਤ ਬਾਅਦ ਪਾਣੀ ਨਹੀਂ ਪੀਣਾ ਚਾਹੀਦਾ।

ਇਨ੍ਹਾਂ ਕਾਰਨਾਂ ਕਰਕੇ ਐਕਸਰਸਾਈਜ਼ ਤੋਂ ਬਾਅਦ ਨਾ ਪੀਓ ਪਾਣੀ

ਕਸਰਤ ਦੌਰਾਨ ਸਰੀਰ 'ਚੋਂ ਪਸੀਨੇ ਦੇ ਰੂਪ 'ਚ ਪਾਣੀ ਨਿਕਲਦਾ ਹੈ, ਜਿਸ ਕਾਰਨ ਸਰੀਰ 'ਚ ਪਾਣੀ ਦੀ ਘਾਟ ਹੋ ਜਾਂਦੀ ਹੈ। ਅਜਿਹੇ 'ਚ ਜੇਕਰ ਗਰਮ ਸਰੀਰ 'ਚ ਠੰਢਾ ਪਾਣੀ ਅਚਾਨਕ ਮਿਲ ਜਾਵੇ ਤਾਂ ਪਾਚਨ ਸ਼ਕਤੀ ਖਰਾਬ ਹੋ ਸਕਦੀ ਹੈ। ਇਸ ਦੌਰਾਨ ਇਸਦੇ ਸੋਖਣ ਦੀ ਸਮਰੱਥਾ ਘੱਟ ਜਾਂਦੀ ਹੈ ਜਿਸ ਨਾਲ ਗਰਮ ਪੇਟ 'ਚ ਠੰਢਾ ਪਾਣੀ ਪਹੁੰਚਦੇ ਹੀ ਤੇਜ਼ ਸੁੰਘੜਣ, ਕ੍ਰੈਂਪਿੰਗ, ਡਾਇਰੀਆ ਤੇ ਪੇਟਦਰਦ ਦੀ ਸਮੱਸਿਆ ਹੋ ਸਕਦੀ ਹੈ।

ਪਿਆਸ ਬੁਝਾਉਣ ਲਈ ਠੰਢਾ ਪਾਣੀ ਪੀਣ 'ਚ ਆਨੰਦ ਤਾਂ ਆਉਂਦਾ ਹੈ ਪਰ ਐਕਸਰਸਾਈਜ਼ ਤੋਂ ਬਾਅਦ ਗਰਮ ਪਾਣੀ ਪੀਣਾ ਜ਼ਿਆਦਾ ਬਿਹਤਰ ਮੰਨਿਆ ਜਾਂਦਾ ਹੈ। ਗਰਮ ਪਾਣੀ ਨੂੰ ਪਾਚਣ ਤੰਤਰ ਆਸਾਨੀ ਨਾਲ ਪਚਾ ਲੈਂਦਾ ਹੈ, ਇਸ ਲਈ ਐਕਸਰਸਾਈਜ਼ ਦੇ ਤੁਰੰਤ ਬਾਅਦ ਠੰਢਾ ਪਾਣੀ ਬਿਲਕੁਲ ਨਾ ਪੀਓ।

ਕਸਰਤ ਤੋਂ ਤੁਰੰਤ ਬਾਅਦ ਦਿਲ ਨੂੰ ਕੁਝ ਸਮੇਂ ਲਈ ਆਰਾਮ ਕਰਨਾ ਚਾਹੀਦਾ ਹੈ ਪਰ ਤੁਰੰਤ ਪਾਣੀ ਪੀਣ ਨਾਲ, ਇਹ ਗੈਸਟਰੋ-ਇੰਟੇਸਟਾਈਨਲ ਟ੍ਰੈਕਟ 'ਚ ਇਕੱਠੇ ਹੋ ਜਾਂਦੇ ਹਨ ਜਿਸ ਨਾਲ ਸਰੀਰ 'ਚ ਖ਼ੂਨ ਸੰਚਾਰ ਦੀ ਮਾਤਰਾ ਅਚਾਨਕ ਵਧ ਜਾਂਦੀ ਹੈ ਤੇ ਦਿਲ 'ਤੇ ਦਬਾਅ ਵਧ ਜਾਂਦਾ ਹੈ। ਕਸਰਤ ਦੇ ਤੁਰੰਤ ਬਾਅਦ ਸਾਦਾ ਪਾਣੀ ਪੀਣ ਨਾਲ ਵੀ ਸਰੀਰ 'ਚ ਇਲੈਕਟ੍ਰੋਲਾਈਟ ਅਸੰਤੁਲਨ ਪੈਦਾ ਹੋ ਸਕਦਾ ਹੈ ਜਿਸ ਨਾਲ ਉਲਟੀਆਂ, ਮਤਲੀ, ਚੱਕਰ ਆਉਣੇ ਤੇ ਥਕਾਵਟ ਮਹਿਸੂਸ ਹੁੰਦੀ ਹੈ।

ਇਸ ਲਈ ਬਹੁਤ ਜ਼ਰੂਰੀ ਹੋਵੇ ਤਾਂ ਕਸਰਤ ਕਰਨ ਤੋਂ ਤੁਰੰਤ ਬਾਅਦ ਇਲੈਕਟਰੋਲਾਈਟ ਦੇ ਇੱਕ ਜਾਂ ਦੋ ਘੁੱਟ ਜਾਂ ਕੋਸੇ ਜਾਂ ਗਰਮ ਪਾਣੀ ਦੇ ਕੁਝ ਘੁੱਟ ਲਓ।




# ਸਰੀਰ 'ਚ ਇੰਜਣ ਆਇਲ ਦੀ ਤਰ੍ਹਾਂ ਕੰਮ ਕਰਦਾ ਹੈ Vitamin B12

ਸਾਡੇ ਸਰੀਰ ਵਿੱਚ ਸਾਰੇ ਪੌਸ਼ਟਿਕ ਤੱਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਸਾਰੇ ਪੋਸ਼ਕ ਤੱਤ ਸਾਡੇ ਸਰੀਰ ਨੂੰ ਸਿਹਤਮੰਦ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ। ਵਿਟਾਮਿਨ ਬੀ12 ਇਹਨਾਂ ਵਿੱਚੋਂ ਇੱਕ ਹੈ। ਇਸਨੂੰ ਕੋਬਾਲਾਮਿਨ ਵੀ ਕਿਹਾ ਜਾਂਦਾ ਹੈ, ਜੋ ਇੱਕ ਜ਼ਰੂਰੀ ਵਿਟਾਮਿਨ ਹੈ, ਪਰ ਸਰੀਰ ਇਸਨੂੰ ਆਪਣੇ ਆਪ ਪੈਦਾ ਨਹੀਂ ਕਰ ਸਕਦਾ ਹੈ। ਅਜਿਹੇ 'ਚ ਸਰੀਰ 'ਚ ਇਸ ਦੀ ਕਮੀ ਨੂੰ ਕੁਝ ਭੋਜਨ ਅਤੇ ਸਪਲੀਮੈਂਟਸ ਦੀ ਮਦਦ ਨਾਲ ਪੂਰਾ ਕੀਤਾ ਜਾਂਦਾ ਹੈ। ਵਿਟਾਮਿਨ ਬੀ12 ਜਾਨਵਰਾਂ ਦੇ ਉਤਪਾਦਾਂ ਵਿੱਚ ਕੁਦਰਤੀ ਤੌਰ 'ਤੇ ਪਾਇਆ ਜਾਂਦਾ ਹੈ।

ਹਾਲਾਂਕਿ, ਇਹ ਕੁਝ ਹੋਰ ਭੋਜਨਾਂ ਵਿੱਚ ਅਤੇ ਮੌਖਿਕ ਪੂਰਕਾਂ ਜਾਂ ਟੀਕਿਆਂ ਦੇ ਰੂਪ ਵਿੱਚ ਵੀ ਉਪਲਬਧ ਹੈ। ਵਿਟਾਮਿਨ ਬੀ 12 ਦੇ ਸਾਡੇ ਸਰੀਰ ਵਿੱਚ ਬਹੁਤ ਸਾਰੇ ਮਹੱਤਵਪੂਰਨ ਕੰਮ ਹੁੰਦੇ ਹਨ, ਜਿਸ ਵਿੱਚ ਨਰਵ ਸੈੱਲਾਂ ਦਾ ਕੰਮ ਕਰਨਾ, ਲਾਲ ਰਕਤਾਣੂਆਂ ਦਾ ਗਠਨ ਅਤੇ ਡੀਐਨਏ ਸੰਸਲੇਸ਼ਣ ਸ਼ਾਮਲ ਹਨ। ਇਸ ਲਈ ਸਰੀਰ ਵਿੱਚ ਇਸ ਦੀ ਕਮੀ ਕਈ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

ਅਜਿਹੇ 'ਚ ਅੱਜ ਇਸ ਲੇਖ 'ਚ ਅਸੀਂ ਕੁਝ ਅਜਿਹੇ ਟਿਪਸ ਬਾਰੇ ਜਾਣਾਂਗੇ, ਜਿਨ੍ਹਾਂ ਦੀ ਮਦਦ ਨਾਲ ਤੁਸੀਂ ਕੁਦਰਤੀ ਤੌਰ 'ਤੇ ਇਸ ਦੀ ਕਮੀ ਨੂੰ ਦੂਰ ਕਰ ਸਕਦੇ ਹੋ।




**ਭਾਰ ਪ੍ਰਬੰਧਨ ਕਰੋ**

ਸਰੀਰ ਵਿੱਚ ਵਿਟਾਮਿਨ ਬੀ12 ਦੀ ਲੋੜੀਂਦੀ ਮਾਤਰਾ ਨੂੰ ਬਣਾਈ ਰੱਖਣ ਲਈ, ਵਜ਼ਨ ਪ੍ਰਬੰਧਨ ਬਹੁਤ ਜ਼ਰੂਰੀ ਹੈ। ਇਸ ਦੇ ਲਈ ਤੁਸੀਂ ਸੰਤੁਲਿਤ ਖੁਰਾਕ ਅਤੇ ਨਿਯਮਤ ਸਰੀਰਕ ਗਤੀਵਿਧੀਆਂ ਦੀ ਮਦਦ ਲੈ ਸਕਦੇ ਹੋ। ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣਾ ਸਮੁੱਚੀ ਪੋਸ਼ਣ ਸੰਬੰਧੀ ਸਿਹਤ ਦਾ ਸਮਰਥਨ ਕਰਦਾ ਹੈ।

**ਚੰਗੀ ਪਾਚਨ ਸਿਹਤ ਬਣਾਈ ਰੱਖੋ**

ਸਰੀਰ ਵਿੱਚ ਵਿਟਾਮਿਨ ਬੀ12 ਦੇ ਸਮਾਈ ਲਈ ਇੱਕ ਮਜ਼ਬੂਤ ਅਤੇ ਸਿਹਤਮੰਦ ਪਾਚਨ ਪ੍ਰਣਾਲੀ ਜ਼ਰੂਰੀ ਹੈ। ਇਸ ਲਈ, ਆਪਣੀ ਪਾਚਨ ਸਿਹਤ ਦਾ ਵਿਸ਼ੇਸ਼ ਧਿਆਨ ਰੱਖੋ।

**ਹੀਮੋਗਲੋਬਿਨ ਵਧਾਉ**

ਸਰੀਰ ਵਿੱਚ ਵਿਟਾਮਿਨ ਬੀ12 ਦੀ ਕਮੀ ਨਾਲ ਅਨੀਮੀਆ ਦਾ ਖ਼ਤਰਾ ਵੱਧ ਸਕਦਾ ਹੈ। ਇਸ ਲਈ, ਇਸ ਗੰਭੀਰ ਬਿਮਾਰੀ ਨੂੰ ਰੋਕਣ ਅਤੇ ਵਿਟਾਮਿਨ ਬੀ12 ਦੀ ਕਮੀ ਨੂੰ ਦੂਰ ਕਰਨ ਲਈ ਆਪਣੇ ਹੀਮੋਗਲੋਬਿਨ ਨੂੰ ਵਧਾਉਣਾ ਬਹੁਤ ਜ਼ਰੂਰੀ ਹੈ।

**ਸ਼ਰਾਬ ਬਚੋ**

ਸ਼ਰਾਬ ਪੀਣਾ ਹਰ ਤਰ੍ਹਾਂ ਨਾਲ ਸਿਹਤ ਲਈ ਹਾਨੀਕਾਰਕ ਹੈ। ਖਾਸ ਤੌਰ 'ਤੇ ਇਸ ਨੂੰ ਜ਼ਿਆਦਾ ਮਾਤਰਾ 'ਚ ਪੀਣ ਨਾਲ ਪੌਸ਼ਟਿਕ ਤੱਤਾਂ ਦੇ ਸੋਖਣ 'ਤੇ ਅਸਰ ਪੈਂਦਾ ਹੈ ਅਤੇ ਮੈਟਾਬੋਲਿਜ਼ਮ 'ਤੇ ਵੀ ਅਸਰ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਸਰੀਰ ਵਿੱਚ ਵਿਟਾਮਿਨ ਬੀ12 ਦੀ ਕਮੀ ਨੂੰ ਰੋਕਣ ਲਈ ਸ਼ਰਾਬ ਤੋਂ ਬਚੋ।

**ਮਜ਼ਬੂਤ ਭੋਜਨ ਖਾਓ**

ਫੋਰਟੀਫਾਈਡ ਭੋਜਨ ਭੋਜਨ ਦੇ ਪੋਸ਼ਣ ਮੁੱਲ ਨੂੰ ਬਿਹਤਰ ਬਣਾਉਣ ਅਤੇ ਵਿਟਾਮਿਨ ਬੀ 12 ਦੀ ਕਮੀ ਦੇ ਜੋਖਮ ਨੂੰ ਘਟਾਉਣ ਲਈ ਇੱਕ ਵਧੀਆ ਵਿਕਲਪ ਹਨ।

**ਪੂਰਕ ਅਤੇ ਜਾਨਵਰ ਅਧਾਰਤ ਭੋਜਨ**

ਸਰੀਰ ਵਿੱਚ ਵਿਟਾਮਿਨ ਬੀ12 ਦੀ ਕਮੀ ਨੂੰ ਦੂਰ ਕਰਨ ਲਈ ਤੁਸੀਂ ਓਰਲ ਬੀ12 ਸਪਲੀਮੈਂਟ ਜਾਂ ਬੀ12 ਨਾਲ ਭਰਪੂਰ ਮਲਟੀਵਿਟਾਮਿਨ ਨੂੰ ਆਪਣੀ ਖੁਰਾਕ ਦਾ ਹਿੱਸਾ ਬਣਾ ਸਕਦੇ ਹੋ। ਹਾਲਾਂਕਿ, ਇਹਨਾਂ ਪੂਰਕਾਂ ਨੂੰ ਲੈਣ ਤੋਂ ਪਹਿਲਾਂ, ਯਕੀਨੀ ਤੌਰ 'ਤੇ ਡਾਕਟਰ ਨਾਲ ਸਲਾਹ ਕਰੋ। ਤੁਸੀਂ ਆਪਣੀ ਖੁਰਾਕ ਵਿੱਚ ਜਾਨਵਰਾਂ ਦੇ ਅਧਾਰਤ ਭੋਜਨ ਵੀ ਸ਼ਾਮਲ ਕਰ ਸਕਦੇ ਹੋ।












# ਰਾਸ਼ੀਫਲ

**ਮੇਖ :** ਤੁਸੀ ਖੁਦ ਨੂੰ ਬਿਮਾਰ ਮਹਿਸੂਸ ਕਰ ਸਕਦੇ ਹੋ ਮਾਲੂਮ ਹੁੰਦਾ ਹੈ ਕਿ ਪਿੱਛਲੇ ਕੁਝ ਦਿਨਾਂ ਤੋਂ ਬੇਹਿੱਜ ਕੰਮਕਾਜ ਨੇ ਤੁਹਾਨੂੰ ਥਕਾ ਦਿੱਤਾ ਹੈ। ਅੱਜ ਦੇ ਦਿਨ ਤੁਹਾਨੂੰ ਆਰਥਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਸੰਭਵ ਹੈ ਕਿ ਤੁਸੀ ਜ਼ਰੂਰਤ ਤੋਂ ਜ਼ਿਆਦਾ ਖਰਚ ਕਰੋ ਜਾਂ ਤੁਹਾਡਾ ਪਰਸ ਵੀ ਖੋ ਸਕਦਾ ਹੈ ਇਨਾਂ ਮਾਮਲਿਆਂ ਵਿਚ ਸਾਵਧਾਨੀ ਦੀ ਘਾਟ ਤੁਹਾਨੂੰ ਨੁਕਸਾਨ ਪਹੁੰਚਾ ਸਕਦੀ ਹੈ। ਤੁਹਾਡੀ ਸਹਾਇਤਾ ਸਹੀ ਸਮੇਂ ਤੇ ਕਿਸੇ ਨੂੰ ਵੱਡੀ ਪਰੇਸ਼ਾਨੀ ਤੋਂ ਬਚਾ ਸਕਦੀ ਹੈ। ਅੱਜ ਆਪਣੇ ਪ੍ਰੇਮੀ ਨੂੰ ਨਾਰਾਜ਼ ਨਾ ਕਰੋ ਕਿਉਂ ਕਿ ਇਸ ਨਾਲ ਤੁਹਾਨੂੰ ਬਾਅਦ ਵਿਚ ਪਛਤਾਉਣਾ ਪੈ ਸਕਦਾ ਹੈ। ਕੰਮਕਾਰ ਵਿਚ ਆ ਰਹੇ ਬਦਲਾਅ ਦੇ ਕਾਰਨ ਤੁਹਾਨੂੰ ਲਾਭ ਮਿਲੇਗਾ। ਯਾਤਰਾ ਕਰਨਾ ਦੇ ਲਈ ਚੰਗਾ ਦਿਨ ਨਹੀਂ ਹੈ। ਜੇ ਤੁਸੀ ਦੂਜਿਆਂ ਨੂੰ ਆਪਣੇ ਭਿਤਰਵ ਕਰਦੇ ਹੋ ਤਾਂ ਇਲਾਵਾ ਆਪਣ ਆਪ ਨੂੰ ਕਾਬੂ ਕਰਨ ਲਈ ਵਧੇਰੇ ਮੌਕਾ ਦੇ ਰਹੇ ਹੋ ਤਾਂ ਤੁਹਾਨੂੰ ਆਪਣੇ ਸਾਥੀ ਤੋਂ ਪ੍ਰਤੀਕੂਲ ਪ੍ਰਤੀਕਿਰਿਆ ਮਿਲ ਸਕਦੀ ਹੈ।

**ਬ੍ਰਿਸ਼ਭ :** ਅਸੁਵਿਧਾ ਤੁਹਾਡੀ ਮਾਨਸਿਕ ਸ਼ਾਂਤੀ ਨੂੰ ਭੰਗ ਕਰ ਸਕਦੀ ਹੈ। ਅੱਜ ਤੁਹਾਨੂੰ ਬੇਵਜਾਹ ਪੈਸਾ ਖਰਚ ਕਰਨ ਤੋਂ ਖੁਦ ਨੂੰ ਰੋਕਣਾ ਚਾਹੀਦਾ ਹੈ ਨਹੀਂ ਤਾਂ ਲੋੜ ਦੇ ਸਮੇਂ ਤੁਹਾਡੇ ਕੋਲ ਪੈਸੇ ਦੀ ਘਾਟ ਹੋ ਸਕਦੀ ਹੈ। ਬੱਚਿਆਂ ਨਾਲ ਜੁੜੀ ਸਮੱਸਿਆ ਦੇ ਸਮਾਧਾਨ ਲਈ ਥੋੜਾ ਸਮਾਂ ਕੱਢੋ। ਰੋਮਾਂਸ ਖੁਸ਼ੀ ਭਰਿਆ ਹੋਵੇਗਾ ਇਸ ਲਈ ਉਸ ਨਾਲ ਸੰਪਰਕ ਕਰੋ ਜਿਸ ਨਾਲ ਤੁਸੀ ਪ੍ਰੇਮ ਕਰਦੇ ਹੋ ਅਤੇ ਦਿਨ ਦਾ ਭਰਪੂਰ ਲਤਫ ਲਵੋ। ਲਾਭਦਾਇਕ ਦਿਨ ਹੈ ਇਸ ਲਈ ਕੋਸ਼ਿਸ਼ ਕਰੋ ਅਤੇ ਕੁਝ ਵੱਡੇ ਮੌਕੇ ਤੁਹਾਡੀ ਇੰਤਜ਼ਾਰ ਕਰ ਰਹੇ ਹਨ। ਤੁਸੀ ਆਪਣੇ ਖਾਲੀ ਸਮੇਂ ਵਿਚ ਆਪਣਾ ਪਸੰਦੀਦਾ ਕੰਮ ਕਰਨ ਪਸੰਦ ਕਰਦੇ ਹੋ ਅੱਜ ਵੀ ਤੁਸੀ ਅਜਿਹਾ ਹੀ ਕੁਝ ਕਰਨ ਦੀ ਸੋਚੋਗੇ ਪਰੰਤੂ ਕਿਸੇ ਸਖ਼ਸ ਦੇ ਘਰ ਵਿਚ ਆਉਣ ਦੀ ਵਜਾਹ ਨਾਲ ਤੁਹਾਡੀ ਇਹ ਯੋਜਨਾ ਰੱਦ ਹੋ ਸਕਦੀ ਹੈ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡਾ ਵਿਆਹ ਕਦੇ ਇਨਾ ਖੂਬਸੂਰਤ ਨਹੀਂ ਰਿਹਾ ਸੀ।

**ਮਿਥੁਨ :** ਦੂਸਰਿਆਂ ਦੇ ਲਈ ਖਰਾਬ ਨੀਅਤ ਰੱਖਣਾ ਮਾਨਸਿਕ ਤਣਾਅ ਨੂੰ ਜਨਮ ਦਿੰਦਾ ਹੈ ਇਸ ਤਰਾਂ ਦੇ ਵਿਚਾਰਾਂ ਤੋਂ ਬਚੋ ਕਿਉਂ ਕਿ ਇਹ ਸਮਾਂ ਬਰਬਾਦ ਕਰਦੇ ਹਨ ਅਤੇ ਤੁਹਾਡੀ ਸਮਤਾ ਨੂੰ ਖਤਮ ਕਰਦੇ ਹਨ। ਹਾਲਾਂਕਿ ਪੈਸਾ ਤੁਹਾਡੀ ਉਂਗਲੀਆਂ ਵਿਚੋਂ ਆਸਾਨੀ ਨਾਲ ਫਿਸਲ ਜਾਵੇਗਾ ਪਰੰਤੂ ਤੁਹਾਡੇ ਚੰਗੇ ਸਿਤਾਰੇ ਤੰਗੀ ਨਹੀਂ ਆਉਣ ਦੇਣਗੇ। ਘਰ ਦਾ ਕੁਝ ਸਮੇਂ ਤੋਂ ਰੁਕਿਆ ਆ ਰਿਹਾ ਕੰਮ ਕਾਰ ਤੁਹਾਡਾ ਥੋੜਾ ਸਮਾਂ ਲੈ ਸਕਦਾ ਹੈ। ਤੁਹਾਡੇ ਦਿਮਾਗ ਤੇ ਕੰਮ ਦਾ ਬੋਝ ਹੋਣ ਦੇ ਬਾਵਜੂਦ ਤੁਹਾਡਾ ਪਿਆਰ ਤੁਹਾਨੂੰ ਰੋਮਾਂਸ ਦਾ ਆਨੰਦ ਲਿਆਉਂਦਾ ਹੈ। ਨਵੇਂ ਗਾਹਕਾਂ ਨਾਲ ਗੱਲਬਾਤ ਕਰਨ ਲਈ ਬਹੁਤ ਵਧੀਆ ਦਿਨ ਹੈ। ਅੱਜ ਤੁਸੀ ਆਪਣਾ ਖਾਲੀ ਸਮਾਂ ਆਪਣੀ ਮਾਂ ਦੀ ਸੇਵਾ ਵਿਚ ਬਤੀਤ ਕਰੋਂਗੇ ਪਰੰਤੂ ਅਚਾਨਕ ਕਿਸੇ ਕੰਮ ਦੇ ਆ ਜਾਣ ਤੇ ਅਜਿਹਾ ਨਹੀਂ ਹੋ ਪਏਗਾ. ਇਸ ਨਾਲ ਤੁਹਾਨੂੰ ਮੁਸ਼ਕਿਲ ਹੋਵੇਗੀ। ਅੱਜ ਤੁਹਾਨੂੰ ਵਿਆਹੁਤਾ ਜੀਵਨ ਦੀ ਖੁਸ਼ਹਾਲੀ ਦੀ ਕਦਰ ਕਰਨ ਲਈ ਬਹੁਤ ਸਾਰੇ ਮੌਕੇ ਮਿਲਣਗੇ।

**ਕਰਕ :** ਕੁਝ ਅਜਿਹੀਆਂ ਘਟਨਾਵਾਂ ਤੁਹਾਡੀ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ ਜਿਨਾਂ ਨੂੰ ਟਾਲਣਾ ਸੰਭਵ ਨਹੀਂ ਪਰੰਤੂ ਆਪਣੇ ਆਪ ਨੂੰ ਸ਼ਾਤ ਬਣਾਉ ਅਤੇ ਹਾਲਾਤ ਨਾਲ ਨਜਿੱਠਣ ਲਈ ਤੁਰੰਤ ਪ੍ਰਕਿਰਿਆ ਨਾ ਕਰੋ। ਜੋ ਵਪਾਰੀ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਘਰ ਤੋਂ ਬਾਹਰ ਜਾ ਰਹੇ ਹਨ ਉਹ ਆਪਣੇ ਪੈਸੇ ਨੂੰ ਸੰਭਾਲ ਕੇ ਰੱਖਣ। ਪੈਸਾ ਚੋਰੀ ਹੋਣ ਦੀ ਸੰਭਾਵਨਾ ਹੈ। ਆਪਣੇ ਘਰ ਦੇ ਵਾਤਾਵਰਣ ਵਿਚ ਬਦਲਾਅ ਕਰਨ ਤੋਂ ਪਹਿਲਾਂ ਤੁਹਾਨੂੰ ਸਾਰਿਆਂ ਦੀ ਸਲਾਹ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਲੰਬਾ ਦੌਰ ਜਿਸ ਨੇ ਤੁਹਾਨੂੰ ਕਾਫੀ ਸਮੇਂ ਤੋਂ ਦਬੋਚਿਆ ਹੋਇਆ ਸੀ ਖਤਮ ਹੋ ਚੁੱਕਾ ਹੈ ਕਿਉਂ ਕਿ ਜਲਦ ਹੀ ਤੁਹਾਨੂੰ ਤੁਹਾਡਾ ਜੀਵਨਸਾਥੀ ਮਿਲਣ ਵਾਲਾ ਹੈ। ਰਚਨਾਤਮਕ ਕੰਮ ਵਿਚ ਲੱਗੇ ਲੋਕਾਂ ਦੇ ਲਈ ਸਫਲਤਾ ਨਾਲ ਭਰਿਆ ਦਿਨ ਹੈ ਉਨਾਂ ਨੂੰ ਉਹ ਸ਼ੋਹਰਤ ਅਤੇ ਪਹਿਚਾਣ ਮਿਲੇਗੀ ਜਿਸ ਦੀ ਉਨਾਂ ਨੂੰ ਲੰਬੇ ਸਮੇਂ ਤੋਂ ਉਡੀਕ ਸੀ। ਖਾਲੀ ਸਮੇਂ ਦਾ ਆਨੰਦ ਉਠਾਉਣ ਲਈ ਤੁਹਾਨੂੰ ਲੋਕਾਂ ਤੋਂ ਦੂਰ ਹੋ ਕੇ ਆਪਣੇ ਪਸੰਦੀਦਾ ਕੰਮ ਕਰਨੇ ਚਾਹੀਦੇ ਹਨ ਅਜਿਹਾ ਕਰਕੇ ਤੁਹਾਡੇ ਵਿਚ ਸਾਕਾਰਤਮਕ ਬਦਲਾਅ ਵੀ ਆਵੇਗਾ। ਜ਼ਿੰਦਗੀ ਸੱਚਮੁੱਚ ਦਿਲਚਸਪ ਹੋਵੇਗੀ ਜਦੋਂ ਤੁਹਾਡਾ ਜੀਵਨ ਸਾਥੀ ਤੁਹਾਡੇ ਨਾਲ ਆਵੇਗਾ ਸਾਰੇ ਵਿਵਾਦਾਂ ਨੂੰ ਭੁੱਲ ਜਾਵੇਗਾ ਤੁਹਾਨੂੰ ਪਿਆਰ ਨਾਲ ਗ੍ਰਹਿਣ ਕਰੇਗਾ।

**ਸਿੰਘ :** ਬੱਚਿਆਂ ਦੇ ਨਾਲ ਤੁਸੀ ਸਕੂਨ ਪਾਉਂਗੇ ਬੱਚਿਆਂ ਦੀ ਇਹ ਸ਼ਮਤਾ ਕੁਦਰਤੀ ਹੈ ਅਤੇ ਨਾ ਕੇਵਲ ਤੁਹਾਡੇ ਪਰਿਵਾਰ ਦੇ ਬੱਚਿਆਂ ਵਿਚ ਬਲਕਿ ਹਰ ਬੱਚੇ ਵਿਚ ਇਹ ਗੁਣ ਹੁੰਦਾ ਹੈ ਉਹ ਤੁਹਾਨੂੰ ਸਕੂਨ ਅਤੇ ਰਾਹਤ ਦੇ ਸਕਦਾ ਹੈ। ਜ਼ਮੀਨ ਜਾਂ ਕਿਸੇ ਪਰੋਪਰਟੀ ਵਿਚ ਨਿਵੇਸ਼ ਕਰਨਾ ਅੱਜ ਤੁਹਾਡੇ ਲਈ ਘਾਤਕ ਸਿੱਧ ਹੋ ਸਕਦਾ ਹੈ ਜਿਨਾਂ ਹੋ ਸਕੇ ਇਨਾਂ ਚੀਜਾਂ ਵਿਚ ਨਿਵੇਸ਼ ਕਰਨ ਤੋਂ ਬਚੋ। ਅਜਿਹੇ ਕੰਮਾਂ ਨੂੰ ਸ਼ੁਰੂ ਕਰਨ ਲਈ ਵਧੀਆ ਦਿਨ ਹੈ ਜਿਸ ਨਾਲ ਨੌਜਵਾਨ ਲੋਕ ਜੁੜੇ ਹੋਣ। ਅੱਜ ਦੇ ਦਿਨ ਰੋਮਾਂਸ ਦੀ ਆਸ ਨਾ ਰੱਖੋ। ਕੰਮਕਾਰ ਦੇ ਨਜ਼ਰੀਏ ਤੋਂ ਅੱਜ ਦਾ ਦਿਨ ਵਾਕਾਈ ਸੁਚਾਰੂ ਰੂਪ ਨਾਲ ਚੱਲੇਗਾ। ਜਾਣਕਾਰਾਂ ਨਾਲ ਗੱਲ ਕਰਨਾ ਠੀਕ ਹੈ ਪਰ ਉਨਾਂ ਦੇ ਇਰਾਦਿਆਂ ਨੂੰ ਜਾਣੇ ਬਿਨਾਂ ਤੁਹਾਡੇ ਸਭ ਤੋਂ ਡੂੰਘੇ ਰਾਜ਼ਾਂ ਨੂੰ ਸਾਝਾਂ ਕਰਨਾ ਤੁਹਾਡੇ ਸਮੇਂ ਅਤੇ ਵਿਸ਼ਵਾਸ਼ ਦੀ ਬਰਬਾਦੀ ਹੈ। ਤੁਹਾਡਾ ਜੀਵਨ ਸਾਥੀ ਤੁਹਾਡੀ ਯੋਜਨਾ ਜਾਂ ਪ੍ਰੋਜੈਕਟ ਵਿਚ ਗੜਬੜ ਪੈਦਾ ਕਰ ਸਕਦਾ ਹੈ ਸਬਰ ਨਾ ਹਾਰੋ।

**ਕੰਨਿਆ:** ਘਰ ਅਤੇ ਦਫਤਰ ਵਿਚ ਕੁੱਝ ਦਬਾਅ ਤੁਹਾਨੂੰ ਗੁੱਸੈਲਾ ਬਣਾ ਸਕਦਾ ਹੈ। ਅੱਜ ਬਿਨ ਬੁਲਾਵੇ ਕੋਈ ਮਹਿਮਾਨ ਤੁਹਾਡੇ ਘਰ ਆ ਸਕਦਾ ਹੈ ਪਰੰਤੂ ਇਸ ਮਹਿਮਾਨ ਦੀ ਕਿਸਮਤ ਵਜਾਹ ਨਾਲ ਅੱਜ ਤੁਹਾਨੂੰ ਆਰਥਿਕ ਲਾਭ ਹੋ ਸਕਦਾ ਹੈ। ਜੇਕਰ ਅੱਜ ਤੁਸੀ ਕਿਸੀ ਨੂੰ ਸਲਾਹ ਦਿੰਦੇ ਹੋ ਤਾਂ ਖੁਦ ਲੈਣ ਲਈ ਵੀ ਤਿਆਰ ਰਹੋ। ਅੱਜ ਦੇ ਦਿਨ ਨੂੰ ਤੁਸੀ ਜਿੰਦਗੀ ਵਿਚੋਂ ਕਦੇ ਨਹੀਂ ਭੁਲੋਂਗੇ ਜੇਕਰ ਪਿਆਰ ਕਰਨ ਦਾ ਮੌਕਾ ਤੁਸੀ ਅੱਜ ਨਹੀਂ ਗਵਾਉਂਦੇ। ਜੋ ਲੋਕ ਵਿਦੇਸ਼ ਵਪਾਰ ਨਾਲ ਜੁੜੇ ਹਨ ਨੂੰ ਲੋੜੀਂਦੇ ਨਤੀਜੇ ਮਿਲਣ ਦੀ ਉਮੀਦ ਹੈ ਇਸ ਦੇ ਨਾਲ ਇਸ ਰਾਸ਼ੀ ਦੇ ਚਿੰਨ੍ਹ ਦੇ ਮਿਹਨਤਕਸ਼ ਨਿਵਾਸੀ ਅੱਜ ਕੰਮ ਦੇ ਸਥਾਨ ਤੇ ਅੱਜ ਆਪਣੇ ਪ੍ਰਤਿਭਾ ਦੀ ਪੂਰੀ ਵਰਤੋਂ ਕਰ ਸਕਦੇ ਹਨ। ਬਾਹਰੀ ਯਾਤਰਾ ਜ਼ਿਆਦਾ ਸੁਖਦਾਇਕ ਨਹੀਂ ਹੋਵੇਗੀ ਪਰੰਤੂ ਖਾਸ ਸੰਪਰਕ ਬਣਾਉਣ ਵਿਚ ਸਹਾਇਤਾ ਕਰੇਗੀ। ਸਰੀਰਕ ਨਜ਼ਦੀਕੀ ਅੱਜ ਤੁਹਾਡੇ ਜੀਵਨ ਸਾਥੀ ਨਾਲ ਸਭ ਤੋਂ ਉੱਤਮ ਰਹੇਗੀ।

**ਤੁਲਾ :** ਤੁਹਾਨੂੰ ਆਪਣੀਆਂ ਭਾਵਨਾਵਾਂ ਤੇ ਨਿਯੰਤਰਣ ਰੱਖਣ ਦੀ ਲੋੜ ਹੈ। ਜੋ ਲੋਕ ਲੰਬੇ ਸਮੇਂ ਤੋਂ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ ਅੱਜ ਉਨਾਂ ਨੂੰ ਕਿਸੇ ਤੋਂ ਧੰਨ ਪ੍ਰਾਪਤ ਹੋ ਸਕਦਾ ਹੈ ਜਿਸ ਨਾਲ ਜੀਵਨ ਦੀਆਂ ਮੁਸ਼ਕਿਲਾ ਦੂਰ ਹੋ ਸਕਦੀਆਂ ਹਨ। ਘਰ ਦੇ ਮਾਹੌਲ ਦੀ ਵਜਾਹ ਨਾਲ ਤੁਸੀ ਉਦਾਸ ਹੋ ਸਕਦੇ ਹੋ। ਤੁਸੀ ਹੋਲੀ ਹੋਲੀ ਪਿਆਰ ਦੀ ਅੱਗ ਵਿਚ ਸੜੋਗੇ ਬਲਕਿ ਪਿਆਰ ਵਿਚ ਸਥਿਰ ਵੀ ਹੋ ਸਕਦੇ ਹੋ। ਮਹੱਤਵਪੂਰਨ ਕਾਰੋਬਾਰੀ ਫੈਸਲੇ ਲੈਂਦੇ ਸਮੇਂ ਦੂਜਿਆਂ ਦੇ ਦਬਾਅ ਵਿਚ ਨਾ ਆਵੋ। ਤੁਹਾਨੂੰ ਅੱਜ ਆਪਣੇ ਘਰ ਵਿਚੋਂ ਕੋਈ ਪੁਰਾਣੀ ਚੀਜ ਮਿਲ ਸਕਦੀ ਹੈ ਜੋ ਤੁਹਾਨੂੰ ਤੁਹਾਡੇ ਬਚਪਨ ਦੇ ਦਿਨਾਂ ਦੀ ਯਾਦ ਦਿਵਾ ਸਕਦੀ ਹੈ ਅਤੇ ਤੁਹਾਨੂੰ ਉਦਾਸੀਨ ਬਣਾ ਸਕਦਾ ਹੈ। ਤੁਸੀ ਸ਼ਾਇਦ ਆਪਣੇ ਜੀਵਨ ਸਾਥੀ ਵੱਲ ਧਿਆਨ ਨਾ ਦਿਉ ਪਰ ਦਿਨ ਦੇ ਅੰਤ ਵਿਚ ਤੁਸੀ ਮਹਿਸੂਸ ਕਰੋਂਗੇ ਕਿ ਉਹ ਤੁਹਾਡੇ ਲਈ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ।

**ਬ੍ਰਿਸ਼ਚਕ :** ਇੰਕਪਲੇਟ ਅਤੇ ਤਨਹਾਈ ਦੀ ਭਾਵਨਾ ਤੋਂ ਬਾਹਰ ਆਉ ਅਤੇ ਪਰਿਵਾਰ ਨਾਲ ਕੁਝ ਪਲ ਬਿਤਾਉ। ਅੱਜ ਕਰ ਦੇ ਸਮੇਂ ਤੁਹਾਨੂੰ ਧੰਨ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ ਕਿਉਂ ਕਿ ਤੁਹਾਡੇ ਦੁਆਰਾ ਦਿੱਤਾ ਗਿਆ ਧੰਨ ਅੱਜ ਤੁਹਾਨੂੰ ਵਾਪਸ ਮਿਲ ਸਕਦਾ ਹੈ। ਘਰੇਲੂ ਜ਼ਿੰਦਗੀ ਵਿਚ ਕੁਝ ਤਣਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਤੁਹਾਡਾ ਪਿਆਰ ਅਸਵੀਕਾਰ ਹੋ ਸਕਦਾ ਹੈ। ਸਾਂਝੇਦਾਰੀ ਦੇ ਉੱਦਮਾਂ ਵਿਚ ਸ਼ੁਰੂਆਤ ਕਰਨ ਦੇ ਲਈ ਚੰਗਾ ਦਿਨ ਹੈ ਸਾਰਿਆਂ ਲਈ ਲਾਭ ਹੋਣ ਦੀ ਸੰਭਾਵਨਾ ਹੈ ਪਰੰਤੂ ਭਾਗੀਦਾਰਾਂ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਸੋਚੋ। ਅੱਜ ਤੁਸੀ ਆਪਣੇ ਜੀਵਨ ਸਾਥੀ ਦੇ ਨਾਲ ਸਮਾਂ ਬਿਤਾਉਣ ਅਤੇ ਸਮਾਜਿਕ ਕੰਮ ਤੁਹਾਨੂੰ ਆਕਰਸ਼ਿਤ ਕਰਨਗੇ ਜੇਕਰ ਤੁਸੀ ਇਨਾਂ ਕੰਮਾਂ ਵਿਚ ਥੋੜਾ ਸਮਾਂ ਲਗਾਉ ਤਾਂ ਕਾਫੀ ਸਕਾਰਾਤਮਕ ਬਦਲਾਅ ਆ ਸਕਦੇ ਹਨ। ਤੁਸੀ ਸ਼ਾਇਦ ਆਪਣੇ ਜੀਵਨ ਸਾਥੀ ਵੱਲ ਧਿਆਨ ਨਾ ਦਿਉ ਪਰ ਦਿਨ ਦੇ ਅੰਤ ਵਿਚ ਤੁਸੀ ਮਹਿਸੂਸ ਕਰੋਂਗੇ ਕਿ ਉਹ ਤੁਹਾਡੇ ਲਈ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ।

**ਧਨੂੰ :** ਵਿਸ਼ਵਾਸ ਕਰੋ ਕਿ ਤੇ ਯਕੀਨ ਹੀ ਬਹਾਦਰੀ ਦੀ ਅਸਲੀ ਪਰਖ ਹੈ ਕਿਉਂ ਕਿ ਇਸ ਦੇ ਬਲ ਤੇ ਤੁਸੀ ਕਿਸੇ ਵੀ ਤਰਾਂ ਦੀ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹੋ। ਹਾਲਾਂ ਕਿ ਕੋਈ ਵੀ ਕਿਸੇ ਨੂੰ ਉਧਾਰ ਦੇਣਾ ਜਾਂ ਪੈਸੇ ਦੇਣਾ ਪਸੰਦ ਨਹੀਂ ਕਰਦਾ ਪਰੰਤੂ ਅੱਜ ਤੁਸੀ ਕਿਸੇ ਲੋੜਵੰਦ ਨੂੰ ਪੈਸਾ ਦੇ ਕੇ ਸਕੂਨ ਦਾ ਅਨੁਭਵ ਕਰੋਂਗੇ। ਆਪਣੇ ਘਰ ਦੇ ਵਾਤਾਵਰਣ ਵਿਚ ਬਦਲਾਅ ਕਰਨ ਤੋਂ ਪਹਿਲਾਂ ਤੁਹਾਨੂੰ ਸਾਰਿਆਂ ਦੀ ਸਲਾਹ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਤੁਸੀ ਕੁਝ ਪਿਆਰ ਸਾਂਝਾ ਕਰਦੇ ਹੋ ਤਾਂ ਤੁਹਾਡਾ ਪਿਆਰ ਤੁਹਾਡੇ ਲਈ ਇਕ ਦੂਤ ਬਣ ਜਾਵੇਗਾ। ਲੇਖਕ ਅਤੇ ਮੀਡੀਆ ਵਿਅਕਤੀ ਪ੍ਰਮੁੱਖ ਮਾਨਤਾ ਦੀ ਉਮੀਦ ਕਰ ਸਕਦੇ ਹਨ। ਯਾਤਰਾ ਦੇ ਦੌਰਾਨ ਤੁਸੀ ਨਵੇਂ ਸਥਾਨਾ ਨੂੰ ਜਾਣਗੇ ਅਤੇ ਖਾਸ ਲੋਕਾਂ ਨਾਲ ਮੁਲਾਕਾਤ ਹੋਵੇਗੀ। ਇਸ ਨੂੰ ਮਤਭੇਦਾਂ ਦੀ ਲੜੀ ਪੂਰਾ ਕਰੇਗੀ ਅਤੇ ਤੁਹਾਨੂੰ ਆਪਣੇ ਜੀਵਨ ਸਾਥੀ ਨਾਲ ਮੇਲ ਮਿਲਾਪ ਕਰਨਾ ਮੁਸ਼ਕਿਲ ਹੋਵੇਗਾ।

**ਮਕਰ :** ਬੇਕਾਰ ਦਾ ਤਣਾਅ ਅਤੇ ਚਿੰਤਾਵਾਂ ਜ਼ਿਦੰਗੀ ਦਾ ਰਸ ਨਿਚੋੜ ਕੇ ਤੁਹਾਨੂੰ ਪੂਰੀ ਤਰਾਂ ਚੂਸ ਸਕਦੀਆਂ ਹਨ ਭਲਾਈ ਇਸੇ ਵਿਚ ਹੈ ਕਿ ਇਨਾਂ ਆਦਤਾ ਨੂੰ ਛੱਡ ਦੇਵੋ। ਨਹੀਂ ਤਾਂ ਕੇਵਲ ਇਨਾ ਨਾਲ ਕੇਵਲ ਤੁਹਾਡੀ ਪਰੇਸ਼ਾਨੀਆਂ ਵਿਚ ਵਾਧਾ ਹੋਵੇਗਾ। ਅੱਜ ਅਦਾਲਤ ਦਾ ਫੈਂਸਲਾ ਤੁਹਾਡੇ ਹੱਕ ਵਿਚ ਆ ਸਕਦਾ ਹੈ ਜੇਕਰ ਤੁਸੀ ਪੈਸਿਆਂ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਿਲ ਹੁੰਦੇ ਹੋ ਇਸ ਨਾਲ ਤੁਹਾਨੂੰ ਆਰਥਿਕ ਲਾਭ ਹੋਵੇਗਾ। ਵਿਵਾਦ, ਮਤਭੇਦ ਅਤੇ ਦੂਜਿਆਂ ਦੀਆਂ ਆਪਸੀ ਕਮੀਆਂ ਕੱਢਣ ਦੀ ਆਦਤ ਨੂੰ ਨਜ਼ਰ ਅੰਦਾਜ਼ ਕਰੋ। ਤੁਹਾਡੇ ਸੁਪਨੇ ਅਤੇ ਹਕੀਕਤ ਅੱਜ ਪਿਆਰ ਦੀ ਖੁਸ਼ੀ ਵਿਚ ਰਲਗਡ ਹੋ ਜਾਵੇਗੀ। ਸਾਂਝੀਦਾਰੀ ਅਤੇ ਜੁੜੇ ਉੱਦਮਾਂ ਤੋਂ ਦੂਰ ਰਹੋ। ਅੱਜ ਦੀ ਬੀਜ਼ੀ ਜੀਵਨ ਸ਼ੈਲੀ ਵਿਚ ਆਪਣੇ ਲਈ ਸਮਾਂ ਕੱਢਣਾ ਬਹੁਤ ਮੁਸ਼ਕਿਲ ਹੈ ਪਰੰਤੂ ਅੱਜ ਅਜਿਹਾ ਦਿਨ ਹੈ ਜਦੋਂ ਤੁਹਾਡੇ ਕੋਲ ਆਪਣੇ ਲਈ ਭਰਪੂਰ ਸਮਾਂ ਹੋਵੇਗਾ। ਤੁਸੀ ਵਿਸ਼ਵ ਵਿਚ ਖੁਦ ਨੂੰ ਸਭ ਤੋਂ ਧਨੀ ਮਹਿਸੂਸ ਕਰੋਂਗੇ ਕਿਉਂ ਕਿ ਤੁਹਾਡੇ ਜੀਵਨਸਾਥੀ ਦਾ ਵਿਵਹਾਰ ਤੁਹਾਨੂੰ ਇਹ ਮਹਿਸੂਸ ਕਰਵਾਏਗਾ।

**ਕੁੰਭ:** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ। ਜੋ ਲੋਕ ਲੰਬੇ ਸਮੇਂ ਤੋਂ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ ਅੱਜ ਉਨਾਂ ਨੂੰ ਕਿਸੇ ਤੋਂ ਧੰਨ ਪ੍ਰਪਾਤ ਹੋ ਸਕਦਾ ਹੈ ਜਿਸ ਨਾਲ ਜੀਵਨ ਦੀਆਂ ਮੁਸ਼ਕਿਲਾ ਦੂਰ ਹੋ ਸਕਦੀਆਂ ਹਨ। ਬੱਚੇ ਕੁੱਝ ਸਨਸਨੀ ਖਬਰ ਲਿਆ ਸਕਦੇ ਹਨ। ਆਪਣੇ ਸਾਥੀ ਨੂੰ ਭਾਵਨਾਤਮਕ ਤੋਰ ਤੇ ਬਲੈਕਮੇਲ ਕਰਨ ਤੋਂ ਬਚੋ। ਤੁਹਾਡੀ ਕਲਾਤਮਕ ਅਤੇ ਰਚਨਾਤਮਕ ਸਮਰੱਥਾ ਕਾਫੀ ਤਾਰੀਫ ਦਿਵਾਉਗੀ। ਅੱਜ ਤੁਸੀ ਆਪਣੇ ਜੀਵਨਸਾਥੀ ਨੂੰ ਤੋਹਫਾ ਦੇ ਸਕਦਾ ਹੈ ਆਪਣੇ ਸਾਰੇ ਕੰਮਾਂ ਨੂੰ ਛੱਡ ਕੇ ਅੱਜ ਤੁਸੀ ਉਸ ਨਾਲ ਸਮਾਂ ਗੁਜ਼ਾਰ ਸਕਦੇ ਹੋ। ਅੱਜ ਮੁਸ਼ਕਿਲ ਹਾਲਾਤ ਵਿਚੋਂ ਨਿਕਲਣ ਤੇ ਜੀਵਨ ਸਾਥੀ ਵੱਲੋਂ ਜਿਆਦਾ ਸਹਿਯੋਗ ਨਹੀਂ ਮਿਲੇਗਾ।

**ਮੀਨ:** ਖੁਦ ਹੀ ਆਪਣਾ ਇਲਾਜ ਕਰਨਾ ਘਾਤਕ ਸਿੱਧ ਹੋ ਸਕਦਾ ਹੈ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਉ ਨਹੀਂ ਤਾ ਲੈਣੇ ਦੇ ਦੈਣੇ ਪੈ ਸਕਦੇ ਹਨ। ਅੱਜ ਤੁਹਾਨੂੰ ਖੇਤੀ, ਰਿਅਲ ਅਸਟੇਟ ਜਾਂ ਸਭਿਆਚਾਰਕ ਪਰਿਯੋਜਨਾਵਾਂ ਉੱਪਰ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਉਸ ਰਿਸ਼ਤੇਦਾਰ ਨੂੰ ਮਿਲੋ ਜਿਸ ਦੀ ਸਿਹਤ ਕਾਫੀ ਸਮੇਂ ਤੋਂ ਖਰਾਬ ਹੈ। ਰੋਮਾਂਸ ਦੇ ਲਿਹਾਜ ਨਾਲ ਰੋਮਾਂਚਕ ਦਿਨ ਹੈ ਸ਼ਾਮ ਦੇ ਲਈ ਕੋਈ ਖਾਸ ਯੋਜਨਾ ਬਣਾਉ ਅਤੇ ਜਿਨਾਂ ਹੋ ਸਕੇ ਉਨਾਂ ਰੋਮਾਂਟਿਕ ਹੋਣ ਦੀ ਕੋਸ਼ਿਸ਼ ਕਰੋ। ਨਵੇਂ ਪਰੋਜੈਕਟ ਅਤੇ ਖਰਚਿਆਂ ਨੂੰ ਰੋਕ ਦਿਉ। ਅੱਜ ਅਨੁਕੂਲ ਗ੍ਰਹਿ ਤੁਹਾਨੂੰ ਖੁਸ਼ ਮਹਿਸੂਸ ਕਰਨ ਦੇ ਬਹੁਤ ਸਾਰੇ ਕਾਰਨ ਲੈ ਕੇ ਆਉਣਗੇ। ਤੁਹਾਡੇ ਮਾਤਾ ਪਿਤਾ ਤੁਹਾਡੇ ਜੀਵਨਸਾਥੀ ਨੂੰ ਸੱਚਮੁਚ ਕੁਝ ਸ਼ਾਨਦਾਰ ਆਸ਼ੀਰਵਾਦ ਦੇਣ ਜਿਸ ਦੇ ਚਲਦੇ ਤੁਹਾਡੇ ਵਿਵਾਹਿਕ ਜੀਵਨ ਵਿਚ ਹੋਰ ਨਿਖਾਰ ਆਵੇਗਾ।

# ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ...!

ਅਸਲ ਵਿੱਚ ਅੱਜ ਦਾ ਦੌਰ ਕਾਹਲੀ ਦਾ ਦੌਰ ਹੈ । ਮਨੁੱਖ ਹਰ ਸ਼ੈਅ ਨੂੰ ਜਲਦ ਤੋਂ ਜਲਦ ਪ੍ਰਾਪਤ ਕਰ ਲੈਣਾ ਚਾਹੁੰਦਾ ਹੈ । ਨਿਆਂ ਵੀ ਮਨੁੱਖ ਦੇ ਉਸੇ ਵਿਹਾਰ ਦਾ ਇੱਕ ਹਿੱਸਾ ਹੈ, ਪਰ ਅਫ਼ਸੋਸ ਇਹ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਬਹੁਤ ਲੇਟ-ਲਤੀਫ਼ੀ ਦਾ ਸ਼ਿਕਾਰ ਹੋ ਚੁੱਕੀ ਹੈ। ਕਿੰਗ ਮਾਰਟਿਨ ਲੂਥਰ ਨੇ 16 ਅਪਰੈਲ 1963 ਨੂੰ ਬਰਤਾਨੀਆਂ ਦੇ ਬਰਮਿੰਘਮ ਸ਼ਹਿਰ ਵਿਚ ਸਥਿਤ ਅਲਬਾਨਾ ਜੇਹਲ ਵਿਚੋਂ ਲਿਖੇ ਗਏ ਆਪਣੇ ਇਕ ਪੱਤਰ ਵਿਚ ਕਿਹਾ ਸੀ ਕਿ, "justice delayed is justice denied." ਉਹਨਾਂ ਦੁਆਰਾ ਕਹੀ ਗਈ ਉਕਤ ਪੰਗਤੀ ਹੀ ਕਿਸੇ ਮੁਲਕ ਦੇ ਸਮੁੱਚੇ ਨਿਆਂਇਕ ਸਿਸਟਮ ਦੀ ਵਿਆਖਿਆ ਕਰ ਜਾਂਦੀ ਹੈ ਕਿਉਂਕਿ ਕਿਸੇ ਨਾਲ ਹੋਈ ਜਾਂ ਹੋ ਰਹੀ ਬੇਇਨਸਾਫੀ ਨੂੰ ਰੋਕ ਕੇ ਥੋਹੜੇ ਸਮੇਂ ਵਿਚ ਇਨਸਾਫ ਪ੍ਰਦਾਨ ਕਰਨਾ ਨਿਆਂਇਕ ਪ੍ਰਣਾਲੀ ਦਾ ਪ੍ਰਥਮ ਕਾਰਜ ਹੁੰਦਾ ਹੈ ਤੇ ਜੇਕਰ ਇਸ ਕਾਰਜ ਨੂੰ ਸਮਾਂ ਬੱਧ ਕਰਕੇ ਪੂਰਾ ਨਾ ਕੀਤਾ ਜਾਵੇ ਤਾਂ ਇਸ ਦਾ ਭਾਵ, ਪੀੜਤ ਵਿਅਕਤੀ ਨਾਲ ਇਕ ਹੋਰ ਬੇਇਨਸਾਫੀ ਕੀਤੀ ਜਾ ਰਹੀ ਹੁੰਦਾ ਹੈ ।

ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ "ਤਾਰੀਖ ਪੇ ਤਾਰੀਖ" ਦੀ ਵਿਧੀ ਅਦਾਲਤਾਂ ਵਿਚ ਜਿਥੇ ਪੀੜਤ ਨੂੰ ਹੋਰ ਖੱਜਲ ਖਰਾਬ ਹੋਣ ਲਈ ਮਜ਼ਬੂਰ ਕਰਦੀ ਹੈ, ਉਥੇ ਉਸ ਨੂੰ ਬੇਇਨਸਾਫੀ ਦਰ ਬੇਇਨਸਾਫੀ ਦੇ ਚੱਕਰਵਿਊ ਵਿਚ ਫਸਾ ਕੇ ਉਸ ਦੀ ਜਿੰਦਗੀ ਦੇ ਬੇਸਕੀਮਤੀ ਸਾਲ ਵੀ ਭੱਠ ਵਿਚ ਝੋਕ ਦਿੰਦੀ ਹੈ। ਇਸ ਤਰਾਂ ਦਾ ਵਰਤਾਰਾ ਦੇਖ ਕੇ ਬਹੁਤੀ ਵਾਰ ਇੰਜ ਲਗਦਾ ਹੈ ਕਿ ਮੁਲਕ ਦੀਆਂ ਅਦਾਲਤਾਂ ਪੀੜਤਾਂ ਨੂੰ ਇਨਸਾਫ ਦੇਣ ਤੇ ਮੁਜਰਮਾ ਨੂੰ ਸਜਾ ਦੇਣ ਵਾਸਤੇ ਨਹੀਂ ਬਲਕਿ ਇਨਸਾਫ ਦੇ ਨਾਮ 'ਤੇ ਬੇਇਨਸਾਫੀ ਦੀ ਲੰਮੀ ਪ੍ਰਕਿਰਿਆ ਦੇ ਚੱਕਰਵਿਊ ਵਿਚ ਫਸਾ ਕੇ ਸਾਲਾਂ ਦਰ ਸਾਲ ਕਚਿਹਰੀਆਂ ਵਿਚ ਖੱਜਲ ਖਰਾਬ ਕਰਕੇ ਵਕਤ ਰੋੜ੍ਹ ਰਹੀਆਂ ਹਨ ।

ਇਥੇ ਇਹ ਦੱਸਣਾ ਜ਼ਰੂਰੀ ਬਣ ਜਾਂਦਾ ਹੈ ਕਿ ਜਦੋਂ ਅਦਾਲਤਾਂ ਕਿਸੇ ਮੁਕੱਦਮੇ ਨੂੰ ਤਾਰੀਕਾਂ ਪਾ ਪਾ ਕੇ ਬਹੁਤ ਲੰਮਾ ਕਰ ਦਿੰਦੀਆਂ ਹਨ ਤਾਂ ਇਸ ਪ੍ਰਕਿਰਿਆ ਦਾ ਬੁਰਾ ਅਸਰ ਤ੍ਰੈ ਪਾਸੜ ਹੁੰਦਾ ਹੈ । ਪੀੜਤ ਦੇ ਮਨ ਵਿੱਚ ਫਰੱਸਟਰੇਸ਼ਨ ਤੇ ਉਦਾਸੀਨਤਾ ਪੈਦਾ ਹੁੰਦੀ ਹੈ ਜਿਸ ਕਾਰਨ ਉਸ ਵਿਚ ਨਿਆਂ ਦੀ ਆਸ ਘਟਣ ਲਗਦੀ ਹੈ ਤੇ ਨਿਆਂ ਪ੍ਰਣਾਲੀ 'ਤੋਂ ਉਸ ਦਾ ਵਿਸ਼ਵਾਸ਼ ਉਠਣਾ ਸ਼ੁਰੂ ਹੋ ਜਾਂਦਾ ਹੈ । ਪੀੜਤ ਦੇ ਮਨ 'ਤੇ ਨਖਿੱਧ ਸੋਚ ਭਾਰੂ ਹੋ ਜਾਂਦੀ ਹੈ, ਜੋ ਉਸਦੀ ਸਰੀਰਕ ਤੇ ਮਾਨਸਿਕ ਸਿਹਤ ਵਾਸਤੇ ਬਹੁਤ ਹਾਨੀਕਾਰਕ ਹੋ ਸਕਦੀ ਹੈ, ਇਸ ਤੋ ਵੀ ਅੱਗੇ ਜੇਕਰ ਪੀੜਤ ਦੇ ਮਨ ਵਿਚ ਆਤਮਘਾਤੀ ਸੋਚ ਹਾਵੀ ਹੋ ਜਾਂਦੀ ਹੈ ਤਾਂ ਇਸ ਦਾ ਨਤੀਜਾ ਕਈ ਵਾਰ ਜਾਨੀ ਨੁਕਸਾਨ ਵਿਚ ਵੀ ਨਿਕਲ ਸਕਦਾ ਹੈ ।

ਕਿਸੇ ਮੁਕੱਦਮੇ ਨੂੰ ਲੰਮਾ ਖਿਚਣ ਦਾ ਦੂਜਾ ਦੁਰਪ੍ਰਭਾਵ ਇਹ ਨਿਕਲਦਾ ਹੈ ਕਿ ਦੋਸ਼ੀ ਵਿਅਕਤੀ ਖੁੱਲੇਆਮ ਪਬਲਿਕ ਵਿਚ ਵਿਚਰ ਕੇ ਲੋਕਾਂ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਕਾਨੂੰਨ ਉਸ ਦਾ ਕੁੱਝ ਵੀ ਨਹੀਂ ਵਿਗਾੜ ਸਕਦਾ ਤੇ ਉਹ ਆਪਣੀਆਂ ਸਮਾਜ ਵਿਰੋਧੀ ਸਰਗਰਮੀਆਂ ਇਸੇ ਤਰਾਂ ਬਦਸਤੂਰ ਜਾਰੀ ਰੱਖੇਗਾ । ਇਸ ਦੇ ਨਾਲ ਹੀ ਇਹ ਵੀ ਸਹੀ ਹੈ ਕਿ ਜਿੰਨਾ ਕੋਈ ਮੁਕੱਦਮਾ ਲੰਮਾ ਹੋਵੇਗਾ, ਉਂਨਾ ਹੀ ਦੋਸ਼ੀ ਨੂੰ ਸਬੂਤਾਂ ਨਾਲ ਛੇੜਛਾੜ ਕਰਕੇ ਅਦਾਲਤ ਦੀਆਂ ਅੱਖਾਂ 'ਚ ਘੱਟਾ ਪਾ ਕੇ ਉਸਦੇ ਬਚ ਨਿਕਲਣ ਦਾ ਮੌਕਾ ਮਿਲਣ ਦੇ ਚਾਨਸ ਵਧੇਰੇ ਮਿਲਣਗੇ, ਜਿਸ ਕਾਰਨ ਸਮਾਜ ਵਿਚ ਇਹ ਸੰਦੇਸ਼ ਜਾਏਗਾ ਤਿ ਕਾਨੂੰਨ ਅੰਧਾ ਹੈ, ਅਦਾਲਤਾਂ ਵਿਚ ਨਿਆਂ ਨਾਲ ਦੀ ਕੋਈ ਚੀਜ ਨਹੀਂ ਬਲ ਕਿ ਨਿਆਂ ਦੇ ਨਾਮ 'ਤੇ ਸਭ ਗੋਰਖ ਧੰਦਾ ਹੀ ਚੱਲ ਰਿਹਾ ਹੈ ।

ਅਦਾਲਤਾਂ ਵਿਚ ਨਿਆਂ ਦੀ ਦੇਰੀ ਦਾ ਮਾੜਾ ਅਸਰ ਅਦਾਲਤਾਂ ਅਤੇ ਜੱਜਾਂ ਉੱਤੇ ਵੀ ਪੈਂਦਾ ਹੈ ਜਿਹਨਾਂ ਵਿਚੋਂ ਸਭ ਤੋਂ ਪਹਿਲਾ ਅਤੇ ਸਭ ਤੋਂ ਬੁਰਾ ਅਸਰ ਕਿੰਗ ਮਾਰਟਿਨ ਲੂਥਰ ਦੁਆਰਾ ਕਹੇ ਗਏ ਉਕਤ ਬੋਲ ਹੀ ਹਨ, ਦੂਜਾ ਅਸਰ, ਲੋਕਾਂ ਦਾ ਨਿਆਂ ਪ੍ਰਣਾਲੀ ਤੋਂ ਭਰੋਸਾ ਚੁੱਕਿਆ ਜਾਣਾ, ਤੀਜਾ, ਜੱਜਾਂ ਦੀ ਨਾ ਕਾਬਲੀਅਤ ਜਾਂ ਕੇਸਾਂ ਦੇ ਨਿਪਟਾਰੇ ਵੱਲ ਧਿਆਨ ਦੇਣ ਦੀ ਬਜਾਏ, ਤਾਰੀਕ ਦਰ ਤਾਰੀਕ ਪਾ ਕੇ ਸਮਾਂ ਰੇਹੜੀ ਕਰੀ ਜਾਣਾ, ਨਿਆਂ ਪ੍ਰਬੰਧ ਦਾ ਮਹਿੰਗਾ ਹੋਣਾ ਕਿਉਂਕਿ ਹਰ ਤਾਰੀਕ ਉੱਤੇ ਹਾਜਰ ਹੋਣ ਵਾਲਾ ਪੀੜਤ ਜਿਥੇ ਕਿਰਾਏ ਭਾੜੇ ਖਰਚਕੇ ਪੇਸ਼ੀ ਉੱਤੇ ਜਾਂਦਾ ਹੈ, ਉਥੇ ਵਕੀਲਾਂ ਦੀਆਂ ਫੀਸਾਂ ਦਾ ਇੰਤਜਾਮ ਵੀ ਕਰਦਾ ਹੈ ਤੇ ਆਪਣਾ ਪੂਰਾ ਦਿਨ ਵੀ ਭੁੱਖਾ ਪਿਆਸਾ ਰਹਿਕੇ ਕਚਿਹਰੀਆਂ ਵਿਚ ਕਾਠ ਮਾਰਦਾ ਹੈ ।



ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਦਾਲਤਾਂ ਵਿਚ ਸੁਣਵਾਈ ਹੋਣ ਦੀ ਬਜਾਏ ਵਧੇਰੇ ਤਾਰੀਕਾਂ ਹੀ ਕਿਓਂ ਪੈਂਦੀਆਂ ਹਨ ? ਦਰਅਸਲ ਅਜਿਹਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ, ਜਿਹਨਾ ਵਿਚੋਂ ਜੱਜਾਂ ਦੀ ਨਫਰੀ ਘੱਟ ਹੋਣਾ, ਕੇਸਾਂ ਦੀ ਸੰਖਿਆ ਪ੍ਰਤੀ ਦਿਨ ਵਧੇਰੇ ਹੋਣਾ. ਪ੍ਰਤੀ ਕੇਸ ਸੁਣਵਾਈ ਦਾ ਸਮਾਂ ਘੱਟ ਹੋਣ ਕਾਰਨ ਇਕ ਦੋ ਕੇਸਾਂ ਦੀ ਸੁਣਵਾਈ ਕਰਕੇ ਬਾਕੀਆਂ ਦੀਆਂ ਤਾਰੀਕਾਂ ਪਾ ਦਿੱਤੀਆਂ ਜਾਣੀਆਂ, ਕੇਸ ਵਾਲੀਆਂ ਧਿਰਾਂ ਵਿਚੋਂ ਕਿਸੇ ਧਿਰ ਦਾ ਕਿਸੇ ਵਜ੍ਹਾ ਕਰਕੇ ਗੈਰ ਹਾਜਰ ਹੋ ਜਾਣਾ, ਵਕੀਲਾਂ ਦੀ ਗੈਰ ਹਾਜਰੀ, ਜੱਜ ਦਾ ਛੁੱਟੀ 'ਤੇ ਹੋਣਾ, ਕਿਸੇ ਧਿਰ ਦਾ ਬਿਮਾਰ ਹੋ ਜਾਣਾ, ਗਵਾਹੀਆਂ ਦਾ ਭੁਗਤਾਣ ਵੀ ਤਾਰੀਕਾਂ ਦਾ ਹਰਜਾ ਕਰਦਾ ਹੈ, ਕੇਸ ਨਾਲ ਸਬੰਧਿਤ ਧਿਰਾਂ ਦੀਆਂ ਗਵਾਹੀਆਂ ਦੀ ਬਹਿਸ, ਸਮੇ ਦਾ ਬਹੁਤ ਹਰਜਾ ਕਰਦੀ ਹੈ, ਕਚਿਹਰੀਆਂ ਦੀਆਂ ਵੋਕੇਸ਼ਨ ਛੁਟੀਆਂ, ਜੱਜਾਂ ਦੇ ਤਬਾਦਲੇ, ਕੇਸਾਂ ਦੇ ਇਕ ਤੋਂ ਦੂਸਰੀ ਕੋਰਟ ਵਿਚ ਤਬਾਦਲੇ, ਕਿਸੇ ਮਹਾਂਮਾਰੀ ਕਾਰਨ ਅਦਾਲਤਾਂ ਦਾ ਕੰਮਕਾਜ ਠੱਪ ਹੋ ਜਾਣਾ ਆਦਿ ।

ਮਰਹੂਮ ਸੁਰਜੀਤ ਪਾਤਰ ਦਾ ਇਕ ਸ਼ੇਅਰ ਹੈ ਕਿ,

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ ।
ਆਖੋ ਏਨਾਂ ਨੂੰ ਉਜੜੇ ਘਰੀਂ ਜਾਣ ਹੁਣ ,
ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ

ਭਾਰਤੀ ਅਦਾਲਤਾਂ ਦੇ ਕਾਰਜ ਢੰਗ ਉੱਤੇ ਸੁਰਜੀਤ ਪਾਤਰ ਦੀ ਉਕਤ ਬਹੁਤ ਹੀ ਤਲਖ ਅਤੇ ਵਿਡੰਬਣਾਂ ਭਰਪੂਰ ਕਾਵਿਕ ਟਿੱਪਣੀ ਸਮੁੱਚੀ ਭਾਰਤੀ ਨਿਆਂ ਵਿਵਸਥਾ ਦਾ ਕੱਚਾ ਚਿੱਠਾ ਜਾਹਿਰ ਕਰ ਜਾਂਦੀ ਹੈ। ਇਥੇ ਹੀ ਬੱਸ ਨਹੀ ਭਾਰਤੀ ਨਿਆਂ ਪ੍ਰਣਾਲੀ ਦੇ ਜੱਜ ਅਤੇ ਉਚ ਆਹਦਿਆਂ 'ਤੇ ਬੈਠੇ ਅਧਿਕਾਰੀ ਵੀ ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ ਕਿ ਨਿਆਂ ਵਿਚ ਦੇਰੀ ਦਰਅਸਲ ਕਿਸੇ ਪੀੜਤ ਧਿਰ ਨਾਲ ਕੀਤੀ ਜਾ ਰਹੀ ਬੇਇਨਸਾਫੀ ਦਾ ਹੀ ਦੂਜਾ ਨਾਮ ਹੈ ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ 6 ਮਾਰਚ 2021 ਨੂੰ ਮੱਧ ਪ੍ਰਦੇਸ ਦੇ ਜੱਬਲਪੁਰ ਸ਼ਹਿਰ ਵਿਖੇ All india state judicial directors retreat ਦਾ ਉਦਘਾਟਨ ਕਰਦਿਆਂ ਕਿਹਾ ਸੀ ਕਿ, "ਨਿਆਂਇਕ ਪ੍ਰਣਾਲੀ ਦਾ ਉਦੇਸ਼ ਸਿਰਫ਼ ਵਿਵਾਦਾਂ ਨੂੰ ਸੁਲਝਾਉਣਾ ਹੀ ਨਹੀਂ, ਬਲਕਿ ਨਿਆਂ ਨੂੰ ਬਰਕਰਾਰ ਰੱਖਣਾ ਵੀ ਹੁੰਦਾ ਹੈ, ਨਿਆਂ ਪ੍ਰਦਾਨ ਕਰਨ ਵਿੱਚ ਦੇਰੀ ਜਿਹੀਆਂ ਰੁਕਾਵਟਾਂ ਨੂੰ ਦੂਰ ਕਰਕੇ ਪੂਰਾ ਕੀਤਾ ਜਾ ਸਕਦਾ ਹੈ। ਉਹਨਾਂ ਇਹ ਵੀ ਕਿਹਾ ਕਿ ਜਲਦੀ ਨਿਆਂ ਪ੍ਰਦਾਨ ਕਰਨ ਲਈ, ਵਿਆਪਕ ਨਿਆਂਇਕ ਸਿਖਲਾਈ ਤੋਂ ਇਲਾਵਾ, ਸਾਡੀਆਂ ਨਿਆਂਇਕ ਪ੍ਰਕਿਰਿਆਵਾਂ ਵਿੱਚ ਟੈਕਨੋਲੋਜੀ ਦਾ ਉਪਯੋਗ ਕਰਨ ਦੀ ਸ਼ੁਰੂਆਤ ਕਰਨਾ ਲਾਜ਼ਮੀ ਹੈ। ਕੇਸਾਂ ਦੀ ਵਧ ਰਹੀ ਗਿਣਤੀ ਦੇ ਕਾਰਨ, ਮਸਲਿਆਂ ਨੂੰ ਸਹੀ ਪਰਿਪੇਖਾਂ ਵਿੱਚ ਸਮਝਣਾ ਅਤੇ ਥੋੜ੍ਹੇ ਸਮੇਂ ਵਿੱਚ ਹੀ ਸਹੀ ਫੈਸਲੇ ਲੈਣਾ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਨਵੇਂ-ਨਵੇਂ ਕਾਨੂੰਨਾਂ ਦੀ ਸ਼ੁਰੂਆਤ, ਮੁਕੱਦਮਿਆਂ ਦੀ ਪ੍ਰਕਿਰਤੀ ਵਿੱਚ ਵਿਆਪਕ ਬਦਲਾਅ ਅਤੇ ਮਾਮਲਿਆਂ ਦਾ ਸਮਾਂ-ਬੱਧ ਨਿਪਟਾਰਾ ਕਰਨ ਦੀ ਜ਼ਰੂਰਤ ਨੇ ਜੱਜਾਂ ਲਈ ਵੀ, ਕਾਨੂੰਨ ਅਤੇ ਕਾਰਜ ਪ੍ਰਣਾਲੀਆਂ ਸਬੰਧੀ ਅੱਪ-ਟੂ-ਡੇਟ ਗਿਆਨ ਰੱਖਣਾ ਲਾਜ਼ਮੀ ਬਣਾ ਦਿੱਤਾ ਹੈ।

ਦੇਸ਼ ਭਰ ਦੀਆਂ ਅਦਾਲਤਾਂ ਵਿੱਚ ਇਸ ਸਮੇਂ ਤਿੰਨ ਕਰੋੜ ਦੇ ਕਰੀਬ ਲਟਕ ਰਹੇ ਕੇਸਾਂ ਦੇ ਮਾਮਲੇ ਵਿੱਚ ਭਾਰਤੀ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਐਚ.ਐਲ. ਦਤੂ ਨੇ 2015 ਵਿਚ ਆਪਣੀ ਇਕ ਇੰਟਰਵਿਊ ਦੌਰਾਨ ਕਿਹਾ ਸੀ ਕਿ "ਹੁਣ ਕਿਸੇ ਵੀ ਕੇਸ ਦੀ ਸੁਣਵਾਈ 'ਤੇ ਪੰਜ ਸਾਲ ਤੋਂ ਵੱਧ ਸਮਾਂ ਨਹੀਂ ਲਗੇਗਾ। ਇਸ ਸਬੰਧੀ ਸਮੇਂ ਦੀ ਸੀਮਾ ਤੈਅ ਕਰ ਦਿੱਤੀ ਗਈ ਹੈ। ਅਸਾਂ ਫੈਂਸਲਾ ਕੀਤਾ ਹੈ ਕਿ ਪੰਜ ਸਾਲ ਦੇ ਬਾਅਦ ਕੋਈ ਵੀ ਕੇਸ ਲਟਕਦਾ ਨਾ ਰਹੇ। ਪੁਰਾਣੇ ਮੁਕੱਦਮਿਆਂ ਦੇ ਲਈ ਵੱਧ ਤੋਂ ਵੱਧ ਪੰਜ ਸਾਲ ਦਾ ਸਮਾਂ ਹੋਵੇਗਾ, ਉਸ ਤੋਂ ਬਾਅਦ ਨਹੀਂ । ਉਹਨਾਂ ਨੇ ਇਹ ਵੀ ਸ਼ਪੱਸ਼ਟ ਕੀਤਾ ਸੀ ਕਿ ਪੰਜ ਸਾਲ ਦੇ ਸਮੇਂ ਦੀ ਸੀਮਾ ਦਾ ਅਰਥ ਇਹ ਹੋਵੇਗਾ ਕਿ ਇਸ ਦੌਰਾਨ ਸੁਣਵਾਈ ਸਮਾਪਤ ਹੋ ਜਾਵੇਗੀ, ਉਚ ਅਦਾਲਤਾਂ ਵਿੱਚ ਅਪੀਲ ਤੇ ਕੁਝ ਸਮਾਂ ਵੱਧ ਲਗ ਸਕਦਾ ਹੈ, ਪਰ ਸਾਡੇ ਜੱਜ ਇਹ ਯਕੀਨੀ ਬਣਾਉਣਗੇ ਕਿ ਸਰਵਉਚ ਅਦਾਲਤ ਵਿੱਚ ਵੀ ਕੋਈ ਮਾਮਲਾ ਦੋ ਸਾਲ ਤੋਂ ਵੱਧ ਨਾ ਰੁਕੇ । ਉਨ੍ਹਾਂ ਦੇਸ਼ ਦੀ ਜਨਸੰਖਿਆ ਦੇ ਮੁਕਾਬਲੇ ਜੱਜਾਂ ਦੀ ਸੰਖਿਆ ਦੀ ਘਾਟ ਨੂੰ ਮਕੱਦਮਿਆਂ ਚ ਹੋ ਰਹੀ ਦੇਰੀ ਨੂੰ ਮੁੱਖ ਕਾਰਨ ਮੰਨਿਆ ਸੀ, ਪਰ ਹਾਲਾਤ ਅੱਜ ਵੀ ਪਰਨਾਲਾ ਉਥੇ ਦਾ ਉਥੇ ਵਾਲੇ ਹੀ ਹਨ । ਮੇਰੇ ਕੁੱਝ ਦੋਸਤ ਭਾਰਤੀ ਨਿਆਂ ਪ੍ਰਣਾਲੀ ਵਿਚ ਜੱਜ ਅਤੇ ਵਕੀਲ ਵਜੋਂ ਕੰਮ ਕਰਦੇ ਹਨ । ਉਹਨਾਂ ਨਾਲ ਇਸ ਮਸਲੇ ਉੱਤੇ ਗੱਲਬਾਤ ਕਰਨ 'ਤੇ ਪਤਾ ਲੱਗਾ ਕਿ ਜਿਥੇ ਜੱਜਾਂ ਕੋਲ ਕਿਸੇ ਕੇਸ ਦੀ ਸੁਣਵਾਈ ਲਈ ਸਿਰਫ ਕੁਝ ਕੁ ਮਿੰਟ ਹੁੰਦੇ ਹਨ, ਉਥੇ ਨਿਆਂ ਦੀ ਕੀ ਉਮੀਦ ਕੀਤੀ ਜਾਵੇ। ਦੇਸ਼ ਵਿੱਚ ਨਿਆਂਪਾਲਿਕਾ ਸਾਲ-ਦਰ-ਸਾਲ ਕੇਸਾਂ ਦੇ ਵਧਦੇ ਬੋਝ ਹੇਠ ਦੱਬੀ ਜਾ ਰਹੀ ਹੈ। ਔਸਤਨ, ਹਰੇਕ ਜੱਜ ਕੋਲ ਇੱਕ ਹਜ਼ਾਰ ਤੋਂ ਵੱਧ ਕੇਸ ਵਿਚਾਰ ਅਧੀਨ ਹਨ। ਅਜਿਹੀ ਸਥਿਤੀ ਵਿੱਚ, ਸੁਣਵਾਈ ਦੀ ਜਲਦਬਾਜੀ ਦੇ ਕਾਰਨ ਜੱਜਾਂ ਅਤੇ ਵਕੀਲਾਂ ਨੂੰ ਬਹੁਤ ਸਾਰੀਆਂ ਉਲਝਣਾਂ ਦਰਪੇਸ਼ ਹਨ । ਉਹਨਾਂ ਉਤੇ ਮਾਨਸਿਕ ਦਬਾਅ ਬਹੁਤ ਪੈ ਰਿਹਾ ਹੈ , ਜਿਸ ਦੇ ਸਿੱਟੇ ਵਜੋਂ ਬਹੁਤੇ ਮਾਮਲੇ ਸਹੀ ਤੇ ਨਿਰਪੱਖ ਹੱਲ ਨਾ ਹੋਣ ਕਾਰਨ ਅੱਗੇ ਉਚ ਅਦਾਲਤਾਂ ਵਿਚ ਅਪੀਲਾਂ ਬਣਕੇ ਲੰਮਾ ਸਮਾ ਲਟਕਦੇ ਰਹਿੰਦੇ ਹਨ ਤੇ ਬਹੁਤੇ ਮੁਕੱਦਮੇ ਜਿਲਾ ਅਦਾਲਤਾਂ ਵਿਚ ਤਾਰੀਕ ਪੇ ਤਾਰੀਕ ਫਿਲਮੀ ਡਾਇਲਾਗ ਦਾ ਅਮਲੀ ਰੂਪ ਬਣ ਲੰਮਾ ਸਮਾਂ ਲਟਕਦੇ ਰਹਿ ਜਾਂਦੇ ਹਨ। ਦੂਜੇ ਸ਼ਬਦਾਂ ਵਿਚ ਅਦਾਲਤਾਂ ਦੀ ਸਥਿਤੀ ਇਸ ਵੇਲੇ ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਬਣੀ ਹੋਈ ਹੈ।

ਇਥੇ ਜਿਕਰਯੋਗ ਹੈ ਕਿ ਹਰੇਕ ਜੱਜ ਇਕ ਮੁਕੱਦਮੇ ਨੂੰ ਔਸਤਨ ਪੰਜ ਮਿੰਟ ਦਿੰਦਾ ਹੈ। ਕੁਝ ਉੱਚ ਅਦਾਲਤਾਂ ਵਿੱਚ, ਇਹ ਅਵਧੀ ਢਾਈ ਮਿੰਟ ਤੱਕ ਸੀਮਤ ਕੀਤੀ ਗਈ ਹੈ। ਕਹਿਣ ਦਾ ਭਾਵ ਇਹ ਕਿ ਹਰੇਕ ਕੇਸ ਦੀ ਸੁਣਵਾਈ ਲਈ ਔਸਤਨ ਅਧਿਕਤਮ ਸਮਾਂ ਸੀਮਾ ਸਿਰਫ 15 ਮਿੰਟ ਹੁੰਦੀ ਹੈ। ਅਜਿਹੀ ਸਥਿਤੀ ਵਿੱਚ, ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਹੋਵੇਗਾ ਕਿ ਗੁੰਝਲਦਾਰ ਕਾਨੂੰਨੀ ਪ੍ਰਕਿਰਿਆਵਾਂ ਦੇ ਵਿਚਕਾਰ ਹਰ ਤਾਰੀਖ ਨੂੰ 2 ਤੋਂ 15 ਮਿੰਟ ਦੀ ਸੁਣਵਾਈ ਸ਼ਿਕਾਇਤਕਰਤਾ ਤੋਂ ਨਿਆਂ ਦੀ ਆਖਰੀ ਮੰਜ਼ਲ ਨੂੰ ਕਿੰਨੀ ਦੂਰ ਪਹੁੰਚਾਉਦੀ ਹੋਵੇਗੀ ? ਇਥੇ ਦੱਸਣਾ ਬਣਦਾ ਹੈ ਕਿ ਭਾਰਤੀ ਅਦਾਲਤਾਂ ਵਿਚ ਇਸ ਸਮੇਂ 3 ਕਰੋੜ 77 ਲੱਖ ਕੇਸ ਪਿਛਲੇ ਲੰਮੇ ਸਮੇ ਤੋਂ ਲਟਕ ਰਹੇ ਹਨ । ਇਥੋਂ ਤੱਕ ਕਿ ਇਕ ਬਹਿਰਾਮ ਪੁਰ ਨਾਮ ਵਾਲਾ ਕੇਸ ਭਾਰਤੀ ਸੁਪਰੀਮ ਕੋਰਟ ਵਿਚ 19 ਜਨਵਰੀ 1948 ਤੋਂ ਲੈ ਕੇ ਅੱਜ ਵੀ ਚੱਲ ਰਿਹਾ ਹੈ ।

ਜੇਕਰ ਪਤੀ ਪਤਨੀ ਦੌਰਾਨ ਹਰ ਪਰਿਵਾਰਕ ਅਤੇ ਸਮਾਜਿਕ ਚਾਰਾ ਜੋਈ ਕਰਨ ਤੋਂ ਬਾਦ ਵੀ ਨਹੀਂ ਨਿਭਦੀ ਜਾਂ ਸਮਝੌਤਾ ਨਹੀਂ ਹੁੰਦਾ ਤਾਂ ਦੋਹਾਂ ਦਰਮਿਆਨ ਆਪੋ ਆਪਣੇ ਭਵਿੱਖ ਨੂੰ ਮੁੱਖ ਰੱਖ ਕੇ ਆਪਸੀ ਸਹਿਮਤੀ ਨਾਲ ਹਿੰਦੂ ਮੈਰਿਜ ਐਕਟ ਦੀ ਧਾਰਾ 13 B ਤਹਿਤ ਤਲਾਕ ਹੋ ਜਾਣਾ ਚਾਹੀਦਾ ਹੈ ਕਿਉਕਿ ਇਸੇ ਐਕਟ ਦੀ ਧਾਰਾ 13 A ਤਲਾਕ ਵਾਲੇ ਕੇਸ ਨੂੰ ਦੀਵਾਨੀ ਅਤੇ ਫੌਜਦਾਰੀ ਮਿਲਗੋਭਾ ਬਣਾ ਦਿੰਦੀ ਹੈ ਤੇ ਇਸ ਦੇ ਨਾਲ ਹੀ ਕੇਸ ਨੂੰ ਸਾਬਤ ਕਰਨ ਦਾ ਸਾਰਾ ਬੋਝ ਅਰਜੀ ਕਰਤਾ ਦੇ ਸਿਰ ਪਾ ਦਿੰਦੀ ਹੈ, ਜਿਸ ਕਾਰਨ ਇਸ ਤਰਾਂ ਦੀ ਸਥਿਤੀ ਵਿਚ ਇਕ ਸਧਾਰਨ ਕੇਸ ਵੀ ਭਾਰਤੀ ਗਲਤ ਜਾਂ ਦੋਸ਼ ਪੂਰਨ ਕਾਨੂੰਨ ਦੇ ਕਾਰਨ ਗੁੰਝਲਦਾਰ ਬਣ ਜਾਂਦਾ ਹੈ। ਇਥੇ ਜਿਕਰਯੋਗ ਹੈ ਕਿ ਤਲਾਕ ਨਾਲ ਸਬੰਧਿਤ ਲਗਭਗ 8000 ਕੇਸ ਭਾਰਤੀ ਅਦਾਲਤਾਂ ਵਿਚ ਬਿਨਾ ਵਜ੍ਹਾ ਲੰਮੇ ਸਮੇਂ ਤੋਂ ਲਟਕ ਰਹੇ ਹਨ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਦਾ ਕਾਰਨ ਬਣ ਰਹੇ ਹਨ । ਮੁਕਦੀ ਗੱਲ ਇਹ ਕਿ ਕੇਸਾਂ ਦੀ ਗਿਣਤੀ ਵਿੱਚ ਨਿਰੰਤਰ ਵਾਧਾ, ਨਿਆਂ ਵਿਚ ਦੇਰੀ ਅਤੇ ਨਿਆਂ ਤੋਂ ਸ਼ਿਕਾਇਤਕਰਤਾ ਦੀ ਦੂਰੀ, ਨਿਆਂ ਪ੍ਰਣਾਲੀ ਲਈ ਇੱਕ ਰੋਗ ਬਣ ਗਈ ਹੈ। ਹਾਲਾਂਕਿ, ਮਾਹਰ ਮੰਨਦੇ ਹਨ ਕਿ ਇਹ ਬਿਮਾਰੀ ਅਜੇ ਤਕ ਲਾਇਲਾਜ ਨਹੀਂ ਹੈ। ਅੰਕੜਿਆਂ ਦੀ ਵਿਸ਼ੇਸ਼ਤਾ ਵੇਖੋ ਕਿ ਭਾਰਤ ਵਿੱਚ 73 ਹਜ਼ਾਰ ਲੋਕਾਂ ਲਈ ਸਿਰਫ ਇਕ ਜੱਜ ਹੈ, ਜਦੋਂਕਿ ਅਮਰੀਕਾ ਵਿੱਚ ਇਹ ਅਨੁਪਾਤ ਸੱਤ ਗੁਣਾ ਘੱਟ ਹੈ। ਇਸ ਤਰ੍ਹਾਂ, ਹਾਈ ਕੋਰਟ ਦੇ ਹਰੇਕ ਜੱਜ ਵਿਰੁੱਧ ਔਸਤਨ, 1300 ਕੇਸ ਵਿਚਾਰ ਅਧੀਨ ਹਨ। ਇਹ ਸਪੱਸ਼ਟ ਹੈ ਕਿ ਜੱਜਾਂ ਦੀ ਗਿਣਤੀ ਉਹਨਾਂ ਲੋਕਾਂ ਦੀ ਸੰਖਿਆ ਦੇ ਅਨੁਪਾਤ ਵਿੱਚ ਲੋੜੀਦੀ ਨਹੀਂ ਹੈ ਜੋ ਨਿਆਂ ਦੀ ਆਸ ਵਿੱਚ ਅਦਾਲਤਾਂ ਵਿੱਚ ਪਹੁੰਚਦੇ ਹਨ। ਸੀਨੀਅਰ ਵਕੀਲ ਪ੍ਰਤਾਪ ਚੰਦਰ ਦਾ ਕਹਿਣਾ ਹੈ ਕਿ ਜੇ ਕੇਸਾਂ ਵਿੱਚ ਸੁਣਵਾਈ ਦਾ ਸਮਾਂ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਨਾਈਟ ਕੋਰਟ ਤੇ ਫਾਸਟ ਟਰੈਕ ਅਦਾਲਤਾਂ ਦੀ ਗਿਣਤੀ ਵਧਾ ਦਿੱਤੀ ਜਾਂਦੀ ਹੈ, ਨਾਲ ਹੀ ਹਰ ਕੇਸ ਵਿੱਚ ਸਮੀਖਿਆ ਪਟੀਸ਼ਨ ਦੀ ਵਿਵਸਥਾ ਨਹੀਂ ਕੀਤੀ ਜਾਂਦੀ, ਤਾਂ ਲੋਕਾਂ ਨੂੰ ਸਮੇਂ 'ਤੇ ਨਿਆਂ ਮੰਦਰ ਵਿੱਚ ਇਨਸਾਫ ਮਿਲੇਗਾ । ਚੱਲਦੇ ਚਲਦੇ ਪੇਸ਼ ਹੈ ਭਾਰਤੀ ਨਿਆਂ ਪਾਲਿਕਾ ਵਿਚ ਮੁਕੱਦਮਿਆਂ ਦੇ ਕੁੱਝ ਕੁ ਅੰਕੜਿਆਂ 'ਤੇ ਇਕ ਨਜ਼ਰ: ਇਸ ਵੇਲੇ ਦੇਸ਼ ਦੀਆਂ ਜ਼ਿਲ੍ਹਾ ਅਤੇ ਤਹਿਸੀਲ ਅਦਾਲਤਾਂ ਵਿੱਚ 28 ਲੱਖ ਕੇਸ ਵਿਚਾਰ ਅਧੀਨ ਹਨ। ਇਨ੍ਹਾਂ ਵਿੱਚੋਂ 5,00,000 ਤੋਂ ਵੱਧ ਕੇਸ ਦੋ ਦਹਾਕਿਆਂ ਤੋਂ ਵੀ ਪੁਰਾਣੇ ਹਨ। ਤਿੰਨ ਦਹਾਕਿਆਂ ਤੋਂ 85,141 ਮਾਮਲਿਆਂ 'ਤੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਦੇਸ਼ ਭਰ ਦੀਆਂ 25 ਹਾਈ ਕੋਰਟਾਂ ਅੱਗੇ 47 ਲੱਖ ਤੋਂ ਵੱਧ ਕੇਸ ਵਿਚਾਰ ਅਧੀਨ ਹਨ । ਇਨ੍ਹਾਂ ਮਾਮਲਿਆਂ ਵਿਚੋਂ 9,20,000 ਤੋਂ ਵੱਧ ਕੇਸ 10 ਸਾਲਾਂ ਦੇ ਲੰਬੇ ਸਮੇਂ ਤੋਂ ਲਟਕ ਰਹੇ ਹਨ । ਪਿਛਲੇ 20 ਸਾਲਾਂ ਵਿਚ 6,60,000 ਤੋਂ ਵੱਧ ਕੇਸ ਸੁਣਵਾਈ ਦੀ ਉਡੀਕ ਵਿਚ ਹਨ । 30 ਸਾਲਾਂ ਤੋਂ ਲਟਕ ਰਹੇ ਕੇਸਾਂ ਦੀ ਗਿਣਤੀ 1,31,000 ਹੈ, ਕਰ ਲਓ ਘਿਓ ਨੂੰ ਭਾਂਡਾ, ਲੈ ਲਓ ਇਨਸਾਫ !

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

# 'ਰੌਚਕ ਤੇ ਯਾਦਗਾਰੀ ਰਿਹਾ ਡਾ.ਅਮਰਜੀਤ ਕੌਂਕੇ ਨਾਲ ਪ੍ਰੋਗਰਾਮ ਸਿਰਜਣਾ ਦੇ ਆਰ ਪਾਰ'

ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਆਨਲਾਈਨ ਮਹੀਨਾਵਾਰ ਅੰਤਰਰਾਸ਼ਟਰੀ ਪ੍ਰੋਗਰਾਮ "ਸਿਰਜਣਾ ਦੇ ਆਰ ਪਾਰ " ਦਾ ਆਯੋਜਨ 25 ਅਗੱਸਤ ਦਿਨ ਐਤਵਾਰ ਨੂੰ ਕੀਤਾ ਗਿਆ । ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਅਤੇ ਚੇਅਰਪਰਸਨ ਡਾ. ਸਰਬਜੀਤ ਸੋਹਲ ਜੀ ਦੀ ਅਗਵਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਨਾਮਵਰ ਲੇਖਕ, ਕਵੀ,ਅਨੁਵਾਦਕ ਅਤੇ ਪ੍ਰਤੀਮਾਨ ਮੈਗਜ਼ੀਨ ਦੇ ਸੰਪਾਦਕ ਡਾ. ਅਮਰਜੀਤ ਕੌਂਕੇ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਪ੍ਰੋਗਰਾਮ ਦੇ ਆਰੰਭ ਵਿੱਚ ਰਮਿੰਦਰ ਰੰਮੀ ਨੇ ਸੱਭ ਨੂੰ ਰਸਮੀ ਜੀ ਆਇਆਂ ਕਿਹਾ ਤੇ ਦੱਸਿਆ ਕਿ ਜਦੋਂ ਅਮਰਜੀਤ ਕੌਂਕੇ 2019 ਵਿੱਚ ਵਰਲਡ ਪੰਜਾਬੀ ਕਾਨਫ਼ਰੰਸ ਵਿੱਚ ਕੈਨੇਡਾ ਆਏ ਤਾਂ ਇੱਥੋਂ ਦੇ ਸੱਭ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਪ੍ਰਤੀਮਾਨ ਮੈਗਜ਼ੀਨ ਵਿੱਚ ਪਬਲਿਸ਼ ਕੀਤਾ ਸੀ ਤੇ ਮੈਂ ਅਜੇ 30.35 ਰਚਨਾਵਾਂ ਹੀ ਲਿੱਖੀਆਂ ਸਨ ਜੱਦ ਉਹਨਾਂ ਮੈਨੂੰ ਦੱਸਿਆ ਕਿ ਅਸੀਂ ਤੁਹਾਡੀ ਰਚਨਾ ਨੂੰ ਵੀ ਆਪਣੀ ਮੈਗਜ਼ੀਨ ਪ੍ਰਤੀਮਾਨ ਵਿੱਚ ਛਾਪਿਆ ਹੈ ਤਾਂ ਮੈਨੂੰ ਬਹੁਤ ਹੈਰਾਨੀ ਹੋਈ ਕਿ ਨਵੇਂ ਕਵੀਆਂ ਨੂੰ ਵੀ ਇਹ ਉਤਸ਼ਾਹਿਤ ਕਰਦੇ ਹਨ । ਫਿਰ ਰਿੰਟੂ ਭਾਟੀਆ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਡਾ . ਸਰਬਜੀਤ ਕੌਰ ਸੋਹਲ ਜੀ ਨੂੰ ਪ੍ਰੋਗਰਾਮ ਸ਼ੁਰੂ ਕਰਨ ਲਈ ਕਿਹਾ। ਡਾ . ਸਰਬਜੀਤ ਕੌਰ ਸੋਹਲ ਨੇ ਡਾ . ਅਮਰਜੀਤ ਕੌਂਕੇ ਦੀ ਕਾਵਿ ਰਚਨਾ ਅਤੇ ਉਹਨਾਂ ਦੀ ਸਾਹਿਤਕ ਦੇਣ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਦਾ ਸੰਚਾਲਨ ਪ੍ਰੋ ਕੁਲਜੀਤ ਕੌਰ ਨੇ ਬਾਖ਼ੂਬੀ ਕੀਤਾ। ਆਰੰਭ ਵਿਚ ਇੱਕ ਸੰਖੇਪ ਵੀਡੀਉ ਰਾਂਹੀ ਅਮਰਜੀਤ ਕੌਂਕੇ ਦੀ ਜਾਣ ਪਛਾਣ ਕਰਵਾਈ। ਉਪਰੰਤ ਡਾ. ਕੌਂਕੇ ਨੇ ਆਪਣੇ ਬਚਪਨ ਦੀਆਂ ਮੁਸ਼ਕਲਾਂ ਅਤੇ ਉਸ ਦੌਰ ਵਿੱਚ ਸਾਹਿਤ ਪ੍ਰਤੀ ਆਪਣੀ ਲਗਨ ਬਾਰੇ ਗੱਲਬਾਤ ਕੀਤੀ। ਉਹਨਾਂ ਆਪਣੀਆਂ ਖੂਬਸੂਰਤ ਰਚਨਾਵਾਂ ਸਾਂਝੀਆਂ ਕੀਤੀਆਂ। ਜੀਵਨ ਦੇ ਸੰਵੇਦਨਾ ਭਰਪੂਰ ਪਲਾਂ ਨੂੰ ਸਿਰਜਦੇ ਵਿਸ਼ਿਆਂ ਦੀਆਂ ਇਹਨਾਂ ਰਚਨਾਵਾਂ ਨੇ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਡਾ.ਅਮਰਜੀਤ ਨੇ ਆਪਣੇ ਕਾਵਿਕ ਸਫ਼ਰ ਦਾ ਆਰੰਭ ਆਪਣੀ ਪੁਸਤਕ' ਨਿਰਵਾਣ ਦੀ ਤਲਾਸ਼ ਵਿੱਚ' ਤੋਂ ਕੀਤਾ ।ਫਿਰ ਦਾਇਰਿਆਂ ਦੀ ਕਬਰ,ਯਕੀਨ, ਸਿਮਰਤੀਆਂ ਦੀ ਲਾਲਟੈਨ,ਪਿਆਸ ਕਾਵਿ ਸੰਗ੍ਰਹਿ ਲਿਖੇ। ਹਿੰਦੀ ਵਿਚ ਤਿੰਨ ਕਾਵਿ ਸੰਗ੍ਰਹਿ ਲਿਖੇ ਅਤੇ 40 ਦੇ ਕਰੀਬ ਪੁਸਤਕਾਂ ਦਾ ਅਨੁਵਾਦ ਕੀਤਾ। ਉਹਨਾਂ ਅਨੁਸਾਰ ਉਹਨਾਂ ਦਾ ਅਨੁਵਾਦ ਵੱਲ ਝੁਕਾਅ ਉਹਨਾਂ ਦੀਆਂ ਆਰਥਿਕ ਲੋੜਾਂ ਵਿੱਚੋਂ ਹੋਇਆ ਜੋ ਹੌਲੀ ਹੌਲੀ ਉਹਨਾਂ ਦੇ ਸਾਹਿਤਕ ਜੀਵਨ ਦਾ ਹਿੱਸਾ ਬਣ ਗਿਆ।2003 ਤੋਂ ਸਾਹਿਤਕ ਪਰਚੇ ਪ੍ਰਤਿਮਾਨ ਦੇ ਉਹ ਸੰਪਾਦਕ ਹਨ ।ਇਸ ਪਰਚੇ ਲਈ ਉਹਨਾਂ ਦੀ ਹਮਸਫ਼ਰ ਨੇ ਵੀ ਉਹਨਾਂ ਨੂੰ ਉਤਸ਼ਾਹਿਤ ਕੀਤਾ ਸੀ। ਉਹਨਾਂ ਨੂੰ 2016 ਵਿੱਚ ਸਾਹਿਤ ਅਕਾਦਮੀ ਦਿੱਲੀ ਵੱਲੋਂ ਅਨੁਵਾਦ ਪੁਰਸਕਾਰ ਵੀ ਮਿਲਿਆ। ਉਹਨਾਂ ਦੀਆਂ ਰਚਨਾਵਾਂ ਬਾਰੇ 12 ਦੇ ਕਰੀਬ ਖੋਜ ਕਾਰਜ ਹੋਏ ਹਨ। ਉਹਨਾਂ ਨੇ ਆਪਣੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਤਸੱਲੀ ਪ੍ਰਗਟਾਈ ਅਤੇ ਭਵਿੱਖ ਦੀਆਂ ਯੋਜਨਾਵਾਂ ਵਿੱਚ ਸਾਹਿਤਕ ਸਵੈਜੀਵਨੀ ਲਿਖਣ ਦੀ ਗੱਲ ਕੀਤੀ। ਉਹਨਾਂ ਨੇ ਅਧਿਆਪਨ ਦੇ ਨਾਲ਼ ਅਧਿਐਨ ਅਤੇ ਸਾਹਿਤ ਰਚਨਾ ਨੂੰ ਆਪਣੇ ਜੀਵਨ ਦਾ ਜਰੂਰੀ ਹਿੱਸਾ ਦੱਸਿਆ। ਇਸ ਪ੍ਰੋਗਰਾਮ ਵਿੱਚ ਜਗਤ ਪੰਜਾਬੀ ਸਭਾ ਕੈਨੇਡਾ ਤੋਂ ਚੇਅਰਮੈਨ ਡਾ.ਅਜੈਬ ਸਿੰਘ ਚੱਠਾ ਨੇ ਡਾ .ਕੌਂਕੇ ਦੀ ਕਾਵਿ ਰਚਨਾ ਨੂੰ ਲੋਕ ਜੀਵਨ ਦੇ ਨੇੜੇ ਦੱਸਿਆ ਉਹਨਾਂ ਕੌਂਕੇ ਦੇ ਮਿਲਣਸਾਰ ਸੁਭਾਅ ਦੀ ਪ੍ਰਸੰਸਾ ਕੀਤੀ। ਡਾ. ਗੁਰਜੰਟ ਸਿੰਘ ਨੇ ਡਾ.ਅਮਰਜੀਤ ਕੌਂਕੇ ਨੂੰ ਉਹਨਾਂ ਦੀ ਕਾਵਿ ਰਚਨਾ ਬਾਰੇ ਕੁਝ ਵਿਚਾਰ ਪ੍ਰਗਟਾਏ ਜਿਸ ਦੇ ਜਵਾਬ ਵਿੱਚ ਡਾ.ਕੌਂਕੇ ਨੇ ਆਪਣੀ ਸ਼ਾਇਰੀ ਨੂੰ ਮਨੁੱਖੀ ਸਰੋਕਾਰਾਂ ਦੀ ਸ਼ਾਇਰੀ ਦੱਸਿਆ। ਉਹਨਾਂ ਕਿਹਾ ਕਿ ਉਹ ਕਿਸੇ ਵਾਦ ਵਿੱਚ ਬੱਝ ਕੇ ਨਹੀਂ ਲਿਖਦੇ। ਸ. ਮਲੂਕ ਸਿੰਘ ਕਾਹਲੋਂ (ਕੈਨੇਡੀਅਨ ਪੰਜਾਬੀ ਸਾਹਿਤ ਸਭਾ) ਨੇ ਇਸ ਪ੍ਰੋਗਰਾਮ ਨੂੰ ਲਾਹੇਵੰਦ ਦੱਸਦਿਆਂ ਡਾ. ਕੌਂਕੇ ਦੀ ਕਾਵਿ ਰਚਨਾ ਲਈ ਉਹਨਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।ਡਾ.ਬਲਜੀਤ ਕੌਰ ਰਿਆੜ ਨੇ ਡਾ. ਅਮਰਜੀਤ ਕੌਂਕੇ ਦੀ ਸ਼ਾਇਰੀ ਦੇ ਸਮਾਜਿਕ ਸਰੋਕਾਰਾਂ ਦਾ ਜ਼ਿਕਰ ਕਰਦਿਆਂ ਆਪਣੇ ਕੁਝ ਨਿੱਜੀ ਅਨੁਭਵ ਸਾਂਝੇ ਕੀਤੇ ਕਿ ਡਾ . ਕੌਂਕੇ ਨੇ ਕਿਸਤਰ੍ਹਾਂ ਉਹਨਾਂ ਨੂੰ ਸਾਹਿਤਕ ਰਚਨਾਵਾਂ ਲਿਖਣ ਲਈ ਪ੍ਰੇਰਿਤ ਕੀਤਾ ਸੀ । ਪ੍ਰੋਗਰਾਮ ਦੇ ਅੰਤ ਵਿੱਚ ਰਮਿੰਦਰ ਰੰਮੀ ਜੀ ਦੁਆਰਾ ਸੰਪਾਦਿਤ ਕੀਤਾ ਗਿਆ ਈ ਮੈਗਜ਼ੀਨ ( ਸਾਹਿਤਕ ਸਾਂਝਾਂ ) ਵੀ ਰਿਲੀਜ਼ ਕੀਤਾ ਗਿਆ ਜਿਸ ਦੀ ਸਭ ਨੇ ਬਹੁਤ ਤਾਰੀਫ਼ ਕੀਤੀ। ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਮੁੱਖ ਸਲਾਹਕਾਰ ਸ੍ਰ. ਪਿਆਰਾ ਸਿੰਘ ਕੁੱਦੋਵਾਲ ਨੇ ਡਾ.ਅਮਰਜੀਤ ਕੌਂਕੇ ਅਤੇ ਹੋਰ ਸਭ ਦਰਸ਼ਕਾਂ ਦਾ ਧੰਨਵਾਦ ਕੀਤਾ। ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਇਹ ਪ੍ਰੋਗਰਾਮ ਬਹੁਤ ਪ੍ਰਭਾਵਸ਼ਾਲੀ ਅਤੇ ਰੌਚਕ ਰਿਹਾ। ਇਹ ਰਿਪੋਰਟ ਪ੍ਰੋ. ਕੁਲਜੀਤ ਕੌਰ ਨੇ ਰਮਿੰਦਰ ਰੰਮੀ ਨੂੰ ਸਾਂਝੀ ਕੀਤੀ। ਧੰਨਵਾਦ ਸਹਿਤ।




ਰਮਿੰਦਰ ਰੰਮੀ ਫ਼ਾਊਂਡਰ ਤੇ ਪ੍ਰਬੰਧਕ ,
ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ।






ਰੋਜ਼ਾਨਾਂ ਜ਼ਿੰਦਗੀ ਵਿਚ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ 'ਬਾਰਾਮਾਹ'133, 'ਸੁਖਮਨੀ ਸਾਹਿਬ' 262, 'ਲਾਵਾਂ' 733, 'ਆਸਾ ਦੀ ਵਾਰ' 462, 'ਬਾਵਨ ਅੱਖਰੀ' 250, 'ਰਾਮਕਲੀ ਸਧ' 923, 'ਆਨੰਦ ਸਾਹਿਬ' 917, 'ਸਾਹਿਸਕ੍ਰਿਤੀ ਸਲੋਕ' 1352, 'ਸਲੋਕ ਫਰੀਦ ਜੀ' 1377, 'ਸਲੋਕ ਕਬੀਰ ਜੀ' 1364, 'ਵਾਰ ਸੱਤਾ ਬਲਵੰਡ' 966, 'ਸਿਧ ਗੋਸ਼ਟ' 938 ਅਤੇ ਭੱਟਾਂ ਦੇ ਸਵੱਈਏ 1385 ਅੰਗ 'ਤੇ ਸੁਸ਼ੋਭਿਤ ਹਨ। ਇਤਿਹਾਸ 'ਚੋਂ ਇਹ ਪ੍ਰਮਾਣ ਮਿਲਦੇ ਹਨ ਕਿ ਜੁੱਗੋ-ਜੁੱਗ ਅਟੱਲ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਸਮੇਂ ਇਸ ਹੁਕਮਨਾਮੇ ਦੀ ਬਖ਼ਸ਼ਿਸ਼ ਹੋਈ ਸੀ: ਸੰਤਾ ਕੇ ਕਾਰਜ ਆਪ ਖਲੋਇਆ॥ ਹਰਿ ਕੰਮ ਕਰਾਵਨ ਆਇਆ ਰਾਮ॥



# ਵਿਸ਼ਵ-ਸ਼ਾਂਤੀ ਸਥਾਪਤ ਕਰਨ ਦੇ ਸਮਰੱਥ... ਗੁਰੂ ਗ੍ਰੰਥ ਸਾਹਿਬ !

ਸ੍ਰੀ ਗੁਰੂ ਗ੍ਰੰਥ ਸਾਹਿਬ ਨਾ ਤਾਂ 'ਅਤੀਤ' ਹੈ ਅਤੇ ਨਾ ਹੀ 'ਭਵਿੱਖ'....ਗੁਰੂ ਗ੍ਰੰਥ ਸਾਹਿਬ ਤਾਂ ਕੇਵਲ ਤੇ ਕੇਵਲ 'ਵਰਤਮਾਨ' ਹੈ। ਤੁਸੀਂ ਗੁਰੂ ਗ੍ਰੰਥ ਸਾਹਿਬ ਦੇ ਸੰਬਧ ਵਿਚ ਜ਼ਿਕਰ ਕਰਨ ਲੱਗਿਆਂ, 'ਅਤੀਤ' ਅਤੇ 'ਭਵਿੱਖ' ਦੋਵਾਂ ਹੀ ਸ਼ਬਦਾਂ ਦਾ ਇਸਤੇਮਾਲ ਨਹੀਂ ਕਰ ਸਕਦੇ। ਤੁਸੀਂ ਇਹ ਨਹੀਂ ਆਖ ਸਕਦੇ ਕਿ ਗੁਰੂ ਗ੍ਰੰਥ ਸਾਹਿਬ "ਸੀ"....ਕਿਉਂਕਿ ਜੋ 'ਸੀ' ਸ਼ਬਦ ਹੈ, ਇਹ 'ਅਤੀਤ' ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ ਤੁਸੀਂ ਇਹ ਵੀ ਨਹੀਂ ਆਖ ਸਕਦੇ ਕਿ ਗੁਰੂ ਗ੍ਰੰਥ ਸਾਹਿਬ "ਹੋਵੇਗਾ"....ਕਿਉਂਕਿ ਜੋ 'ਹੋਵੇਗਾ' ਸ਼ਬਦ ਹੈ, ਇਹ 'ਭਵਿੱਖ' ਨੂੰ ਦਰਸਾਉਂਦਾ ਹੈ। ਤੁਸੀਂ ਸਿਰਫ਼ ਤੇ ਸਿਰਫ਼ ਇਹੀ ਆਖ ਸਕਦੇ ਹੋ ਕਿ ਗੁਰੂ ਗ੍ਰੰਥ ਸਾਹਿਬ "ਹੈ'! ਦਰਅਸਲ ਇਹ ਜਿਹੜਾ "ਹੈ' ਸ਼ਬਦ ਹੈ ਨਾ, ਵਾਸਤਵ ਵਿਚ ਇਸ "ਹੈ" ਦਾ ਹੀ ਦੂਸਰਾ ਨਾਮ 'ਪ੍ਰਮਾਤਮਾ' ਹੈ....ਜੋ ਮੁੱਢ-ਕਦੀਮ ਤੋਂ 'ਹੈ' ਅਤੇ ਜੁੱਗਾਂ-ਜੁਗਾਂਤਰਾਂ ਤੱਕ 'ਹੈ' ਹੀ ਰਹੇਗਾ। ਬਸ! ਇਹ 'ਹੈ' ਜੋ ਹੈ ਨਾ....ਇਹੀ 'ਈਸ਼ਵਰ' ਹੈ, ਇਹੀ 'ਅਕਾਲਪੁਰਖ਼' ਹੈ ਅਤੇ ਇਸ ਤੋਂ ਬਿਨਾ ਹੋਰ ਕੋਈ 'ਪ੍ਰਮਾਤਮਾਂ' ਹੋ ਹੀ ਨਹੀਂ ਸਕਦਾ। ਕੇਵਲ ਤੇ ਕੇਵਲ ਇਹੀ 'ਤੀਰਥ' ਹੈ, ਇਹੀ 'ਆਰਾਧਨਾ' ਹੈ, ਇਹੀ 'ਇਬਾਦਤ' ਹੈ, ਇਹੀ 'ਹਕੀਕਤ' ਹੈ ਅਤੇ ਇਸ 'ਹੈ' ਵਿਚ ਪੂਰਨ-ਰੂਪ ਵਿਚ ਲੀਨ ਹੋ ਜਾਣਾ ਹੀ ਇਸ 'ਹੈ' ਨਾਲ ਪੂਰਨ-ਰੂਪ ਵਿਚ ਜੁੜ ਜਾਣਾ ਹੈ, ਉਸ 'ਪ੍ਰਮੇਸ਼ਰ' ਨਾਲ ਜੁੜ ਜਾਣਾ ਹੈ, ਉਸ 'ਈਸ਼ਵਰ' ਨਾਲ

ਜੁੜ ਜਾਣਾ ਹੈ, ਉਸ 'ਨਿਰੰਕਾਰ' ਨਾਲ ਜੁੜ ਜਾਣਾ ਹੈ। ਸਮੁੱਚੀ ਮਾਨਵਤਾ ਦੇ ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਬਿਕਰਮੀ 1661 (1604 ਈ:) ਭਾਦੋਂ ਸੁਦੀ 1 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅਮ੍ਰਿਤਸਰ ਵਿਖੇ ਰੂਪਮਾਨ ਹੋਇਆ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਨਿਯੁੱਕਤ ਕਰਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਦਾ ਕਾਰਜ ਪਹਿਲੀ ਵਾਰ ਧੰਨ ਧੰਨ ਬਾਬਾ ਬੁੱਢਾ ਜੀ ਵਰਗੀ ਸ਼ਖ਼ਸੀਅਤ ਨੂੰ ਪਹਿਲੇ ਗ੍ਰੰਥੀ ਥਾਪ ਕੇ ਇਸ ਮਹਾਨ ਕਾਰਜ ਨੂੰ ਸੰਪਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ 1430 ਅੰਗ (ਪੰਨੇ) ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ 6 ਸਤਿਕਾਰਯੋਗ



ਸਿੱਖ ਗੁਰੂ ਸਾਹਿਬਾਨਾਂ, 15 ਵੱਖ-ਵੱਖ ਧਰਮਾਂ ਨਾਲ ਸਬੰਧਤ ਭਗਤਾਂ, 11 ਉੱਚ-ਕੋਟੀ ਦੇ ਅਰਸ਼ੀ ਭੱਟਾਂ ਅਤੇ 3 ਗੁਰੂ ਘਰ ਦੇ ਸੇਵਕ ਗੁਰਸਿੱਖਾਂ ਯਾਨੀ ਕਿ ਕੁੱਲ 35 ਮਹਾਨ ਸਾਧਕਾਂ ਦੀ ਬਾਣੀ ਦਾ ਖ਼ਜ਼ਾਨਾ ਦਰਜ਼ ਹੈ। ਇਸ ਅਲੌਕਿਕ ਗ੍ਰੰਥ ਵਿਚ ਕੁਲ ਮਿਲਾ ਕੇ 5874 ਸ਼ਬਦ ਹਨ ਜੋ 31 ਰਾਗਾਂ ਵਿਚ ਵਿਦਮਾਨ ਹਨ। ਇਸ ਤੋਂ ਇਲਾਵਾ 22 ਵਾਰਾਂ, 305 ਅਸ਼ਟਪਦੀਆਂ, 145 ਛੰਦ (ਛੰਤ), 471 ਪਉੜੀਆਂ, 664 ਸਲੋਕਾਂ ਦਾ ਭੰਡਾਰ ਇਸ ਮਹਾਨ ਗ੍ਰੰਥ ਵਿਚ ਸਮੋਇਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਭ ਤੋਂ ਵੱਡਾ ਰਾਗ 'ਗਉੜੀ' ਹੈ ਅਤੇ ਸਭ ਤੋਂ ਛੋਟਾ ਰਾਗ 'ਬੈਰਾੜੀ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਬਾਣੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਹੈ ਜਿਨ੍ਹਾਂ ਦੇ 2218 ਸ਼ਬਦ ਇਸ ਪਾਵਨ ਗ੍ਰੰਥ ਵਿਚ ਸੁਭਾਇਮਾਨ ਹਨ। ਸਭ ਤੋਂ ਘੱਟ ਬਾਣੀ ਭਗਤ ਸੂਰਦਾਸ ਜੀ ਦੀ ਹੈ ਜੋ ਕੇਵਲ ਇਕ ਨਿੱਕੀ ਜਿਹੀ ਪੰਗਤੀ 'ਤੇ ਅਧਾਰਤ ਹੈ। ਭਗਤਾਂ ਵਿਚੋਂ ਸਭ ਤੋਂ ਵੱਧ ਬਾਣੀ ਭਗਤ ਕਬੀਰ ਜੀ ਦੀ ਹੈ ਜਿਨ੍ਹਾਂ ਦੇ ਮੁਖ਼ਾਰਬਿੰਦ 'ਚੋਂ ਉਚਾਰੇ ਗਏ 541 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਸ਼ੋਭਤ ਹਨ। ਰੋਜ਼ਾਨਾਂ ਜ਼ਿੰਦਗੀ ਵਿਚ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ 'ਬਾਰਾਮਾਹ'133, 'ਸੁਖਮਨੀ ਸਾਹਿਬ' 262, 'ਲਾਵਾਂ' 733, 'ਆਸਾ ਦੀ ਵਾਰ' 462, 'ਬਾਵਨ ਅੱਖਰੀ' 250, 'ਰਾਮਕਲੀ ਸਧ' 923, 'ਆਨੰਦ ਸਾਹਿਬ' 917, 'ਸਾਹਿਸਕ੍ਰਿਤੀ ਸਲੋਕ' 1352, 'ਸਲੋਕ ਫਰੀਦ ਜੀ' 1377, 'ਸਲੋਕ ਕਬੀਰ ਜੀ' 1364, 'ਵਾਰ ਸੱਤਾ ਬਲਵੰਡ' 966, 'ਸਿਧ ਗੋਸ਼ਟ' 938 ਅਤੇ ਭੱਟਾਂ ਦੇ ਸਵੱਈਏ 1385 ਅੰਗ 'ਤੇ ਸਸ਼ੋਭਿਤ ਹਨ। ਇਤਿਹਾਸ 'ਚੋਂ ਇਹ ਪ੍ਰਮਾਣ ਮਿਲਦੇ ਹਨ ਕਿ ਜੁੱਗੋ-ਜੁੱਗ ਅਟੱਲ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਸਮੇਂ ਇਸ ਹੁਕਮਨਾਮੇ ਦੀ ਬਖ਼ਸ਼ਿਸ਼ ਹੋਈ ਸੀ: ਸੰਤਾ ਕੇ ਕਾਰਜ ਆਪ ਖਲੋਇਆ॥ ਹਰਿ ਕੰਮ ਕਰਾਵਨ ਆਇਆ ਰਾਮ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ 'ਸ਼ਬਦ' ਨੂੰ ਵਿਦਵਾਨਾਂ ਦੁਆਰਾ ਸਿੱਖ ਧਰਮ ਦਾ ਕੇਂਦਰੀ ਬਿੰਦੂ ਸਵੀਕਾਰ ਕੀਤਾ ਗਿਆ ਹੈ। ਸੰਸਾਰ ਦੇ ਵੱਖ-ਵੱਖ ਧਰਮਾਂ ਨੇ 'ਸ਼ਬਦ' ਨੂੰ ਸਤਿਕਾਰਿਆ ਤਾਂ ਹੈ ਪ੍ਰਤੂੰ 'ਗੁਰੂ' ਕਰਕੇ ਕਿਸੇ ਨੇ ਨਹੀ ਸਵੀਕਾਰਿਆ। ਇਹ ਵਿਸ਼ੇਸ਼ਤਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਸ਼ਬਦ-ਗੁਰੂ' ਹੋਣ ਦਾ ਮਾਣ ਹਾਸਲ ਹੈ। 'ਸ਼ਬਦ-ਗੁਰੂ' ਦਾ ਸਿਧਾਂਤ ਸਿੱਖ ਧਰਮ ਦੀ ਵਿਲੱਖਣਤਾ ਦਾ ਲਖਾਇਕ ਹੈ ਅਤੇ 'ਸ਼ਬਦ-ਗੁਰੂ' ਦਾ ਧਰਮ ਸਮੁੱਚੀ ਮਾਨਵਤਾ ਦਾ ਧਰਮ ਹੈ। ਗੁਰੂ ਗ੍ਰੰਥ ਸਾਹਿਬ ਨੇ ਤਾਂ ਹਮੇਸ਼ਾਂ ਮਨੁੱਖਤਾ ਦੇ ਮਾਣ-ਤਾਣ ਦੀ ਬਾਤ ਪਾਈ ਹੈ, ਸਾਂਝੀ-ਵਾਲਤਾ ਅਤੇ ਸਮਾਜਿਕ ਬਰਾਬਰਤਾ ਦੀ ਬਾਤ ਪਾਈ ਹੈ। ਗੁਰੂ ਗ੍ਰੰਥ ਸਾਹਿਬ ਦੀ ਅਮ੍ਰਿਤਮਈ ਬਾਣੀ 'ਮਜ਼ਬਾਂ' ਅਤੇ 'ਦੇਸ਼ਾਂ' ਦੀਆਂ ਹੱਦਾਂ-ਸਰਹੱਦਾਂ ਨੂੰ ਪਾਰ ਕਰਕੇ ਉਪਦੇਸ਼ ਦਿੰਦੀ ਹੈ। 'ਗੁਰੂ ਸ਼ਬਦ' ਵਿਚ ਵਿਸਮਾਦੀ ਭੇਦ ਲੁਕਿਆ ਹੋਇਆ ਹੈ ਅਤੇ ਇਹ ਪਾਰਬ੍ਰਹਮ ਪਰਮੇਸ਼ਰ ਦਾ ਚਿਤ ਰੂਪ ਹੋਣ ਕਰਕੇ 'ਆਤਮਿਕ-ਗਿਆਨ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਸ਼ਬਦ' ਜਿੱਥੇ ਇਕ ਪਾਸੇ 'ਆਤਮਿਕ-ਗਿਆਨ' ਹੈ ਉੱਥੇ ਦੂਸਰੇ ਪਾਸੇ 'ਆਤਮਿਕ-ਜੋਤ' ਹੈ, ਜੋ ਹਮੇਸ਼ਾਂ ਸਿੱਖ ਜਗਤ ਦੇ ਦਿਲਾਂ ਅੰਦਰ ਇਕ ਜਾਗਦੀ ਜੋਤਿ ਬਣ ਕੇ ਵਿਦਮਾਨ ਰਹਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਰਬ੍ਰਹਮ ਤੋਂ ਪ੍ਰਾਪਤ ਇਸ ਸ਼ਬਦ ਨਾਲ ਪੂਰੇ ਵਿਸ਼ਵ ਨੂੰ ਸੱਚ ਦਾ ਸੁਨੇਹਾ ਦਿੱਤਾ ਹੈ। ਸਿੱਖ-ਧਰਮ ਅੰਦਰ ਇਕ ਵਿਸ਼ੇਸ਼ ਵਿਲੱਖਣਤਾ ਇਹ ਹੈ ਕਿ ਸਮੁੱਚੀ ਮਨੁੱਖਤਾ ਦੇ ਇਤਿਹਾਸ ਅੰਦਰ ਗੁਰੂ ਨਾਨਕ ਪਾਤਸ਼ਾਹ ਵਾਂਗ ਅੱਜ ਤਕ ਕਿਸੇ ਵੀ ਧਰਮ ਦੇ ਆਗੂ, ਪੈਗੰਬਰ, ਨਬ਼ੀ ਜਾਂ ਅਵਤਾਰ ਨੇ ਜੋਤਿ ਤੋਂ ਜੋਤਿ ਜਗਾ ਕੇ ਆਪਣੀ ਆਤਮਿਕ ਸ਼ਕਤੀ ਇਨਬਿਨ ਸਮਾਨ ਰੂਪ ਵਿਚ ਕਿਸੇ ਹੋਰ ਵਿਅਕਤੀ ਵਿਚ ਨਹੀਂ ਪ੍ਰਦਾਨ ਕੀਤੀ।

ਪ੍ਰਤੂੰ ਇਹ ਉਹ ਜੋਤਿ ਹੈ ਜਿਸ ਨੇ ਵਾਰੋ-ਵਾਰੀ ਸਿੱਖ ਸਤਿਗੁਰਾਂ ਦੇ ਪਾਵਨ ਹਿਰਦੇ ਰਾਹੀਂ ਪ੍ਰਗਟ ਹੋ ਕੇ ਲਗਭਗ 239 ਸਾਲ (1469 ਤੋਂ ਲੈ ਕੇ 1708 ਤਕ) ਸਮੁੱਚੀ ਮਨੁੱਖਤਾ ਦੀ ਅਗਵਾਈ ਕੀਤੀ ਹੈ। ਜਦਕਿ ਅੱਜ ਵਰਤਮਾਨ ਯੁੱਗ ਵਿਚ ਇਹ 'ਸ਼ਬਦ' ਜਾਗਦੀ ਜੋਤਿ, ਜੁੱਗੋ-ਜੁੱਗ ਅਟੱਲ, ਸਰਬ- ਕਲਾ ਭਰਪੂਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਬਿਰਾਜਮਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ 'ਨਿਰੰਕਾਰ' ਦੀ ਪਰਮ-ਪਰਚੰਡ ਜੋਤਿ ਦਾ ਇਕ ਪ੍ਰਗਟ ਚਮਤਕਾਰ ਹੈ, ਰੱਬੀ ਨੂਰ ਹੈ ਅਤੇ ਪੂਰਨ ਸੱਚ ਹੈ ਜਿਸ ਵਿਚ ਕਿਸੇ ਕਿਸਮ ਦੀ ਰਤੀ ਭਰ ਵੀ ਅਪੂਰਨਤਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਮ੍ਰਿਤਮਈ ਬਾਣੀ ਨੇ ਨੌਂ ਖੰਡ ਪ੍ਰਿਥਮੀ ਅੰਦਰ ਸੱਚ ਦਾ ਸੁਨੇਹਾ ਦੇ ਕੇ, ਅੱਜ ਇਹ ਸਿੱਧ ਕਰ ਦਿੱਤਾ ਹੈ ਕਿ ਇਸ ਸੰਸਾਰ ਦੇ ਅੰਦਰ ਸਿਰਫ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਮਹਿਜ਼ ਇਕ ਐਸੇ ਸਮਰੱਥ ਗੁਰੂ ਹਨ, ਜਿਨ੍ਹਾਂ ਕੋਲ ਆਤਮ-ਗਿਆਨ ਦੀ ਸਨਮਾਨਯੋਗ ਪ੍ਰਾਪਤੀ ਲਈ ਸਾਰੇ ਦੇ ਸਾਰੇ ਗੁਣ ਮੌਜੂਦ ਹਨ। ਧੰਨ-ਧੰਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਦਿੱਬ-ਦ੍ਰਿਸ਼ਟੀ ਸਦਕਾ ਰੂਪਮਾਨ ਹੋਏ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੱਜ ਦੇ ਮੁਬਾਰਕ ਦਿਨ ਸਮੁੱਚੀ ਮਾਨਵਤਾ ਦੇ ਸਰਬਪੱਖੀ ਕਲਿਆਣ ਲਈ ਪਹਿਲਾ ਪ੍ਰਕਾਸ਼ ਕੀਤਾ ਗਿਆ। ਬਿਨਾ ਸ਼ੱਕ, ਗੁਰੂ ਗ੍ਰੰਥ ਸਾਹਿਬ ਗਿਆਨ-ਦਾਤਾ ਹੈ, ਮੁਕਤੀ-ਦਾਤਾ ਹੈ, ਸਰਬ ਸੁੱਖਾਂ ਦਾ ਸਾਗਰ ਹੈ ਅਤੇ ਘੋਰ ਅੰਧੇਰੇ ਵਿਚ ਰੌਸ਼ਨੀ ਕਰਨ ਵਾਲਾ ਸਦੀਵੀ ਚਾਨਣ ਦਾ ਸੋਮਾ ਹੈ। ਗੁਰੂ ਗ੍ਰੰਥ ਸਾਹਿਬ ਇਕ ਐਸੇ ਮਹਾਨ 'ਗੁਰੂ' ਹਨ ਜੋ ਨਿਰਗੁਣ ਰੂਪ ਵਿਚ ਅਕਾਲ-ਪੁਰਖ਼ ਨਾਲ ਇਕਮਿਕ ਹੋ ਕੇ, ਸਰਗੁਣ ਰੂਪ ਵਿਚ ਸਮੁੱਚੀ ਮਨੁੱਖਤਾ ਨਾਲ ਇਕਮਿਕ ਹਨ। ਜਿੱਥੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 1604 ਈ: ਨੂੰ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ, ਉੱਥੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1708 ਈ: ਨੂੰ ਸ੍ਰੀ ਹਜ਼ੂਰ ਸਾਹਿਬ ਵਿਖੇ, ਨਾਦੇੜ ਦੀ ਸਰ-ਜ਼ਮੀਨ 'ਤੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਖੜ੍ਹੇ ਹੋ ਕੇ, ਗਲ ਵਿਚ ਪੱਲਾ ਪਾ ਕੇ, ਦੋਵੇਂ ਦਸਤ-ਕਮਲਾਂ ਨੂੰ ਜੋੜਕੇ, ਆਪਣੇ ਘੁਟਨਿਆਂ ਨੂੰ ਜ਼ਮੀਨ 'ਤੇ ਟੇਕ ਕੇ, ਨੇਤ੍ਰਾਂ ਨੂੰ ਬੰਦ ਕਰਕੇ, ਆਪਣਾ ਸੀਸ ਧੰਨ ਧੰਨ ਗ੍ਰੰਥ ਸਾਹਿਬ ਦੇ ਪਾਵਨ ਚਰਨ-ਕੰਵਲਾਂ 'ਤੇ ਟਿਕਾ ਕੇ ਤੇ ਇਸ ਨੂੰ "ਜਾਗਤ-ਗੁਰੂ" ਤਸਲੀਮ ਕੀਤਾ ਅਤੇ ਨਾਲ ਹੀ ਸਮੂਹ ਸਿੱਖ-ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾ ਕੇ ਐਲਾਨ-ਨਾਮਾ ਜਾਰੀ ਕਰਕੇ ਇਹ ਆਦੇਸ਼ ਦਿੱਤਾ ਕਿ:

"ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ"। ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਤਿਮ ਸਮੇਂ ਫੁਰਮਾਏ ਸ਼ਬਦਾਂ ਨੂੰ ਇਸ ਤਰ੍ਹਾਂ ਅੰਕਿਤ ਕੀਤਾ ਹੈ, ਕਿ ਤੁਸੀਂ 'ਸ਼ਬਦ' ਤੇ 'ਗੁਰੂ' ਨੂੰ ਇਕੋ ਰੂਪ ਜਾਨਣਾ.....'ਗੁਰੂ' ਅਤੇ 'ਪ੍ਰਮੇਸ਼ਰ' ਵਿਚ ਭੇਦ ਨਹੀਂ ਜਾਨਣਾ, ਸ਼ਰੀਰ ਮੇਰਾ 'ਸਰਗੁਣ' ਹੈ ਤੇ 'ਸ਼ਬਦ' ਮੇਰਾ ਹਿਰਦਾ ਹੈ। ਜੋ 'ਸ਼ਰੀਰ' ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ ਤੇ ਜੋ 'ਸ਼ਬਦ' ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।



ਡਾ. ਪ੍ਰਗਟ ਸਿੰਘ 'ਬੱਗਾ'
(ਸਿੱਖ-ਚਿੰਤਕ ਅਤੇ ਲੇਖ਼ਕ)
ਫੋਨ: 905 5631 8901

ਭਾਗ-9

# ਤਸਵੀਰ ਜ਼ਿੰਦਗੀ ਦੀ...

ਅਗਲੇ ਹੀ ਦਿਨ ਨਾਨਕ,ਗੁਰਨਾਮ ਨਾਲ ਸ਼ਹਿਰ ਵਿੱਚ ਮਿਸਤਰੀ ਨੂੰ ਮਿਲ ਕੇ ਖੇਤ ਵਿੱਚ ਬੰਬੀ ਲਗਵਾਉਣ ਦਾ ਪੱਕਾ ਕਰ ਆਉਂਦੇ ਹਨ ਤੇ ਸਾਰਾ ਸਮਾਨ ਜੋ ਮਿਸਤਰੀ ਨੇ ਲਿਖਵਾਇਆ ਹੁੰਦਾ ਹੈ ਟਰਾਲੀ ਵਿੱਚ ਲੱਦ ਕੇ ਪਿੰਡ ਲੈ ਆਉਂਦੇ ਹਨ।

ਨਾਨਕ ਨੇ ਦਾਦੀ ਦੀ ਗੱਲ ਮੰਨ ਪੁਰਾਣੀ ਕੋਠੜੀ ਵੀ ਢਾਹ ਦਿੱਤੀ। ਥੋੜ੍ਹੇ ਹੀ ਦਿਨਾਂ ਵਿੱਚ ਬੰਬੀ ਲੱਗ ਗਈ, ਖੇਤ ਵਿੱਚ ਕੋਠੜੀ ਵੀ ਪੈ ਗਈ ਤੇ ਸਾਰੇ ਸਮਾਨ ਦੇ ਪੈਸਿਆਂ ਦਾ ਭੁਗਤਾਨ ਵੀ ਨਗਦ ਹੀ ਕਰ ਦਿੱਤਾ ਗਿਆ।

"ਬਾਪੂ ਆਹ ਸਾਰੇ ਨਿੱਕੇ ਮੋਟੇ ਕੰਮ ਤਾਂ ਹੋ ਗਏ ਕਿਉਂ ਨਾ ਹੁਣ ਆਪਾਂ ਘਰ ਵਾਲਾ ਕੰਮ ਵੀ ਵਿੱਢ ਲਈਏ....!"

"ਪੁੱਤ ਦੇਖ ਲਾ ਮੰਹਿਗਾਈ ਬਹੁਤ ਹੈ ਕਿਤੇ ਐਵੇਂ ਹੀ ਕਰਜ਼ੇ ਥੱਲੇ ਨਾ ਆ ਜਾਵੀਂ ਪਹਿਲਾਂ ਹੀ ਇਹ ਕਰਜ਼ਾ ਸਾਡਾ ਜਵਾਨ ਪੁੱਤ ਨਿਘਲ ਚੁੱਕਿਆ ਹੈਂ....ਹੁਣ ਮੇਰੇ ਵਿੱਚ ਦੁਬਾਰਾ ਦੁੱਖ ਸਹਿਣ ਦੀ ਤਾਕਤ ਨਹੀਂ ਹੈਂ।"

"ਬਾਪੂ ਤੂੰ ਬਿਲਕੁਲ ਵੀ ਨਾ ਘਬਰਾ, ਅਜੇ ਖਰਚ ਕਿਹੜੇ ਪੈਸੇ ਹੋਏ ਨੇ ਮਸਾਂ ਹੀ ਬੱਤੀ ਤੇਤੀ ਲੱਖ ਰੁਪਏ....ਨਾਲੇ ਫਸਲ ਦੇ ਸਾਰੇ ਦੇ ਸਾਰੇ ਪੈਸੇ ਵੀ ਆਪਣੇ ਕੋਲ ਹੀ ਰਹਿ ਜਾਣੇ ਹਨ....!"

"ਦੇਖ ਲਾ. ...ਵੀਰਪਾਲ ਨਾਲ ਸਲਾਹ ਕਰ ਲੈ... ਜਿਵੇਂ ਤੇਰੀ ਮਾਂ ਕਹੇਗੀ ਉਵੇਂ ਹੀ ਫਿਰ ਕਰ ਲਈ।"

"ਚੱਲ ਠੀਕ ਹੈ ਬਾਪੂ ਆਖ.....!"ਮਾਂ ਨੂੰ ਅਵਾਜ਼ਾਂ ਮਾਰਨ ਲੱਗ ਜਾਂਦਾ ਹੈ।

ਸਾਰਾ ਟੱਬਰ ਹੀ ਬਾਹਰ ਵੇਹੜੇ ਵਿੱਚ ਆ ਜਾਂਦਾ ਹੈ, "ਚੱਲ ਵਧੀਆ ਕੀਤਾ ਯਾਰ ਤੁਸੀਂ ਸਾਰੇ ਹੀ ਆ ਗਏ ਇੱਕ ਸਲਾਹ ਕਰਨੀ ਸੀ। "

"ਦੱਸ ਨਾਨਕਾ ਕੀ ਸਲਾਹ ਕਰਨੀ ਹੈ।"ਪਰੀਤੋ ਬੋਲੀ....!

"ਤੇਰੇ ਵਿਆਹ ਦੀ ਹੋਰ ਕਿਹੜੀ.....!"ਸਾਰੇ ਹੀ ਹੱਸ ਪਏ

"ਤੂੰ ਜਿਹੜੀ ਗੱਲ ਕਰਨੀ ਹੈ ਸਿੱਧਾ ਹੋ ਕੇ ਕਰ ਐਵੇ ਬਕਵਾਸ ਨਾ ਕਰ....!" ਪਰੀਤੋ ਗੁੱਸੇ ਵਿੱਚ ਬੋਲਦਾ ਹੈ।

"ਬਕਵਾਸ ਨਹੀਂ ਕਰਦਾ.....ਕਿਉ ਬਾਪੂ... ਪਰੀਤੋ ਦੇ ਵਿਆਹ ਦੀ ਗੱਲ ਹੀ ਕਰਨੀ ਹੈ ਨਾ...!"

ਬਾਪੂ ਵੀ ਹੱਸ ਕੇ,"ਉਹ ਵੀ ਕਰਾਂਗੇ ਪਹਿਲਾਂ ਜਿਹੜੀ ਗੱਲ ਵਾਸਤੇ ਇਕੱਠੇ ਕੀਤੇ ਨੇ ਉਹ ਗੱਲ ਕਰਲੈ।"

"ਚੱਲ ਫਿਰ ਕਰ ਲੈਦੇਂ ਹਾਂ ਬਾਪੂ.....!"

"ਮਾਂ, ਬੇਬੇ ਤੇ ਦੋਵੇਂ ਭੈਣਾਂ ਧਿਆਨ ਨਾਲ ਸੁਣੋ ਆਪਾਂ ਨਵਾਂ ਘਰ ਪਾਉਣ ਦੀ ਸਲਾਹ ਕਰਨੀ ਹੈਂ.....ਦੱਸੋ ਕੀ ਇਹ ਠੀਕ ਹੈ ਕਰ ਦੇਈਏ ਕੰਮ ਸ਼ੁਰੂ ਘਰ ਵਾਲਾ.....!"

"ਵੀਰਪਾਲ ਬੋਲੀ, ਵੇਖਲਾ ਪੁੱਤ ਐਵੇਂ ਨਾ ਲੋਕਾਂ ਦੀਆਂ ਨਜਰਾਂ ਵਿੱਚ ਆ ਜਾਵੀਂ.....ਲੋਕਾਂ ਦੀਆਂ ਨਜ਼ਰਾਂ ਖਾਂ ਜਾਦੀਆਂ ਹਨ, ਪੁੱਤਰ ਜੋ ਕਰਨਾ ਹੈ ਸਮਝ ਕੇ ਤੇ ਠਰ੍ਹਮੇ ਨਾਲ ਕਰ ਐਵੇਂ ਨਾ ਕਾਹਲੀ ਕਰ ਸਭ ਕੁਝ ਹੌਲੀ -ਹੌਲੀ ਕਰ ਲਵਾਂਗੇ।"

" ਹੁਣ ਵੇਹਲੇ ਆ ਮਾਂ ਫਿਰ ਬਿਜਾਈ ਦਾ ਸਮਾਂ ਆ ਜਾਣਾ ਹੈ....ਕਿਉ ਬੇਬੇ ਤੂੰ ਚੁੱਪ ਬੈਠੀ ਹੈ ਕੁਝ ਬੋਲ ਤੂੰ ਵੀ.....ਦੇ ਆਪਣੀ ਸਲਾਹ....! "

" ਪੁੱਤ ਕਹਿੰਦੀ ਤਾਂ ਤੇਰੀ ਮਾਂ ਵੀ ਠੀਕ ਹੈ ਲੋਕਾਂ ਦੀ ਦੰਦ ਕਲਾ ਖਾਂ ਜਾਂਦੀ ਹੈ.... ਪਰ ਗੱਲ ਤੇਰੀ ਵੀ ਠੀਕ ਹੈ ਜੇ ਬਨਾਉਣਾ ਹੀ ਹੈ ਤਾਂ ਬਿਜਾਈ ਦੇ ਸੀਜਨ ਤੋਂ ਪਹਿਲਾਂ -ਪਹਿਲਾਂ ਹੀ ਸ਼ੁਰੂ ਕਰ ਦਿੰਦੇ ਹਾਂ।"

"ਨਾਨਕਾ ਆਪਾਂ ਵੀ ਨਕਸ਼ਾ ਬਣਵਾ ਕੇ ਹੀ ਘਰ ਬਨਵਾਉਣਾ ਹੈ..ਕਹਿੰਦੇ ਹਨ ਨਕਸ਼ਾ ਬਣਾ ਕੇ ਬਾਹਲੇ ਸੋਹਣੇ ਘਰ ਬਣਦੇ ਨੇ....!".ਰਾਣੀ ਨੇ ਆਖਿਆ।

"ਚੱਲ ਠੀਕ ਹੈ ਰਾਣੀ ਭੈਣ ਤੇਰੇ ਲਈ ਦਸ ਹਜ਼ਾਰ ਲਾ ਹੀ ਦਿੰਦੇ ਹਾਂ.... ਕਰ ਲਾ ਤੂੰ ਆਪਣੇ ਮਨ ਦੀਆਂ... ਪਰੀਤੋ ਜੇ ਤੂੰ ਵੀ ਕੁਝ ਕਰਵਾਉਣਾ ਹੈ ਤਾਂ ਦੱਸ ਦੇ ਫੇਰ ਨਾ ਆਖੀਂ ਮੇਰੀ ਤਾਂ ਕਿਸੇ ਨੇ ਸੁਣੀ ਹੀ ਨਹੀਂ।"

" ਪੁੱਤ ਸੋਚ ਵਿਚਾਰ ਕੇ ਹੀ ਖਰਚ ਕਰੀਂ ਕੱਲ੍ਹ ਨੂੰ ਕੁੜੀਆਂ ਦੇ ਵਿਆਹ ਵੀ ਕਰਨੇ ਹਨ ਫੇਰ ਕੀਹਦੇ ਹੱਥਾਂ ਵੱਲ ਦੇਖਾਗੇ...!"ਚੰਨਣ ਨੇ ਨਾਨਕ ਨੂੰ ਸਮਝਾਉਦੇ ਹੋਏ ਬੋਲਿਆਂ।

"ਬਾਪੂ ਬਸ ਤੂੰ ਫਿਕਰ ਨਾ ਕਰ...! ਬਾਕੀ ਮਾਂ ਜੇ ਤੂੰ ਆਖੇ ਤਾਂ ਗੁਰਨਾਮ ਤਾਏ ਦੇ ਦੋ ਕਮਰੇ ਪੁੱਛ ਲੈਣੇ ਹਾਂ ਥੋੜੇ ਦਿਨਾਂ ਲਈ ਉਹਨਾਂ ਦੇ ਕਮਰਿਆਂ ਵਿੱਚ ਸਮਾਨ ਰੱਖ ਦਿਆਂਗੇ।"

"ਮੈਂ ਤਾਂ ਕਹਿੰਦੀ ਹਾਂ ਪਹਿਲਾਂ ਅੱਗੇ ਇੱਕ ਕਮਰਾ ਪਾ ਲੈਦੇ ਹਾਂ



ਫ ਰ ਪਿਛਲੇ ਪਾ ਲਵਾਂਗੇ,ਕਿਸੇ ਘਰੇ ਕਿਉਂ ਜਾਣਾ ਹੈ। "

"ਠੀਕ ਹੈ.... ਫੇਰ ਇੰਝ ਹੀ ਕਰ ਲੈਂਦੇ ਹਾਂ।"

"ਮੈਂ ਤਾਂ ਫੇਰ ਇਹੀ ਕਹਿੰਦਾ ਹਾਂਖਰਚ ਸੋਚ ਸਮਝ ਕੇ ਹੀ ਕਰੀ ਹੈ ਨਾਨਕਾ....!" (ਥੋੜੇ ਹੀ ਦਿਨਾਂ ਵਿੱਚ ਘਰ ਬਣਕੇ ਤਿਆਰ ਹੋ ਗਿਆ, ਖੇਤਾਂ ਵਿੱਚ ਬਿਜਾਈ ਦਾ ਸਾਰਾ ਕੰਮ ਨਾਨਕ ਨੇ ਗੁਰਨਾਮ ਦੀ ਮਦਦ ਤੇ ਚੰਨਣ ਦੀ ਸਲਾਹ ਨਾਲ ਹੀ ਕੀਤਾ, ਸਾਰੇ ਹੀ ਪਿੰਡ ਵਿੱਚ ਨਾਨਕ ਦੀਆਂ ਗੱਲਾਂ ਹੋਣ ਲੱਗ ਪਈਆਂ.... ਕੋਈ ਆਖੇ ਸ਼ੋਰ ਮੱਤ ਹੈ ਪੈਸੇ ਆਉਂਦੇ ਹੀ ਦਿਮਾਗ ਖਰਾਬ ਹੋ ਗਿਆ...।

ਕੁਝ ਲੋਕ ਕਹਿਣ, "ਚੰਨਣ ਦਾ ਵੀ ਬੁੱਢੇ ਬਾਰੇ ਆ ਕੇ ਦਿਮਾਗ ਹਿੱਲ ਗਿਆ ਹੈ,... ਪਹਿਲੀਆਂ ਮੱਘਰ ਵਾਲੀਆਂ ਸਾਰੀਆਂ ਗੱਲਾਂ ਭੁੱਲ ਗਿਆ ਹੈ,.....ਕੁਝ ਕਹਿਣ ਬੁਢਾਪੇ ਵਾਸਤੇ ਹੀ ਕੁਝ ਜੋੜ ਕੇ ਰੱਖ ਲਵੇ ਨਾਨਕ ਤਾਂ ਜਵਾਕ ਹੈ....।". ਹੋਰ ਵੀ ਬਹੁਤ ਸਾਰੀਆਂ ਗੱਲਾਂ ਪਿੰਡ ਵਿੱਚ ਹੋ ਰਹੀਆਂ ਸਨ। ਪਰ ਗੁਰਨਾਮ ਸਦਾ ਹੀ ਨਾਨਕ ਦੀ ਹੌਸਲਾ ਅਫਜਾਈ ਕਰਦਾ ਰਹਿੰਦਾ ਸੀ)

'ਖੜੀ ਫਸਲ ਦੇਖ ਕੇ ਨਾਨਕ ਬਹੁਤ ਹੀ ਖੁਸ਼ ਸੀ.....ਬਾਪੂ ਫਸਲ ਬਹੁਤ ਹੀ ਵਧੀਆ ਹੋਈ ਹੈ ਮੈਂ ਸੋਚਦਾ ਹਾਂ ਕਿ ਫਸਲ ਵੇਚ ਕੇ ਦੋਹਾਂ ਕੁੜੀਆਂ ਦਾ ਵਿਆਹ ਇਕੱਠੇ ਹੀ ਕਰ ਦਿੰਦੇ ਹਾਂ।"

"ਪੁੱਤ ਪਹਿਲਾਂ ਅਰਾਮ ਨਾਲ ਚੰਗੇ ਘਰ ਦੇਖ ਲਾ, ਫੇਰ ਪੁੱਛ ਪੜਤਾਲ ਕਰਕੇ ਕਰ ਦੇਵਾਂਗੇ ਵਿਆਹ....! "

"ਠੀਕ ਹੈ ਬਾਪੂ......ਸੱਚ ਬਾਪੂ ਇੱਕ ਗੱਲ ਹੋਰ ਦੁਪਹਿਰੇ ਸ਼ਹਿਰੋ ਟਰੈਕਟਰ ਦੀ ਕੰਪਨੀ ਵਾਲੇ ਆਏ ਸੀ, ਕਹਿੰਦੇ ਸੀ ਜੇ ਨਵਾਂ ਟਰੈਕਟਰ ਲੈਣਾ ਹੈ ਤਾਂ ਹੁਣ ਸਕੀਮ ਚੱਲ ਰਹੀ ਹੈ। ਇੱਕ ਲੱਖ ਰੁਪਿਆ ਦੇ ਕੇ ਟਰੈਕਟਰ ਦੇ ਦੇਣਗੇ ਤੇ ਬਾਕੀ ਦੀਆਂ ਕਿਸ਼ਤਾਂ ਸਾਲ ਵਿੱਚ ਦੋ ਵਾਰੀ ਫਸਲ ਉੱਤੇ ਦੇਣੀਆਂ ਨੇ ਆਪਾਂ ਨੂੰ ਕਿਸ਼ਤਾਂ ਦਿੰਦੇ ਪਤਾ ਵੀ ਨਹੀਂ ਚੱਲਣਾ,ਲੱਖ ਰੁਪਏ ਵਿੱਚ ਟਰੈਕਟਰ ਬਣ ਆਪਣਾ ਬਣ ਜਾਵੇਗਾ.....!"

"ਕਾਹਤੋ ਭੋਲੀਆਂ ਗੱਲਾਂ ਕਰਦਾ ਹੁੰਦਾ ਹੈ ਨਾਨਕਾ ਲੱਖ ਵਿੱਚ ਬਨਣਾ ਨਹੀਂ ਪੈਸੇ ਪੁੱਤਰਾਂ ਵਿਆਜ਼ ਸਮੇਤ ਲੈਦੇ ਹਨ। ਜਦੋਂ ਇਹ ਕੰਪਨੀ ਵਾਲੇ ਦਿੰਦੇ ਹਨ "ਉਦੋਂ ਜਵਾਈਆਂ ਵਾਗੂੰ ਤੇ ਜਦੋ ਵਾਪਸ ਲੈਦੇ ਹਨ ਕਸਾਈਆਂ ਵਾਗੂੰ " ਪੁੱਤ ਸੋਸਾਇਟੀ ਵਾਲਾ ਟਰੈਕਟਰ -ਟਰਾਲੀ ਹੈਗਾ ਆਪਣਾ ਕੰਮ ਚੱਲੀ ਜਾਂਦਾ ਹੈ..... ਆਪਾਂ ਕੀ ਕਰਨਾ ਹੈ ਨਵਾਂ ਟਰੈਕਟਰ ਲੈ ਕੇ। "

" ਬਾਪੂ ਹੋਰ ਤਾਂ ਹੋਰ ਉਹ ਟਰੈਕਟਰ ਦੇ ਨਾਲ ਇੱਕ ਬੈਟਰੀ ਤੇ ਚੱਲਣ ਵਾਲੀ ਸਕੂਟਰੀ ਬਿਲਕੁਲ ਹੀ ਮੁਫ਼ਤ ਦਿੰਦੇ ਹਨ।"

"ਉਏ ਕਮਲਿਆਂ ਇੰਝ ਹੀ ਵਰਗਲਾਉਂਦੇ ਨੇ ਤੇਰੇ ਵਰਗਿਆ ਨੂੰ ਗੱਲਾਂ ਵਿੱਚ ....ਮੈਨੂੰ ਦੱਸ ਕੋਈ ਹੈਗਾ ਹੈ ਜੋ ਘਰੋ ਕਮਾ ਕੇ ਦੇਵੇਗਾ।"

"ਬਾਪੂ ਕਦੇ ਤਾਂ ਹਾਂ ਕਰਦਿਆਂ ਕਰ ਮੇਰੇ ਕਿਸੇ ਗੱਲ ਨੂੰ ਪਹਿਲੇ ਬੋਲ ਤੇ....!"

"ਯਾਰ ਜੇ ਇਹ ਗੱਲ ਹੈ ਨਾ ਤਾਂ ਤੂੰ ਮੇਰੇ ਨਾਲ ਸਲਾਹ ਹੀ ਨਾ ਕਰਿਆ ਕਰ ਜਾਂ ਕੇ ਵੀਰਪਾਲ ਨੂੰ ਪੁੱਛ ਲਾ ਜੇ ਹਾਂ ਕਰਦੀ ਹੈ ਤਾਂ ਖਰੀਦ ਲੈ। "

"ਮਾਂ.....ਮਾਂ ਕਿੱਥੇ ਹੈ ਤੂੰ?"

"ਮਾਂ ਘਰੇ ਨਹੀਂ ਹੈ ,ਅੰਦਰੋ ਰਾਣੀ ਦੀ ਆਵਾਜ਼ ਆਈ...! "


"ਕਿੱਥੇ ਗਈ ਹੈ ਮਾਂ....ਜਦੋਂ ਵੀ ਕੋਈ ਕੰਮ ਦੀ ਗੱਲ ਕਰਨੀ ਹੋਵੇ, ਉਹ ਪਤਾ ਨਹੀਂ ਕਿੱਥੇ ਚਲੀ ਜਾਂਦੀ ਹੈ।"

"ਬਾਪੂ ਜੇਕਰ ਮਾਂ ਮੰਨ ਗਈ ਤਾਂ ਤੂੰ ਗੁੱਸੇ ਤਾਂ ਨਹੀਂ ਹੁੰਦਾ।"

"ਮੈਂ ਕਾਹਤੋ ਗੁੱਸੇ ਹੋਣਾ ਹੈ,ਆ ਜਾਣਦੇ ਤੇਰੀ ਮਾਂ ਨੂੰ ਤੈਨੂੰ ਆਪੇ ਹੀ ਪਤਾ ਲੱਗ ਜਾਣਾ ਹੈ।"


"ਮਾਂ ਨਾਲ ਮੈਂ ਆਪੇ ਗੱਲ ਕਰਲੂ, ਬਸ ਤੂੰ ਕੰਨ ਨਾ ਭਰੀ ਮਾਂ ਦੇ" ਆਖ ਨਾਨਕ ਵੀ ਅੰਦਰ ਚਲਾ ਜਾਂਦਾ ਹੈ।

ਚੱਲਦਾ.....



ਸੰਦੀਪ ਦਿਉੜਾ,
8537556667

# ਰੁੱਸੇ ਹੋਏ ਖੁਵਾਬਾਂ ਨੂੰ...



ਮੇਰੇ ਰੁੱਸੇ ਹੋਏ ਖੁਵਾਬਾਂ ਨੂੰ,
ਓਹਦੀ ਤਸਵੀਰ ਦੇ ਦਿਉ।
ਮੇਰੇ ਨੈਣਾਂ ਚੋਂ ਵੱਗ ਦੇ ਨੀਰਾਂ ਨੂੰ,
ਕੱਪੜੇ ਦੀ ਲੀਰ ਦੇ ਦਿਉ।
ਮਰੀ ਨਹੀਂ ਮੇਰੇ ਲਫ਼ਜ਼ਾਂ ਦੀ ਕਿਤਾਬ,
ਸਿਆਹੀ ਡੁੱਲੀ ਸੀ ਬਸ ਓਹਦੀ ਪੀੜ ਦੇ ਦਿਉ।
ਦਿਲ ਚੋਂ ਨਿਕਲੀ ਅੱਜ ਚੀਕ ਦਰਦਾ ਦੀ,
ਪੁਰਾਣੀ ਕਵੀਤਾ ਦੀ ਕੋਈ ਲਕੀਰ ਦੇ ਦਿਉ।
ਤੜਫ਼ ਉੱਠੇ ਨੇ ਮੇਰੇ ਅੰਦਰ ਦੇ ਅੱਖਰ ਸਾਰੇ,
ਕਾਪੀ ਪੈਨ ਤੇ ਝੱਲਾ ਜਿਹਾ ਦਿਲ ਫ਼ਕੀਰ ਦੇ ਦਿਉ।
ਬੀਤ ਗਿਆ ਹਾਏ ਬਹੁਤ ਸਮਾਂ
ਮੈ ਅੱਖਰਾਂ ਦੀ ਲਈ ਸਾਰ ਨਾ ਕੋਈ ਦਰਦ
ਅਵੱਲਾ ਸੀਨਾ ਚੀਰ ਦੇ ਦਿਉ।
ਕੋਈ ਦਰਦ ਅਵੱਲਾ ਸੀਨਾ ਚੀਰ ਦੇ ਦਿਉ।

ਕਿਰਨ ਸ਼ਾਹ ਰਚਨਾ

# ਜਦੋਂ ਮੇਰੇ ਸਾਹਮਣੇ ਮੁੱਖ ਮੰਤਰੀ ਦਾ ਹੈਲੀਕਾਪਟਰ ਕਰੈਸ਼ ਹੋਇਆ





2007 ਵਿੱਚ ਮੈਂ ਬਤੌਰ ਡੀ.ਐਸ.ਪੀ. ਕਾਦੀਆਂ ਪੁਲਿਸ ਜ਼ਿਲ੍ਹਾ ਬਟਾਲਾ ਵਿਖੇ ਤਾਇਨਾਤ ਸੀ। ਉਸ ਸਾਲ 13 ਫਰਵਰੀ ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ ਜਿਸ ਵਿੱਚ ਅਕਾਲੀ ਭਾਜਪਾ ਗੱਠਜੋੜ ਕਾਂਗਰਸ ਪਾਰਟੀ ਨੂੰ ਹਰਾ ਕੇ ਸੱਤਾ 'ਤੇ ਕਾਬਜ਼ ਹੋਇਆ ਸੀ। ਜਨਵਰੀ ਮਹੀਨੇ ਵਿੱਚ ਚੋਣ ਪ੍ਰਚਾਰ ਬਹੁਤ ਜ਼ੋਰ ਸ਼ੋਰ ਨਾਲ ਚੱਲ ਰਿਹਾ ਸੀ ਤੇ ਦੋਵਾਂ ਧਿਰਾਂ ਨੇ ਆਪਣੀ ਸਾਰੀ ਤਾਕਤ ਝੋਂਕੀ ਹੋਈ ਸੀ। 25 ਜਨਵਰੀ ਨੂੰ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੇਰੀ ਸਬ ਡਵੀਜ਼ਨ ਦੇ ਕਸਬੇ ਸ੍ਰੀ ਹਰਗੋਬਿੰਦਪੁਰ ਵਿਖੇ ਕਾਂਗਰਸ ਦੇ ਉਮੀਦਵਾਰ ਫਤਿਹਜੰਗ ਸਿੰਘ ਬਾਜਵਾ ਦੇ ਹੱਕ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਨ ਲਈ ਪਹੁੰਚਣਾ ਸੀ। ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਲੈਂਡਿੰਗ ਵਾਸਤੇ ਨਜ਼ਦੀਕੀ ਪਿੰਡ ਹਰਚੋਵਾਲ ਦੀ ਦਾਣਾ ਮੰਡੀ ਅਤੇ ਸ੍ਰੀ ਹਰਗੋਬਿੰਦਪੁਰ ਵਿਖੇ ਹੈਲੀਪੈਡ ਬਣਾਏ ਗਏ ਸਨ। ਮੁੱਖ ਮੰਤਰੀ ਨੇ ਪਹਿਲਾਂ ਹਰਚੋਵਾਲ ਵਿਖੇ ਕਿਸੇ ਪ੍ਰੋਜੈਕਟ ਦਾ ਉਦਘਾਟਨ ਕਰਨਾ ਸੀ ਤੇ ਫਿਰ ਹੈਲੀਕਾਪਟਰ ਰਾਹੀਂ ਸ੍ਰੀ ਹਰਗੋਬਿੰਦਪੁਰ ਰੈਲੀ ਵਾਸਤੇ ਜਾਣਾ ਸੀ। ਮੁੱਖ ਮੰਤਰੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰੀ ਗਿਣਤੀ ਵਿੱਚ ਪੁਲਿਸ ਫੋਰਸ ਲਗਾਈ ਗਈ ਸੀ ਤੇ ਹੈਲੀਪੈਡ, ਰੂਟ ਅਤੇ ਰੈਲੀ ਆਦਿ ਵਰਗੇ ਮਹੱਤਵਪੂਰਨ ਥਾਵਾਂ ਦੀ ਜ਼ਿੰਮੇਵਾਰੀ ਸੀਨੀਅਰ ਅਫਸਰਾਂ ਨੂੰ ਸੌਂਪੀ ਗਈ ਸੀ। ਪ੍ਰੋਗਰਾਮ ਮੇਰੀ ਸਬ ਡਵੀਜ਼ਨ ਵਿੱਚ ਹੋਣ ਕਾਰਨ ਪੰਡਾਲ ਵਿੱਚ ਬੈਰੀਕੇਡਿੰਗ ਅਤੇ ਹੈਲੀਪੈਡ ਦੀ ਤਿਆਰੀ ਦੀ ਜ਼ਿੰਮੇਵਾਰੀ ਮੇਰੀ ਅਤੇ ਮੇਰੇ ਅਧੀਨ ਆਉਣ ਵਾਲੇ ਥਾਣਾ ਮੁਖੀਆਂ ਦੀ ਸੀ। ਹੈਲੀਪੈਡ ਜਿਸ ਜਗ੍ਹਾ 'ਤੇ ਬਣਿਆ ਸੀ, ਉਹ ਜਗ੍ਹਾ ਇੱਕ ਪਾਸੇ ਤੋਂ ਪੂਰੀ ਤਰਾਂ ਨਾਲ ਕਿਸੇ ਰੁਕਾਵਟ ਤੋਂ ਰਹਿਤ ਸੀ ਪਰ ਦੂਸਰੇ ਪਾਸੇ 50 ਕੁ ਮੀਟਰ ਦੂਰ ਹਾਈ ਵੋਲਟੇਜ਼ ਬਿਜਲੀ ਦੀਆਂ ਤਾਰਾਂ ਗੁਜ਼ਰਦੀਆਂ ਸਨ। ਮੁੱਖ ਮੰਤਰੀ ਦੀ ਆਮਦ ਤੋਂ ਇੱਕ ਦਿਨ ਪਹਿਲਾਂ ਸੀ.ਐਮ. ਸਕਿਊਰਟੀ ਦੀਆਂ ਐਡਵਾਂਸ ਟੀਮਾਂ ਨੇ ਸਾਰੇ ਰੂਟ, ਪੰਡਾਲ ਅਤੇ ਹੈਲੀਪੈਡ ਦਾ ਨਿਰੀਖਣ ਕੀਤਾ ਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ। ਜੇ ਕਿਤੇ ਉਹ ਤਾਰਾਂ ਬਾਰੇ ਇਤਰਾਜ਼ ਕਰ ਦੇਂਦੇ ਤਾਂ ਮੈਂ ਨਿਸ਼ਚਿਤ ਹੀ ਜਗ੍ਹਾ ਬਦਲ ਦੇਣੀ ਸੀ। 25 ਫਰਵਰੀ ਵਾਲੇ ਦਿਨ ਸੁਵੱਖਤੇ ਹੀ ਸਾਰੀ ਫੋਰਸ ਆਪੋ ਆਪਣੀਆਂ ਡਿਊਟੀਆਂ 'ਤੇ ਪਹੁੰਚ ਗਈ। ਮੁੱਖ ਮੰਤਰੀ ਦਾ ਸਵਾਗਤ ਕਰਨ ਲਈ 10 ਕੁ ਵਜੇ ਤੱਕ ਬਟਾਲੇ ਦਾ ਐਸ.ਐਸ.ਪੀ., ਪ੍ਰਤਾਪ ਸਿੰਘ ਬਾਜਵਾ, ਫਤਿਹਜੰਗ ਬਾਜਵਾ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਮੇਤ ਜਿਲ੍ਹੇ ਦੇ ਕਈ ਹੋਰ ਮੰਤਰੀ ਅਤੇ ਵਿਧਾਇਕ ਵੀ ਹਰਚੋਵਾਲ ਹੈਲੀਪੈਡ 'ਤੇ ਪਹੁੰਚ ਚੁੱਕੇ ਸਨ। 12 ਕੁ ਵਜੇ ਮੁੱਖ ਮੰਤਰੀ ਦਾ ਹੈਲੀਕਾਪਟਰ ਆਉਂਦਾ ਦਿਖਾਈ ਦਿੱਤਾ ਤਾਂ ਹੈਲੀਪੈਡ 'ਤੇ ਖੜ੍ਹੇ ਸੀ.ਐਮ. ਸਕਿਊਰਟੀ ਦੇ ਡੀ.ਐਸ.ਪੀ. ਨੇ ਵਾਕੀ ਟਾਕੀ ਰਾਹੀਂ ਹੈਲੀਕਾਪਟਰ ਵਿੱਚ ਬੈਠੇ ਸੀ.ਐਮ. ਦੇ ਚੀਫ ਸਕਿਊਰਟੀ ਇੰਚਾਰਜ ਨੂੰ ਲੈਂਡਿੰਗ ਦੇ ਰਸਤੇ ਅਤੇ ਤਾਰਾਂ ਬਾਰੇ ਜਾਣਕਾਰੀ ਦੇ ਦਿੱਤੀ ਜੋ ਉਸ ਨੇ ਪਾਇਲਟਾਂ ਨੂੰ ਦੇ ਦਿੱਤੀ। ਲੈਂਡਿੰਗ ਬਹੁਤ ਹੀ ਅਰਾਮ ਨਾਲ ਹੋ ਗਈ ਤੇ ਮੁੱਖ ਮੰਤਰੀ ਗੁਲਦਸਤੇ ਆਦਿ ਲੈਣ ਤੋਂ ਬਾਅਦ ਪ੍ਰੋਜੈਕਟ ਦਾ ਉਦਘਾਟਨ ਕਰਨ ਲਈ ਚਲਾ ਗਿਆ। ਐਸ.ਐਸ.ਪੀ. ਤੇ ਬਾਕੀ ਨੇਤਾ ਵੀ ਉਸ ਨਾਲ ਚਲੇ ਗਏ।

ਹੈਲੀਕਾਪਟਰ ਦੇ ਦੋ ਪਾਇਲਟ ਸਨ ਜਿਨ੍ਹਾਂ ਵਿੱਚੋਂ ਮੇਨ ਪਾਇਲਟ ਕਾਫੀ ਜਿਆਦਾ ਉਮਰ ਦਾ ਸੀ ਤੇ ਕੋ ਪਾਇਲਟ ਨੌਜਵਾਨ ਸੀ। ਚੰਗੀ ਗੱਲ ਇੱਹ ਹੋਈ ਕਿ ਦੋਵਾਂ ਨੇ ਲੈਂਡਿੰਗ ਤੋਂ ਬਾਅਦ ਤਾਰਾਂ ਦਾ ਚੰਗੀ ਤਰ੍ਹਾਂ ਮੁਆਇਨਾ ਕਰ ਲਿਆ ਸੀ। ਕੁਝ ਦੇਰ ਬਾਅਦ ਮੁੱਖ ਮੰਤਰੀ ਵਾਪਸ ਆ ਕੇ ਹੈਲੀਕਾਪਟਰ ਵਿੱਚ ਬੈਠ ਗਿਆ ਤੇ ਉਸ ਦੇ ਨਾਲ ਉਸ ਦਾ ਉ.ਐਸ.ਡੀ, ਸਕਿਉਰਟੀ ਇੰਚਾਰਜ, ਪ੍ਰਤਾਪ ਸਿੰਘ ਬਾਜਵਾ, ਫਤਿਹਜੰਗ ਬਾਜਵਾ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੀ ਸਵਾਰ ਹੋ ਗਏ। ਹੈਲੀਕਾਪਟਰ ਨੇ ਜਦੋਂ ਉਡਾਣ ਭਰੀ ਤਾਂ ਪਤਾ ਨਹੀਂ ਵਿੱਚ ਬੈਠੇ ਹੱਟੇ ਕੱਟੇ ਬੰਦਿਆਂ ਦੇ ਕਪੈਸਟੀ ਤੋਂ ਵੱਧ ਵਜ਼ਨ ਕਾਰਨ ਜਾਂ ਪਾਇਲਟਾਂ ਦੀ ਗਲਤੀ ਕਾਰਨ ਉਹ ਉੱਪਰ ਜਾ ਕੇ ਪਿੱਛੇ ਮੁੜਨ ਦੀ ਬਜਾਏ ਸਿੱਧਾ ਤਾਰਾਂ ਵਿੱਚ ਜਾ ਫਸਿਆ ਜੋ ਉਸ ਦੇ ਪੱਖੇ ਨਾਲ ਵਲੇਟੀਆਂ ਗਈਆਂ। ਤਾਰਾਂ ਅਤੇ ਪੱਖਿਆਂ ਦੇ ਟੁਕੜੇ ਸਾਡੇ ਸਿਰਾਂ ਉੱਪਰੋਂ ਉੱਡਦੇ ਹੋਏ ਬਿਜਲੀ ਦੀ ਗਤੀ ਨਾਲ ਦੂਰ ਦੂਰ ਜਾ ਕੇ ਡਿੱਗੇ ਪਰ ਰੱਬ ਦੀ ਕ੍ਰਿਪਾ ਨਾਲ ਕੋਈ ਵੀ ਪੁਲਿਸ ਮੁਲਾਜ਼ਮ ਜ਼ਖਮੀ ਨਾ ਹੋਇਆ। ਹੈਲੀਕਾਪਟਰ ਅਜੇ ਥੋੜ੍ਹੀ ਉੱਚਾਈ ਤੇ ਹੋਣ ਕਾਰਨ ਧੜੰਮ ਕਰਦਾ ਸਿੱਧੇ ਦਾ ਸਿੱਧਾ ਧਰਤੀ 'ਤੇ ਆਣ ਡਿੱਗਾ। ਐਸ.ਐਸ.ਪੀ. ਤੇ ਮੇਰੇ ਹੋਸ਼ ਉੱਡ ਗਏ ਕਿ ਸਾਡੀ ਨੌਕਰੀ ਤਾਂ ਹੁਣ ਗਈ, ਕਿਉਂਕਿ ਬਲੀ ਦੇ ਬੱਕਰੇ ਤਾਂ ਅਸੀਂ ਹੀ ਬਣਨਾ ਸੀ। ਐਸ.ਐਸ.ਪੀ. ਬੜਬੜਾਇਆ, "ਬਲਰਾਜ, ਅਬ ਕਿਆ ਹੋਗਾ?" ਹਾਲਾਤ ਵੇਖ ਕੇ ਮੈਂ ਜਵਾਬ ਦਿੱਤਾ, "ਸਰ ਹੋਣਾ ਕੀ ਹੈ, ਆਪਾਂ ਸਮਾਨ ਬੰਨ੍ਹੀਏਂ। ਜੇ ਮੁੱਖ ਮੰਤਰੀ ਨੂੰ ਕੁਝ ਹੋ ਗਿਆ ਹੋਇਆ ਤਾਂ ਫਿਰ ਸ਼ਾਇਦ ਆਪਣਾ ਸਮਾਨ ਕਦੇ ਵੀ ਨਾ ਖੁਲ੍ਹੇ।" ਸੁਣ ਕੇ ਐਸ.ਐਸ.ਪੀ. ਨੂੰ ਠੰਡ ਵਿੱਚ ਵੀ ਤਰੇਲੀਆਂ ਆ ਗਈਆਂ।

ਦਾਣਾ ਮੰਡੀ ਵਿੱਚ ਮੌਤ ਵਰਗਾ ਸੰਨਾਟਾ ਛਾਇਆ ਹੋਇਆ ਸੀ ਕਿਉਂਕਿ ਹੈਲੀਕਾਪਟਰ ਵਿੱਚੋਂ ਕੋਈ ਵੀ ਬਾਹਰ ਨਹੀਂ ਸੀ ਆ ਰਿਹਾ ਤੇ ਕਰੈਸ਼ ਕਾਰਨ ਉੱਡੇ ਮਿੱਟੀ ਘੱਟੇ ਦੇ ਗੁਬਾਰ ਕਾਰਨ ਸਾਨੂੰ ਉਸ ਦੇ ਅੰਦਰ ਕੁਝ ਦਿਖਾਈ ਨਹੀਂ ਸੀ ਦੇ ਰਿਹਾ। ਆਖਰ ਦਸ ਕੁ ਮਿੰਟਾਂ ਬਾਅਦ ਇੱਕ ਪਾਇਲਟ ਬਾਹਰ ਆਇਆ ਤੇ ਉਸ ਨੇ ਦਰਵਾਜ਼ਾ ਖੋਲ੍ਹ ਕੇ ਮੁੱਖ ਮੰਤਰੀ ਅਤੇ ਬਾਕੀਆਂ ਨੂੰ ਬਾਹਰ ਕੱਢਿਆ। ਚੰਗੀ ਕਿਸਮਤ ਨੂੰ ਕਿਸੇ ਦੇ ਝਰੀਟ ਤੱਕ ਨਹੀਂ ਸੀ ਆਈ। ਦੇਰੀ ਹੋਣ ਦਾ ਕਾਰਨ ਇਹ ਸੀ ਕਿ ਡਿੱਗਣ ਦੇ ਝਟਕੇ ਕਾਰਨ ਮੁੱਖ ਮੰਤਰੀ ਦੀ ਪੱਗ ਹਿੱਲ ਗਈ ਸੀ ਜਾਂ ਢੱਠ ਗਈ ਸੀ ਜਿਸ ਨੂੰ ਠੀਕ ਠਾਕ ਕਰਦਿਆਂ ਸਮਾਂ ਲੱਗ ਗਿਆ ਸੀ। ਮੁੱਖ ਮੰਤਰੀ ਦੇ ਨਾਲ ਬੈਠੇ ਕਈ ਵੀ.ਆਈ.ਪੀਜ਼ ਨੇ ਢੱਠੀਆਂ ਪੱਗਾਂ ਦੇ ਵਲੇਟ ਮਾਰੇ ਹੋਏ ਸਨ। ਸਾਖਸ਼ਾਤ ਯਮਰਾਜ ਦੇ ਦਰਸ਼ਨ ਹੋਣ ਕਾਰਨ ਸਾਰਿਆਂ ਦੇ ਚਿਹਰੇ ਇਸ ਤਰਾਂ ਸਨ ਜਿਵੇਂ ਸਾਰਾ ਖ਼ੂਨ ਨਚੋੜ ਲਿਆ ਗਿਆ ਹੋਵੇ। ਮੁੱਖ ਮੰਤਰੀ ਨੂੰ ਬਾਹਰ ਨਿਕਲਦੇ ਸਾਰ ਪੱਤਰਕਾਰਾਂ ਨੇ ਘੇਰ ਲਿਆ ਤੇ ਸਵਾਲਾਂ ਦੀ ਬੌਛਾੜ ਕਰ ਦਿੱਤੀ ਕਿ ਇਹ ਹਾਦਸਾ ਕਿਸ ਦੀ ਗਲਤੀ ਕਾਰਨ ਹੋਇਆ ਹੈ? ਕਿਹੜੇ ਕਿਹੜੇ ਅਫਸਰ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ? ਪਰ ਸਾਡੀ ਕਿਸਮਤ ਚੰਗੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਪ੍ਰਸ਼ਾਸ਼ਨ ਪੱਖੀ ਮੁੱਖ ਮੰਤਰੀ ਸੀ ਤੇ ਉਹ ਸਰਕਾਰੀ ਮੁਲਾਜ਼ਮਾਂ ਦੇ ਖਿਲਾਫ ਕਾਰਵਾਈ ਕਰਨ ਵਿੱਚ ਘੱਟ ਹੀ ਵਿਸ਼ਵਾਸ਼ ਕਰਦਾ ਸੀ। ਉਸ ਨੇ ਪੱਤਰਕਾਰਾਂ ਨੂੰ ਇੱਕ ਹੀ ਜਵਾਬ ਨਾਲ ਚੁੱਪ ਕਰਵਾ ਦਿੱਤਾ, "ਸੱਚੇ ਪਾਤਸ਼ਾਹ ਦੀ ਕ੍ਰਿਪਾ ਨਾਲ ਮੇਰੀ ਜਾਨ ਬਚ ਗਈ ਹੈ ਹੋਰ ਕੀ ਚਾਹੀਦਾ ਹੈ? ਕਿਸੇ ਦੇ ਖ਼ਿਲਾਫ਼ ਕੋਈ ਕਰਵਾਈ ਨਹੀਂ ਕੀਤੀ ਜਾਵੇਗੀ।" ਇਸ ਤੋਂ ਬਾਅਦ ਉਹ ਸੜਕ ਰਾਹੀਂ ਸ੍ਰੀ ਹਰਗੋਬਿੰਦ ਪੁਰ ਰੈਲੀ ਵਾਲੇ ਸਥਾਨ ਨੂੰ ਚਲਾ ਗਿਆ।

ਮੁੱਖ ਮੰਤਰੀ ਤੋਂ ਤਾਂ ਸਾਡੀ ਖਲਾਸੀ ਹੋ ਗਈ ਪਰ ਫਿਰ ਸਿਵਲ ਐਵੀਏਸ਼ਨ ਵਿਭਾਗ (ਹਵਾਬਾਜ਼ੀ ਮੰਤਰਾਲਾ) ਵੱਲੋਂ ਪੜਤਾਲਾਂ ਸ਼ੁਰੂ ਹੋ ਗਈਆਂ। ਹਾਜ਼ਰ ਹੋਣ ਲਈ ਕਦੇ ਚੰਡੀਗੜ੍ਹ ਬੁਲਾਇਆ ਜਾਂਦਾ ਤੇ ਕਦੇ ਦਿੱਲੀ। ਇਨ੍ਹਾਂ ਪੜਤਾਲਾਂ ਦਾ ਅੰਤ ਉਦੋਂ ਹੋਇਆ ਜਦੋਂ ਹੈਲੀਕਾਪਟਰ ਦੇ ਬਲੈਕ ਬਾਕਸ ਦੀ ਰਿਕਰਡਿੰਗ ਸਾਹਮਣੇ ਆ ਗਈ ਜਿਸ ਵਿੱਚ ਕੋ ਪਾਇਲਟ ਚੀਕ ਚੀਕ ਕੇ ਮੁੱਖ ਪਾਇਲਟ ਨੂੰ ਸਾਵਧਾਨ ਕਰਦਾ ਹੋਇਆ ਕਹਿ ਰਿਹਾ ਸੀ, "ਸਰ ਕੀ ਕਰ ਰਹੇ ਹੋ? ਸਾਹਮਣੇ ਤਾਰਾਂ ਹਨ। ਪਿੱਛੇ ਨੂੰ ਮੋੜੋ, ਪਿੱਛੇ ਨੂੰ ਮੋੜੋ।" ਇਸ ਪੜਤਾਲ ਵਿੱਚ ਸਾਰੇ ਪੁਲਿਸ ਅਫਸਰਾਂ ਨੂੰ ਦੋਸ਼ ਮੁਕਤ ਕਰ ਦਿੱਤਾ ਗਿਆ ਤੇ ਮੁੱਖ ਪਾਇਲਟ ਨੂੰ ਦੋਸ਼ੀ ਠਹਿਰਾ ਕੇ ਉਸ ਦਾ ਉਡਾਣ ਲਾਇਸੰਸ ਰੱਦ ਕਰ ਦਿੱਤਾ ਗਿਆ।



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ
9501100062

# ਰਾਤ ਕੱਟਣ ਆਉਣਾ...

ਭਜਨਾ ਸਰਕਾਰੀ ਨੌਕਰੀ ਕਰਦਾ ਐ। ਇਹਦਾ ਮਹਿਕਮਾ ਵੀ ਬਿਜਲੀ ਵਾਲਾ ਏ। ਤਕਨੀਕੀ ਕਾਮਾ ਹੋਣ ਕਰਕੇ ਚੌਵੀ ਘੰਟੇ ਡਿਉਟੀ ਤੇ ਹਾਜ਼ਰ ਰਹਿਣਾ ਪੈਂਦਾ। ਆਮ ਪਬਲਿਕ ਵੀ ਜਦੋਂ ਦੇਖੋ ਫੋਨ ਤੇ ਫੋਨ ਖੜਕਾਉਂਦੇ ਰਹਿੰਦੇ ਐ। ਭਜਨਾ ਗਰਮੀ ਸਰਦੀ ਮੀਂਹ ਹਨੇਰੀ ਕਾਰਨ ਬਾਹਰ ਹੀ ਅਫਸਰਾਂ ਦਾ ਕਹਿਣਾ ਮੰਨ ਕੇ ਲਾਈਟ ਦਾ ਨੁਕਸ ਕੱਢਦਾ ਰਹਿੰਦਾ। ਮਾੜੀ ਕਿਸਮਤ ਭਜਨਾ ਇਕੱਲਾ ਹੀ ਸਰਕਾਰੀ ਮੁਲਾਜ਼ਮ । ਭਜਨਾ ਵਿਚਾਰਾ ਦਿਨ ਰਾਤ ਕੰਮ ਕਰਦਾ। ਕਈ ਵਾਰ ਤਾਂ ਰੋਟੀ ਖਾਣ ਦਾ ਟੈਮ ਨਾ ਲੱਗਣਾ। ਸਰਕਾਰ ਪੱਕੇ ਮੁਲਾਜ਼ਮ ਭਰਤੀ ਨੀ ਕਰਦੀ। ਇੱਕ ਦਿਨ ਭਜਨਾ ਥੱਕ ਹਾਰ ਕੇ ਰਾਤ ਦਸ ਕੁ ਵਜੇ ਘਰੇ ਆਇਆ ਤਾਂ ਭਜਨੇ ਦੇ ਘਰਵਾਲੀ ਕਹਿੰਦੀ ਉੱਥੇ ਹੀ ਪੈ ਜਾਂਦਾ। ਘਰ ਕੀ ਕਰਨ ਆਇਆ, ਤੈਨੂੰ ਘਰ ਦਾ ਕੋਈ ਫਿਕਰ ਨੀ। ਤੂੰ ਤਾਂ ਘਰੇ ਰਾਤ ਕੱਟਣ ਹੀ ਆਉਣਾ। ਭਜਨਾ ਵਿਚਾਰਾਂ ਖਰੀਆਂ ਖਰੀਆਂ ਸੁਣ ਕੇ ਸਰਕਾਰ ਨੂੰ ਕੋਸਦਾ ਹੋਇਆ ਬਾਹਰ ਪਏ ਮੰਜੇ ਤੇ ਸੋਚਦੇ ਸੋਚਦੇ ਦੀ ਪਤਾ ਨੀ ਕਦੋਂ ਅੱਖ ਲੱਗ ਗਈ।



ਹਰਜਿੰਦਰ ਸਿੰਘ ਖੰਨਾ, ਸੰਪਰਕ 6280589127

ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ 'ਤੇ:-

# ਵਿਸ਼ਵ ਦਾ ਨਿਰਾਲਾ ਗ੍ਰੰਥ- ਗੁਰੂ ਗ੍ਰੰਥ ਸਾਹਿਬ ਜੀ





ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨੁੱਖਤਾ ਦਾ ਚਾਨਣ ਮੁਨਾਰਾ ਅਤੇ ਸਰਬ ਸਾਂਝਾ ਗ੍ਰੰਥ ਵਜੋਂ ਜਾਣਿਆ ਜਾਂਦਾ ਹੈ ਅਤੇ ਖਾਲਸਾ ਪੰਥ ਨਿਆਰਾ ਪੰਥ ਵਜੋਂ ਪ੍ਰਸਿੱਧ ਹੈ। ਪਰ ਸਾਡਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਇੱਕ ਨਿਆਰਾ ਗ੍ਰੰਥ ਵੀ ਹੈ ਅਤੇ ਖਾਲਸਾ ਪੰਥ ਸਰਬ ਸਾਂਝਾ ਪੰਥ ਵੀ ਹੈ। ਅਸੀਂ ਆਪਣੇ ਇਸ ਦੇ ਪਹਿਲੇ ਭਾਗ ਤੇ ਵਿਚਾਰ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਾਲੇਪਣ ਬਾਰੇ ਗੱਲ ਕਰਾਂਗੇ।(ਸਰਬ ਸਾਂਝਾ ਖਾਲਸਾ ਪੰਥ ਬਾਰੇ ਵਿਚਾਰ ਇੱਕ ਵੱਖਰੇ ਲੇਖ ਵਿਚ ਕਰਾਂਗੇ)।

ਕਿਸੇ ਵੀ ਵਸਤੂ ਵਿਅਕਤੀ ਜਾਂ ਵਰਤਾਰੇ ਨੂੰ ਨਿਰਾਲਾ ਕਦੋਂ ਕਿਹਾ ਜਾਂਦਾ ਹੈ ?? ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਮਹਾਨ ਕੋਸ਼ ਵਿੱਚ ਨਿਰਾਲਾ ਸ਼ਬਦ ਦੇ ਅਰਥ ਇਉਂ ਕਰਦੇ ਹਨ--
ਭਿੰਨ ਪ੍ਰਕਾਰ ਦਾ ਜੁਦਾ, ਜੁਦੀ, 'ਭਗਤਾ ਕੀ ਚਾਲ ਨਿਰਾਲੀ' (ਅਨੰਦ) 2 ਏਕਾਂਤ 3 ਵਿਲੱਖਣ ਅਜੀਬ 4 ਜਿਸ ਦੇ ਮੁਕਾਬਲੇ ਦੂਸਰਾ ਨਹੀਂ ਅਦ੍ਵੀਤਯ (ਅਦੁੱਤੀ) ਸੋ ਨਿਰਾਲਾ ਦਾ ਭਾਵ ਹੈ, ਦੂਜੇ ਉਸ ਵਰਗਿਆਂ ਨਾਲੋਂ ਭਿੰਨ। ਅਸੀਂ ਗ੍ਰੰਥ ਦੀ ਗੱਲ ਕਰ ਰਹੇ ਹਾਂ। ਸਾਰੇ ਧਰਮਾਂ ਦੇ ਸਾਰੇ ਗ੍ਰੰਥ ਸਤਿਕਾਰਯੋਗ ਹਨ, ਪਵਿੱਤਰ ਹਨ ਅਤੇ ਪੂਜਣਯੋਗ ਹਨ। ਅਸੀਂ ਦੇਖਾਂਗੇ ਕਿ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਦੂਸਰੇ ਗ੍ਰੰਥਾਂ ਨਾਲੋਂ ਭਿੰਨ ਹਨ। ਕੀ ਅਸੀਂ ਇਹ ਕਹਿ ਸਕਦੇ ਹਾਂ
ਕਿ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਕੋਈ ਦੂਸਰਾ ਗ੍ਰੰਥ ਨਹੀਂ ??ਆਓ ਵਿਚਾਰ ਕਰੀਏ ....

1. ਗ੍ਰੰਥ ਦਾ ਕਰਤਾ ਅਤੇ ਲਿਖਣ ਕਾਲ :- ਸਭ ਤੋਂ ਪਹਿਲਾਂ ਮਹੱਤਵਪੂਰਨ ਹੈ ਕਿ ਉਸ ਗ੍ਰੰਥ ਨੂੰ ਕਿਸ ਨੇ ਲਿਖਿਆ ਹੈ ਅਤੇ ਕਦੋਂ। ਵੱਖ-ਵੱਖ ਮੁੱਖ ਪ੍ਰਚੱਲਿਤ ਧਰਮਾਂ ਦੇ ਗ੍ਰੰਥ ਅਤੇ ਉਹਨਾਂ ਦੇ ਲੇਖਕ ਇੰਝ ਹਨ--

**ਹਿੰਦੂ ਧਰਮ :-** ਹਿੰਦੂ ਧਰਮ ਦੇ ਗ੍ਰੰਥ ਕਾਫੀ ਜ਼ਿਆਦਾ ਹਨ ਜਿਵੇਂ ਵੇਦ, ਪੁਰਾਣ, ਸਿਮਰਤੀਆਂ ਆਦਿ ਵੇਦ ਚਾਰ ਹਨ ਜੋ ਰਿਗ ਵੇਦ, ਯਜੁਰ ਵੇਦ, ਅਥਰਵ ਵੇਦ ਅਤੇ ਸਾਮ ਵੇਦ ਹਨ। ਇਹਨਾਂ ਦਾ ਕਰਤਾ ਵਿਆਸ ਰਿਸ਼ੀ ਨੂੰ ਮੰਨਿਆ ਗਿਆ ਹੈ ਪਰ ਇਸ ਗੱਲ ਦੇ ਭਰੋਸੇਯੋਗ ਪ੍ਰਮਾਣ ਨਹੀਂ ਹਨ। ਬਹੁਤ ਜ਼ਿਆਦਾ ਪੁਰਾਤਨ ਹੋਣ ਕਾਰਨ ਕੋਈ ਵੀ ਗੱਲ ਲਿਖਤੀ ਸਬੂਤਾਂ ਦੇ ਅਧਾਰ ਤੇ ਨਹੀਂ ਕਹਿ ਸਕਦੇ। ਸਤਿਯੁਗ ਦੁਆਪਰ ਤ੍ਰੇਤਾ ਯੁੱਗਾਂ ਤੋਂ ਹੁਣ ਤੱਕ ਕਿਸੇ ਵੀ ਵਸਤੂ ਦਾ ਹੂਬਹੂ ਪ੍ਰਾਪਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਰਿਸ਼ੀਆਂ ਮੁਨੀਆਂ ਦਾ ਬਹੁਤਾ ਗਿਆਨ ਮੌਖਿਕ ਹੁੰਦਾ ਸੀ ਲਿਖਤੀ ਨਹੀਂ। ਦੂਸਰੀ ਗੱਲ ਕਿ ਜਦੋਂ ਉਹ ਨਾਇਕ ਵਿਚਰੇ ਜਿਵੇਂ ਰਾਮ ਚੰਦਰ ਜੀ, ਕ੍ਰਿਸ਼ਨ ਜੀ ਆਦਿ , ਨਾ ਤਾਂ ਇਹ ਗ੍ਰੰਥ ਉਹਨਾਂ ਨੇ ਏਪੀ ਲਿਖੇ ਹਨ ਅਤੇ ਨਾ ਹੀ ਇਹ ਗ੍ਰੰਥ ਉਹਨਾਂ ਦੇ ਆਪਣੇ ਸਮੇਂ ਵਿਚ ਨਹੀਂ ਲਿਖੇ ਗਏ। ਜਾਂ ਤਾਂ ਜਿਵੇਂ ਬਾਲਮੀਕੀ ਰਾਮਾਇਣ ਨੂੰ ਵਾਪਰਨ ਤੋਂ ਬਹੁਤ ਸਮਾਂ ਪਹਿਲਾਂ ਲਿਖਿਆ ਮੰਨਿਆ ਜਾਂਦਾ ਹੈ। ਅਤੇ ਜਾਂ ਉਹ ਘਟਨਾ ਬੀਤ ਜਾਣ ਤੇ ਸ਼ਰਧਾਲੂਆਂ ਦੁਆਰਾ ਬਾਅਦ ਵਿੱਚ ਲਿਖੇ ਗਏ। ਦੋਹਾਂ ਹੀ ਹਾਲਤਾਂ ਵਿਚ ਸਚਾਈ ਦੀ ਭਰੋਸੇਯੋਗਤਾ ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

**ਇਸਲਾਮ ਧਰਮ :-** ਇਸਲਾਮ ਧਰਮ ਦੇ ਮੁਖੀ ਹਜ਼ਰਤ ਮੁਹੰਮਦ ਸਾਹਿਬ ਸਨ। ਉਹ ਕੁਰਾਨ ਸ਼ਰੀਫ ਉਨ੍ਹਾਂ ਦਾ ਮੁੱਖ ਗ੍ਰੰਥ ਹੈ। ਇਸ ਬਾਰੇ ਇਹ ਪ੍ਰਚੱਲਿਤ ਹੈ ਕਿ ਅੱਲਾਹ ਨੇ ਜਿਬਰਾਈਲ ਫਰਿਸ਼ਤੇ ਦੁਆਰਾ ਇਸ ਦਾ ਇਲਹਾਮ ਹਜ਼ਰਤ ਮੁਹੰਮਦ ਨੂੰ ਸੁਣਾਇਆ ਸੀ।ਇਹ ਇਲਹਾਮ 610 ਈਸਵੀ ਪੂਰਵ ਤੋਂ 623 ਈਸਵੀ ਪੂਰਵ ਤੱਕ ਹੋਇਆ ਪਰ ਇਹ ਗ੍ਰੰਥ ਹਜ਼ਰਤ ਮੁਹੰਮਦ ਸਾਹਿਬ ਦੇ ਜਿਉਂਦੇ ਹੋਏ ਪੁਸਤਕ ਰੂਪ ਵਿਚ ਨਹੀਂ ਆਇਆ ਸੀ। ਉਨ੍ਹਾਂ ਦੀ ਮੌਤ ਤੋਂ ਬਾਅਦ 633 ਈਸਵੀ ਪੂਰਵ ਵਿਚ ਪੁਸਤਕ ਰੂਪ ਵਿਚ ਹੋਇਆ।

**ਬੁੱਧ ਧਰਮ :-** ਬੁੱਧ ਧਰਮ ਦੇ ਗ੍ਰੰਥ ਸੁਤ ਪਿਟਕ, ਵਿਨੈ ਪਿਟਕ ਅਤੇ ਅਭਿਧਮ ਪਿਟਕ ਹਨ। ਇਨ੍ਹਾਂ ਗ੍ਰੰਥਾਂ ਵਿਚ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਦਾ ਵਰਨਣ ਹੈ ਪਰ ਇਹ ਗ੍ਰੰਥ ਬੁੱਧ ਦੇ ਸ਼ਾਗਿਰਦਾਂ ਦੁਆਰਾ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਲਿਖਿਆ ਹੈ।

**ਗੁਰੂ ਗ੍ਰੰਥ ਸਾਹਿਬ :-** ਗੁਰੂ ਨਾਨਕ ਜੀ ਆਪਣੀਆਂ ਉਦਾਸੀਆਂ ਸਮੇਂ ਆਪਣੇ ਨਾਲ ਇਕ ਪੋਥੀ ਰੱਖਦੇ ਸਨ ਜਿਸ ਵਿਚ ਉਹ ਆਪ ਆਪਣੀ ਲਿਖੀ ਹੋਈ ਬਾਣੀ ਅਤੇ ਭਗਤਾਂ ਦੀ ਬਾਣੀ ਜੋ ਉਹ ਵੱਖ ਵੱਖ ਥਾਵਾਂ ਤੋਂ ਇੱਕਤਰ ਕਰ ਰਹੇ ਸਨ, ਉਹ ਉਤਾਰ ਰਹੇ ਸਨ।
ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ--
ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ ॥
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ ॥........(ਭਾਈ ਗੁਰਦਾਸ ਜੀ, ਵਾਰ 1 ਪਉੜੀ 32)

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਨੂੰ ਆਪ ਲਿਖਿਆ ਅਤੇ ਗੱਦੀ ਦੇਣ ਸਮੇਂ ਇਹ ਪੋਥੀ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਲਿਖੀ ਬਾਣੀ ਇਸ ਵਿਚ ਸ਼ਾਮਲ ਕਰਕੇ ਅੱਗੋਂ ਇਹ ਪੋਥੀ ਤੀਸਰੇ ਗੁਰੂ ਅਮਰਦਾਸ ਜੀ ਨੂੰ ਦਿੱਤੀ। ਇਸ ਤਰ੍ਹਾਂ ਹੀ ਚੱਲਦਾ ਗਿਆ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਬਾਣੀ ਨੂੰ ਤਰਤੀਬ ਦੇ ਕੇ ਆਦਿ ਗ੍ਰੰਥ ਦੇ ਰੂਪ ਵਿੱਚ ਸੰਕਲਿਤ ਕੀਤਾ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀਂ ਦੀ ਬਾਣੀ ਸ਼ਾਮਲ ਕੀਤੀ ਅਤੇ ਇਸਨੂੰ ਗੁਰੂ ਗ੍ਰੰਥ ਸਾਹਿਬ ਆਖਿਆ ਜਾਣ ਲੱਗਿਆ। ਇਸ ਤਰਾਂ ਗੁਰੂ ਸਾਹਿਬਾਨ ਨੇ ਸਾਰੀ ਬਾਣੀ ਆਪਣੇ ਹੱਥੀਂ ਆਪਣੇ ਜੀਵਨ ਕਾਲ ਦੌਰਾਨ ਹੀ ਲਿਖੀ। ਭਗਤਾਂ ਦੀ ਇੱਕਠੀ ਕੀਤੀ ਗਈ ਬਾਣੀ ਵੀ ਕਿਉਂਕਿ ਉਹਨਾਂ ਦੀ ਗੱਦੀ ਤੇ ਜੋ ਵੀ ਉਸ ਸਮੇ ਬੈਠਾ ਸੀ, ਉਸ ਤੋਂ ਪ੍ਰਾਪਤ ਕੀਤੀ ਹੋਣ ਕਾਰਨ ਭਰੋਸੇਯੋਗ ਮੰਨੀ ਜਾ ਸਕਦੀ ਹੈ।

**2. ਗ੍ਰੰਥਾਂ ਦੀ ਭਾਸ਼ਾ :-** ਹਿੰਦੂਆਂ ਦੇ ਸਾਰੇ ਦੇ ਸਾਰੇ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹਨ। ਜੋ ਕਿ ਆਮ ਲੋਕਾਂ ਨੂੰ ਨਹੀਂ ਆਉਂਦੀ। ਇਸ ਲਈ ਜਣੂ ਸਧਾਰਨ ਸੰਸਕ੍ਰਿਤ ਦੇ ਵਿਦਵਾਨ ਪੰਡਿਤਾਂ ਅਤੇ ਪੁਜਾਰੀਆਂ ਦੇ ਮੁਹਤਾਜ ਹੋ ਜਾਂਦੇ ਰਹੇ। ਪੰਡਿਤਾਂ ਵਲੋਂ ਜਨ ਸਾਧਾਰਨ ਦੀ ਕੀਤੀ ਜਾਂਦੀ ਲੁੱਟ ਦਾ ਇੱਕ ਕਾਰਨ ਇਹ ਵੀ ਬਣਿਆ ਹੋਇਆ ਹੋਏਗਾ। ਇਸਲਾਮਿਕ ਗ੍ਰੰਥਾਂ ਦੀ ਮੁਖ ਭਾਸ਼ਾ ਅਰਬੀ ਹੈ। ਇਸ ਲਈ ਹਰ ਮੁਸਲਮਾਨ ਨੂੰ ਅਰਬੀ ਸਿੱਖਣੀ ਹੀ ਪੈਂਦੀ ਹੈ, ਜੇ ਉਨ੍ਹਾਂ ਨੇ ਕੁਰਾਨ ਪੜ੍ਹਨੀ ਹੈ ਤਾਂ।

ਸਿੱਖ ਧਰਮ ਦੇ ਗ੍ਰੰਥ ਗੁਰੂ ਸਾਹਿਬਾਨ ਨੇ ਪੂਰੇ ਦੇ ਪੂਰੇ ਲੋਕ ਬੋਲੀ ਵਿਚ ਲਿਖੇ/ਲਿਖਵਾਏ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਪੀ ਭਾਵੇ ਗੁਰਮੁਖੀ ਹੈ, ਜੋ ਪੰਜਾਬ ਦੀ ਲੋਕ ਬੋਲੀ ਪੰਜਾਬੀ ਦੀ ਲਿਪੀ ਹੈ। ਪਰ ਉਂਝ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੱਖ ਵੱਖ ਭਾਸ਼ਾਵਾਂ ਦਾ ਇੱਕ ਵਧੀਆ ਗੁਲਦਸਤਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਗੁਰੂ ਸਾਹਿਬ ਜਿੱਥੇ ਵੀ ਗਏ,ਉੱਥੇ ਦੀ ਬੋਲੀ ਦੇ ਸ਼ਬਦ ਉਨ੍ਹਾਂ ਦੀ ਬਾਣੀ ਵਿਚ ਆਉਂਦੇ ਗਏ। ਇਸ ਤਰਾਂ ਇਹ ਗ੍ਰੰਥ ਲੋਕ-ਮਨ ਦੇ ਜ਼ਿਆਦਾ ਨੇੜੇ ਹੈ।

**3. ਮਨੁੱਖਤਾ ਦਾ ਗ੍ਰੰਥ – ਵਿਸ਼ਵ ਦੀਆਂ ਕਦਰਾਂ ਕੀਮਤਾਂ :-** ਗੁਰੂ ਗ੍ਰੰਥ ਸਾਹਿਬ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਹੜਾ ਸਮੇਂ ਅਤੇ ਸਥਾਨ ਦੀਆਂ ਹੱਦਬੰਦੀਆਂ ਤੋਂ ਪਾਰ ਹਮੇਸ਼ਾ ਇੱਕੋ ਸੱਚਾਈ ਦੀ ਗੱਲ ਕਰਦਾ ਹੈ। ਇੰਸ ਵਿੱਚ ਬਿਆਨਿਆ ਗਿਆ ਸੱਚ ਜਿੰਨਾ ਇਸ ਦੇ ਲਿਖਣ ਸਮੇਂ ਸਾਰਥਕ ਅਤੇ ਮਹੱਤਵਪੂਰਨ ਸੀ, ਉਤਨਾ ਹੀ ਅੱਜ ਹੈ ਅਤੇ ਉਤਨਾ ਹੀ ਭਵਿੱਖ ਵਿੱਚ ਵੀ ਰਹੇਗਾ। ਇਸ ਦਾ ਕਾਰਨ ਇਸ ਦੀ ਸਮਦ੍ਰਿਸ਼ਟੀ, ਸਰਬ ਸਾਂਝੀਵਾਲਤਾ, ਮਨੁੱਖਤਾ ਦੀਆਂ ਮੁੱਢਲੀਆਂ ਨੈਤਿਕ ਕਦਰਾਂ ਕੀਮਤਾਂ ਤੇ ਜੋਰ, ਕੁਦਰਤ ਦੀ ਸੰਭਾਲ ਅਤੇ ਉਸ ਨਾਲ ਇੱਕਮਿੱਕਤਾ, ਜਾਤਾਂ,ਧਰਮਾਂ,ਰੰਗਾਂ,ਨਸਲਾਂ,ਬੋਲੀਆਂ,ਇਲਾਕਿਆਂ ਦੇ ਬਹੁਤ ਹਲਕੇ ਵਿਤਕਰੇ ਲਈ ਇਸ ਵਿਚ ਕੋਈ ਥਾਂ ਨਹੀਂ ਹੈ। ਇਹ ਇੱਕ ਵੱਖਰੀ ਤ੍ਰਾਸਦੀ ਹੈ ਕਿ ਅਸੀਂ ਇਸਦੀਆਂ ਇਹਨਾਂ ਖੂਬੀਆਂ ਦਾ ਭਰਪੂਰ ਪ੍ਰਚਾਰ ਅਤੇ ਪ੍ਰਸਾਰ ਨਹੀਂ ਕਰ ਸਕੇ। ਜੇ ਅਸੀਂ ਪੂਰੀ ਸੁਹਿਰਦਤਾ ,ਇਮਾਨਦਾਰੀ ਅਤੇ ਮਿੱਠਤ ਨਾਲ ਇਸ ਦੇ ਸਿਧਾਂਤ ਫੈਲਾਏ ਹੁੰਦੇ, ਤਾਂ ਨਾ ਕੇਵਲ ਅੱਜ ਇਹ ਸਾਰੇ ਵਿਸ਼ਵ ਦਾ ਇੱਕੋ ਇੱਕ ਗ੍ਰੰਥ ਹੋਣਾ ਸੀ, ਸਗੋਂ ਵਿਸ਼ਵ ਦਾ ਇਤਿਹਾਸ ਵੀ ਕੁਝ ਹੋਰ ਹੀ ਹੋਣਾ ਸੀ। ਸੰਖੇਪ ਵਿੱਚ ਉਹ ਵਿਸ਼ੇਸ਼ਤਾਵਾਂ ਸਾਂਝੀਆਂ ਕਰਨੀਆਂ ਜ਼ਰੂਰੀ ਹਨ -- ਇਹ ਵਿਸ਼ੇਸ਼ਤਾਈਆਂ ਹੋਰ ਕਿਸੇ ਵੀ ਗ੍ਰੰਥ ਵਿਚ ਨਹੀਂ ਮਿਲਦੀਆਂ ।

**1.ਸਰਬ ਸਾਂਝੀਵਾਲਤਾ :-** ਕਿਸੇ ਹੋਰ ਗ੍ਰੰਥ ਵਿੱਚ ਏਨੀ ਸਰਲਤਾ ਅਤੇ ਏਨੇ ਜੋਰ ਦੇ ਕੇ ਸਰਬ-ਸਾਂਝੀਵਾਲਤਾ ਦੀ ਗੱਲ ਨਹੀਂ ਹੋਣੀ, ਜਿੰਨੀ ਇਸ ਗ੍ਰੰਥ ਵਿੱਚ ਮਿਲਦੀ ਹੈ --
ਅਵਲ ਅਲਹ ਨੂਰ ਉਪਾਇਆ, ਕੁਦਰਤ ਕੇ ਸਭ ਬੰਦੇ ॥
ਏਕ ਨੂਰ ਤੇ ਸਭ ਜਗ ਉਪਜਿਆ, ਕਉਣ ਭਲੇ ਕੋ ਮੰਦੇ ॥......(ਪੰਨਾ ..., ਕਬੀਰ ਜੀ)
ਜਦੋਂ ਸਭ ਨੂੰ ਇੱਕੋ ਪਿਤਾ ਦੀ ਸੰਤਾਨ ਸਮਝ ਲਿਆ, ਤਾਂ ਦੂਸਰ ਭਾਵ ਰਿਹਾ ਹੀ ਕਿੱਥੇ ? ਜਦੋਂ ਸਭ ਜੀਵਾਂ ਵਿੱਚ ਇੱਕੋ ਜੋਤ ਪਸਰ ਰਹੀ ਆਖ ਦਿੱਤਾ ਤਾਂ ਕੋਈ ਦੂਈ ਦਵੈਤ, ਝਗੜਾ,ਤਕਰਾਰ,ਉਚ ਨੀਚ ਦੇ ਭੇਦ ਕਿਵੇਂ ਰਹਿ ਸਕਦੇ ਹਨ ??
ਬਾਣੀ ਤਾਂ ਡੰਕੇ ਦੀ ਚੋਟ ਤੇ ਆਖ ਰਹੀ ਹੈ --
ਸਭ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰ ਪਰਾਇਓ ਮਨ ਕਾ ਬਿਰਹਾ ਤਾਂ ਮੇਲ ਕੀਓ ਮੇਰੇ ਰਾਜਨ॥... (ਪੰਨਾ...)
ਸਿਰਫ਼ ਇੱਕ ਹਵਾਲਾ ਹੋਰ ਦੇਖਦੇ ਹਾਂ--
ਸਗਲ ਸੰਗ ਹਮ ਸਿਉ ਬਨ ਆਈ ।
ਨਾ ਕੋ ਮੇਰਾ ਦੁਸ਼ਮਨ ਰਹਿਆ ਨਾ ਕਿਸਕੇ ਬੈਰਾਈ।

**2.ਗੁਣ ਕਉ ਧਾਵੈ, ਅਉਗਣ ਧੋਵੈ :-** ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੋ ਹੀ ਗੱਲਾਂ ਤੇ ਸਭ ਤੋਂ ਵੱਧ ਜੋਰ ਹੈ ਇੱਕ ਪ੍ਰਭੂ ਦਾ ਨਾਮ ਜਪਣਾ ਅਤੇ ਦੂਜਾ ਨਿਰਮਲ ਕਰਮ । ਨਿਰਮਲ ਕਰਮ ਬਹੁਤ ਵੱਡੀ ਅਤੇ ਵਿਸ਼ਾਲ ਧਾਰਨਾ ਹੈ। ਬਾਣੀਕਾਰ ਮਨੁੱਖ ਦੇ ਅੰਦਰੂਨੀ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਤ, ਨਿੰਦਾ ਆਦਿ ਸਾਰੇ ਔਗਣਾਂ ਨੂੰ ਦੂਰ ਕਰਕੇ ਸੱਤ, ਸੰਤੋਖ, ਦਇਆ, ਧਰਮ, ਸਹਿਣਸ਼ੀਲਤਾ, ਖਿਮਾ, ਨਿਮਰਤਾ ਆਦਿ ਵਰਗੇ ਦੈਵੀ ਗੁਣਾਂ ਨੂੰ ਧਾਰਨ ਕਰਨ ਤੇ ਜੋਰ ਦਿੰਦੇ ਹਨ। ਇਸ ਲਈ ਉਹ ਪ੍ਰਭੂ ਦਾ ਨਾਮ ਜਪਣ, ਗੁਰੂ ਦੀ ਸ਼ਰਨ ਵਿੱਚ ਜਾਣਾ ਅਤੇ ਭਲਿਆਂ ਦੀ ਲਗਾਤਾਰ ਸੰਗਤ ਕਰਦੇ ਰਹਿਣ ਦੇ ਤਰੀਕੇ ਵੀ ਦੱਸਦੇ ਹਨ। ਅਜਿਹੇ ਗੁਣਾਂ ਵਾਲਾ ਇਨਸਾਨ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਵੀ ਵਰਗ ਦੇ ਇਨਸਾਨ ਕੋਲ ਜਾ ਬੈਠੇ, ਉਸਨੂੰ ਆਪਣਾ ਬਣਾ ਲੈਣ ਦੀ ਯੋਗਤਾ ਰੱਖਦਾ ਹੈ।
ਗੁਣਾਂ ਕਾ ਹੋਵੈ ਬਾਸਲਾ ਕਢਿ ਬਾਸ ਲਈਜੈ ॥
ਜੇ ਗੁਣ ਹੋਵਣ ਸਾਜਨਾ ਮਿਲਿ ਸਾਂਝ ਕਰੀਜੈ ॥
ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣਿ ਚਲੀਐ॥
ਪਹਿਰੇ ਪਟੰਬਰ ਕਰ ਅਡੰਬਰ ਆਪਣਾ ਪਿੜ ਮਲੀਐ॥

**3.ਵਿਸ਼ਵ ਸ਼ਾਂਤੀ ਦਾ ਪਹਿਰੇਦਾਰ :-** ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨਸਾਨ ਨੂੰ ਪ੍ਰੇਮ ਕਰਨਾ ਸਿਖਾਉਂਦੀ ਹੈ। ਦਇਆ ਨੂੰ ਧਰਮ ਦਾ ਮੂਲ ਦੱਸਦੀ ਹੈ। ਆਪਾ ਭਾਵ ਗਵਾ ਕੇ ਮਨੁੱਖਤਾ ਦੀ ਸੇਵਾ ਕਰਨ ਦੀ ਤਾਕੀਦ ਕਰਦੀ ਹੈ। ਖਲਕਤ ਵਿਚੋਂ ਖਾਲਕ ਨੂੰ ਦੇਖਦੀ ਹੈ ਅਤੇ ਪ੍ਰਭੂ ਦੇ ਸਾਜੇ ਹੋਏ ਸਾਰੇ ਇਨਸਾਨਾਂ ਨੂੰ ਉਸਦਾ ਰੂਪ ਜਾਣ ਕੇ ਮਨੁੱਖ ਜਾਤੀ ਦਾ ਸਤਿਕਾਰ ਕਰਨਾ ਅਤੇ ਲੋੜ ਪੈਣ ਤੇ ਜਾਨ ਤੱਕ ਕੁਰਬਾਨ ਕਰ ਦੇਣੀ ਸਿਖਾਉਂਦੀ ਹੈ। ਇਹੀ ਕਾਰਨ ਹੈ ਕਿ ਵਿਸ਼ਵ ਵਿੱਚ ਕਿਸੇ ਵੀ ਥਾਂ ਤੇ ਕੋਈ ਵੀ ਕੁਦਰਤੀ ਜਾਂ ਮਨੁੱਖ ਨਿਰਮਿਤ ਆਫ਼ਤ ਆਈ ਹੈ, ਭੁਚਾਲ, ਤੂਫ਼ਾਨ, ਹੜ੍ਹ, ਸੁਨਾਮੀ, ਜੰਗ, ਕੋਈ ਮਹਾਂਮਾਰੀ, ਕੋਈ ਮੰਦੀ ....ਕੁਝ ਵੀ ਹੋਵੇ, ਇਸ ਗ੍ਰੰਥ ਦੇ ਮੰਨਣ ਵਾਲਿਆਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਵੀ ਦੁਖੀ ਲੋਕਾਂ ਦੀ ਮੱਦਦ ਕੀਤੀ ਹੈ। ਇਹ ਤਦ ਹੀ ਹੋ ਸਕਿਆ ਹੈ ਜੇ ਇਸ ਬਾਣੀ ਦਾ ਸੰਦੇਸ਼ ਇਹਨਾਂ ਦੇ ਖੂਨ ਵਿੱਚ ਰਮਿਆ ਹੋਇਆ ਸੀ।

**4.ਔਰਤ ਦਾ ਸਤਿਕਾਰ :-** ਇਸ ਨਿਰਾਲੇ ਗ੍ਰੰਥ ਵਿਚ ਸਦੀਆਂ ਪਹਿਲਾਂ ਤੋਂ ਹੀ ਔਰਤ ਨੂੰ ਜੱਗ-ਜਨਨੀ ਆਖ ਕੇ ਸਤਿਕਾਰਿਆ ਗਿਆ ਹੈ। ਸੰਸਾਰ ਦੀਆਂ ਅੰਤਰਰਾਸ਼ਟਰੀ ਸੰਸਥਾਵਾਂ ਤਾਂ ਬਹੁਤ ਜੋਰ ਲਗਾ ਕੇ ਅੱਜ ਤੱਕ ਔਰਤ ਨੂੰ ਉਸਦਾ ਬਣਦਾ ਸਨਮਾਨ ਨਹੀਂ ਦੇ ਸਕੀਆਂ, ਪਰ ਬਾਣੀਕਾਰਾਂ ਨੇ ਉਸਨੂੰ ਮਰਦ ਦੇ ਬਰਾਬਰ ਦਾ ਸਤਿਕਾਰ ਦਿੱਤਾ ਹੈ। ਜਿੱਥੇ ਕਈ ਧਰਮਾਂ ਵਿੱਚ ਅੱਜ ਵੀ ਔਰਤ ਨੂੰ ਆਪਣੇ ਧਾਰਮਿਕ ਸਥਾਨ ਵਿੱਚ ਜਾਣ ਦੀ ਇਜਾਜ਼ਤ ਨਹੀਂ, ਕੁਝ ਵਿਚ ਉਹ ਧਾਰਮਿਕ ਰਸਮਾਂ ਨਹੀਂ ਨਿਭਾ ਸਕਦੀ। ਕੁਝ ਉਸਨੂੰ ਮੁੱਢੋਂ ਹੀ ਅਧੂਰੀ ਅਤੇ ਅਸ਼ੁੱਧ ਸਮਝਦੇ ਹਨ, ਪਰ ਇਸ ਗ੍ਰੰਥ ਦੇ ਸਾਰੇ ਰਚਣਹਾਰਿਆਂ ਨੇ ਉਸਨੂੰ ਪੂਰਨ ਸਤਿਕਾਰ ਦਿੱਤਾ ਹੈ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥

**5.ਸਾਰੇ ਧਰਮਾਂ ਦਾ ਸਤਿਕਾਰ :-** ਗੁਰੂ ਗ੍ਰੰਥ ਸਾਹਿਬ ਜੀ ਇੱਕੋ ਇੱਕ ਅਜਿਹਾ ਗ੍ਰੰਥ ਹੈ ਜਿਸ ਵਿੱਚ ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਗਿਆ ਹੈ। ਇਸ ਦੇ ਬਾਣੀਕਾਰ ਹਿੰਦੂ ਵੀ ਹਨ, ਮੁਸਲਿਮ ਵੀ ਹਨ, ਹੋਰ ਹੋਰ ਮੱਤਾਂ ਦੇ ਵੀ ਹਨ, ਪਰ ਸਾਰੇ ਇੱਕ ਅਕਾਲ ਪੁਰਖ ਦੀ ਸਿਫਤ ਸਲਾਹ ਕਰਦੇ ਹੋਏ ਇੱਕ ਹੋ ਜਾਂਦੇ ਹਨ। ਗੁਰੂ ਨਾਨਕ ਜੀ ਸਾਫ ਸ਼ਬਦਾਂ ਵਿੱਚ ਆਖਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਪਿਤਾ ਦੀ ਉਪਮਾ ਹੋ ਰਹੀ ਹੈ, ਉਸਨੂੰ ਮਾਣ ਵਡਿਆਈ ਦੇ ਅਤੇ ਉਸਦਾ ਸਤਿਕਾਰ ਕਰ ॥
ਬਾਬਾ ਜੈ ਘਰਿ ਕਰਤੇ ਕੀਰਤੁ ਹੋਇ॥
ਸੋ ਘਰੁ ਰਾਖੁ ਵਡਾਈ ਤੋਇ॥

**5.ਵਿਗਿਆਨਕ ਸੋਚ ਦਾ ਸੰਦੇਸ਼ਵਾਹਕ :-** ਇਸ ਗ੍ਰੰਥ ਵਿੱਚ ਕਿਸੇ ਵੀ ਤਰਾਂ ਦੀਆਂ ਮਿਥਿਹਾਸਕ ਕਥਾ ਕਹਾਣੀਆਂ ਨਹੀਂ ਹਨ। ਅੱਜ ਸਾਰੇ ਸੰਸਾਰ ਵਿੱਚ ਵਿਗਿਆਨਕ ਸੋਚ ਨੂੰ ਮਾਣਤਾ ਮਿਲੀ ਹੋਈ ਹੈ। ਅਤੇ ਜਿਵੇਂ ਈਸਾਈਆਂ ਦੇ ਗ੍ਰੰਥ ਪੀਹਲਾਂ ਵਿਗਿਆਨ ਦੇ ਵਿਰੁੱਧ ਲਿਖਦੇ ਸਨ। ਉਹਨਾਂ ਨੇ ਵਿਗਿਆਨਕਾਂ ਤੇ ਜ਼ੁਲਮ ਵੀ ਕੀਤੇ। ਪਰ ਅਖੀਰ ਉਹਨਾਂ ਨੂੰ ਆਪਣੀ ਇਸ ਗਲਤੀ ਨੂੰ ਸੁਧਾਰਨਾ ਵੀ ਪਿਆ ਅਤੇ ਮੁਆਫੀ ਵੀ ਮੰਗਣੀ ਪਈ। ਇਸੇ ਤਰਾਂ ਹਿੰਦੂ ਗ੍ਰੰਥਾਂ ਵਿੱਚ ਬਹੁਤ ਕੁਝ ਅਜਿਹਾ ਹੈ ਜੋ ਵਿਗਿਆਨਕ ਸੋਚ ਦੀ ਨਵੀਂ ਪੀੜ੍ਹੀ ਲਈ ਹਜ਼ਮ ਕਰਨਾ ਔਖਾ ਹੈ। ਪਰ ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਇੱਕ ਵੀ ਪੰਕਤੀ ਅਜਿਹੀ ਨਹੀਂ ਹੈ ਜਿਹੜੀ ਵਿਗਿਆਨ ਦੀ ਕਸਵੱਟੀ ਤੇ ਪੂਰੀ ਨਾ ਉੱਤਰਦੀ ਹੋਵੇ। ਕਿਉਂ ਅਤੇ ਕਿਵੇਂ ਪ੍ਰਸ਼ਨਾਂ ਨੂੰ ਗੁਰੂ ਸਾਹਿਬ ਨੇ ਵਡਿਆਇਆ ਹੈ ਅਤੇ ਸਾਰਥਕ ਸੰਵਾਦ ਰਚਾਉਣ ਦੀ ਪ੍ਰੇਰਨਾ ਵੀ ਦਿੱਤੀ ਹੈ।

**6. ਕਿਰਤੀ ਵਰਗ ਦੇ ਹੱਕਾਂ ਦਾ ਰਖਵਾਲਾ:-** ਸਾਰਾ ਸੰਸਾਰ ਕਿਰਤੀ ਵਰਗ ਨੂੰ ਪੂਰਾ ਮਾਣ ਮਿਲਦੇ ਦੇਖਣ ਦਾ ਇੱਛਕ ਹੈ ਕਿਉਂਕਿ ਸੰਸਾਰ ਵਿੱਚ ਬਹੁ ਗਿਣਤੀ ਤਾਂ ਆਮ ਕਾਮੇ ਵਰਗ ਦੀ ਹੈ, ਪਰ ਬਹੁਤ ਘੱਟ ਗਿਣਤੀ ਦੇ ਸਰਮਾਏਦਾਰ ਵਰਗ ਨੇ ਵਿਸ਼ਵ ਆਰਥਿਕਤਾ ਨੂੰ ਕਾਬੂ ਕੀਤਾ ਹੋਇਆ ਹੈ ਅਤੇ ਉਹ ਆਪਣੇ ਮੁਨਾਫੇ ਲਈ ਸੰਸਾਰ ਨੂੰ ਲੁੱਟ ਰਹੇ ਹਨ।

ਗੁਰੂ ਸਾਹਿਬ ਦਸਾਂ ਨਹੁੰਆਂ ਦੀ ਇਮਾਨਦਾਰੀ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹਨ । ਅਤੇ ਉਸਨੂੰ ਵੀ ਵੰਡ ਕੇ ਛਕਣ ਲਈ ਆਖਦੇ ਹਨ ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਕਿਰਤ ਕੀਤਿਆਂ ਅਤੇ ਵੰਡ ਕੇ ਛਕਣ ਨਾਲ ਫਾਲਤੂ ਦੀ ਮਾਇਆ ਜਮ੍ਹਾਂ ਹੀ ਨਹੀਂ ਹੁੰਦੀ, ਜਿਹੜੀ ਵਿਕਾਰਾਂ ਦਾ ਕਾਰਨ ਬਣਦੀ ਹੈ।
ਘਾਲ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ ॥

**7 ਛੋਟੀਆਂ ਅਤੇ ਨੀਚ ਕਹਾਉਣ ਵਾਲਿਆਂ ਦਾ ਪੱਖ ਪੂਰਨਾ :-** ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਨੀਚ ਕਹਾਉਣ ਵਾਲੇ, ਕਥਿਤ ਛੋਟੀ ਜਾਤ ਵਾਲੇ, ਦੱਬੇ ਕੁਚਲੇ ਅਤੇ ਲਤਾੜੇ ਲੋਕਾਂ ਦੀ ਬਾਂਹ ਫੜਨੀ ਹਰ ਇਨਸਾਨ ਦਾ ਮੁਢਲਾ ਫਰਜ ਹੈ। ਉਹ ਆਪ ਗੱਜ ਵੱਜ ਕੇ ਨੀਵਿਆਂ ਨਾਲ ਖੜ੍ਹੇ ਹੋਣ ਦਾ ਹੋਕਾ ਦਿੰਦੇ ਹਨ -
ਨੀਚਾਂ ਅੰਦਰਿ ਨੀਚ ਜਾਤ ਨੀਚੀ ਹੂੰ ਅਤਿ ਨੀਚ ॥
ਨਾਨਕ ਤਿਨ ਕੈ ਸੰਗ ਸਾਥਿ ਵਡਿਆਂ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨੁ ਤਿਥੈ ਨਦਰਿ ਤੇਰੀ ਬਖਸ਼ੀਸ਼॥

ਇਸ ਤੋਂ ਵੱਧ ਕੇ ਕਿਹੜਾ ਸਮਾਜਵਾਦ ਹੈ ???

**8. ਮਨੁੱਖੀ ਆਜ਼ਾਦੀ, ਸਵੈ ਮਾਣ ਅਤੇ ਹੱਕਾਂ ਦਾ ਪਹਿਰੇਦਾਰ :-** ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਿੱਥੇ ਆਪਣੇ ਫਰਜ਼ ਪੂਰੇ ਕਰਨ ਲਈ ਸਿੱਖਿਆ ਦਿੱਤੀ ਗਈ ਹੈ। ਉੱਥੇ ਪੂਰੇ ਮਾਣ ਸਤਿਕਾਰ ਨਾਲ ਜਿਉਣ ਦੀ ਗੱਲ ਵੀ ਕੀਤੀ ਹੈ। ਆਪਣੇ ਬਣਦੇ ਹੱਕ ਲੈਣੇ ਵੀ ਹਨ। ਆਪਣੀ ਆਜ਼ਾਦੀ ਨੂੰ ਹਰਗਿਜ਼ ਨਹੀਂ ਗੁਆਉਣਾ ਅਤੇ ਆਪਣਾ ਸਨਮਾਨ ਬਣਾਈ ਰੱਖਣਾ ਹੈ।
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮ ਜੇਤਾ ਕਿਛੁ ਖਾਇ ॥

ਇਸ ਤਰ੍ਹਾਂ ਦੀਆਂ ਅਣਗਿਣਤ ਖ਼ੂਬੀਆਂ ਇਸ ਨਿਰਾਲੇ ਗ੍ਰੰਥ ਵਿੱਚ ਹਨ। ਇਹ ਰਾਜਿਆਂ, ਸਰਮਾਏਦਾਰਾਂ, ਨਵਾਬਾਂ, ਧਨੀਆਂ, ਧਾਰਮਿਕ ਅਤੇ ਸਮਾਜਿਕ ਲੀਡਰਾਂ, ਪੁਜਾਰੀਆਂ, ਸੰਤਾਂ, ਕਾਜੀਆਂ, ਪੰਡਿਤਾਂ, ਜੋਗੀਆਂ, ਕਿਸੇ ਦੀ ਵੀ ਬੇਲੋੜੀ ਅਧੀਨਗੀ ਨਹੀਂ ਝੱਲਦਾ। ਗੁਰਮਤਿ ਸਿਧਾਂਤ ਨਾ ਡਰਨਾ ਅਤੇ ਨਾ ਡਰਾਉਣਾ ਹੈ। ਉਹ ਇੱਕ ਨਿਰਭਉ ਅਤੇ ਨਿਰਵੈਰ ਇਨਸਾਨ ਬਣਾਉਣ ਦੀ ਸਿੱਖਿਆ ਦਿੰਦੇ ਹਨ, ਜਿਹੜਾ ਪੂਰਨ ਇਨਸਾਨ ਕਹਾਏਗਾ।

**ਇੱਕੋ ਇੱਕ ਗ੍ਰੰਥ –ਗੁਰੂ ਗ੍ਰੰਥ:-** ਸਾਰੇ ਸੰਸਾਰ ਵਿੱਚ, ਸਾਰੇ ਧਰਮਾਂ ਵਿਚੋਂ ਇਹ ਇੱਕੋ ਇੱਕ ਅਜਿਹਾ ਗ੍ਰੰਥ ਹੈ, ਜਿਸ ਨੂੰ ਗੁਰੂ ਦਾ ਦਰਜਾ ਹਾਸਿਲ ਹੈ। ਇਸ ਦੇ ਨਾਮ ਤੇ ਜਾਇਦਾਦ ਰਜਿਸਟਰ ਕਰਵਾਈ ਜਾ ਸਕਦੀ ਹੈ ਅਤੇ ਅਦਾਲਤਾਂ ਨੇ ਵੀ ਜੀਵਤ-ਗੁਰੂ ਦਾ ਦਰਜਾ ਦੇਣਾ ਪ੍ਰਵਾਨ ਕਰ ਲਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਨੂੰ ਗੁਰੂ ਮੰਨਣ ਦੇ ਆਦੇਸ਼ ਤੇ ਸਿੱਖਾਂ ਨੇ ਫੁੱਲ ਚੜ੍ਹਾਏ ਹਨ। ਬਹੁਤ ਜਿਆਦਾ ਸਤਿਕਾਰ ਗੁਰੂ ਸਾਹਿਬ ਦੇ ਸਮੇਂ ਤੋਂ ਅੱਜ ਤੱਕ ਇਸ ਗ੍ਰੰਥ ਨੂੰ ਦਿੱਤਾ ਗਿਆ ਹੈ, ਜਿਸ ਦਾ ਇਹ ਹੱਕਦਾਰ ਵੀ ਹੈ। ਇਸ ਇੱਕੋ ਇੱਕ ਗ੍ਰੰਥ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਅਨੇਕਾਂ ਸਿੰਘਾਂ ਨੇ ਆਪਣੀਆਂ ਜਿੰਦਗੀਆਂ ਦੀ ਆਹੂਤੀ ਦਿੱਤੀ ਹੈ ਅਤੇ ਇਸ ਤੇ ਵਾਰ ਕਰਨ ਵਾਲੇ ਦੀ ਜਾਨ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸ ਤਰਾਂ ਦੀਆਂ ਹੋਰ ਵਿਸ਼ੇਸ਼ਤਾਈਆਂ ਗਿਣਨ ਲੱਗੇ, ਤਾਂ ਲੇਖ ਬਹੁਤ ਲੰਮਾ ਹੋ ਜਾਏਗਾ।

**ਅੰਤਿਕਾ :-**ਇੰਨੇ ਖ਼ੂਬਸੂਰਤ ਗੁਣਾਂ ਨਾਲ ਸ਼ਿੰਗਾਰੇ ਹੋਏ ਇਸ ਗ੍ਰੰਥ ਦੀ ਸਿੱਖਿਆ ਨੂੰ ਜੇ ਅਸੀਂ ਕੁਝ ਕੁ ਹਿਰਦਿਆਂ ਤੱਕ ਹੀ ਸੀਮਿਤ ਕਰ ਦਿੱਤਾ ਹੈ, ਤਾਂ ਅਸੀਂ ਖੁਦ ਬਹੁਤ ਵੱਡੇ ਅਪਰਾਧੀ ਹਾਂ। ਕਿਉ ਨਹੀ ਅੱਜ ਸੰਸਾਰ ਦੇ ਲੋਕ ਇਸ ਤੋਂ ਸੇਧ ਲੈਣ ਆਉਂਦੇ ??? ਸਾਨੂੰ ਮਿਲ ਬੈਠਣ ਦੀ ਲੋੜ ਹੈ। ਨਵੀਆਂ ਨੀਤੀਆਂ ਬਣਾਉਣ ਦੀ ਲੋੜ ਹੈ। ਬੇਲੋੜੀਆਂ ਸ਼ਰਧਾ ਪੂਰਨ ਕਰਮ ਕਾਂਡ ਵਾਲੀਆਂ ਰਸਮਾਂ ਅਤੇ ਕੱਟੜਤਾ ਨੂੰ ਤਿਆਗ ਕੇ ਇਸ ਦਾ ਵਿਸ਼ਵ- ਵਿਆਪੀ ਪ੍ਰੇਮ ਦਾ ਸੰਦੇਸ਼ ਸਾਰੀ ਦੁਨੀਆਂ ਤੱਕ ਪਹੁੰਚਾਏ ਜਾਣ ਦੀ ਲੋੜ ਹੈ। ਲੱਖ ਸਾਡੇ ਵਿਰੋਧੀ ਸਾਜਿਸ਼ਾਂ ਕਰਦੇ ਰਹਿਣ, ਲੱਖ ਹਮਲਾਵਰ ਹਮਲੇ ਕਰਦੇ ਰਹਿਣ, ਜੇ ਸਾਨੂੰ ਸ਼ਬਦ ਤੋਂ ਸੇਧ ਲੈਣੀ ਆ ਗਈ, ਤਾਂ ਉਸਦੀ ਸੁਗੰਧੀ ਸਾਡੇ ਵਿਵਹਾਰ ਅਤੇ ਕਿਰਦਾਰ ਵਿੱਚੋਂ ਝਲਕੇਗੀ ਅਤੇ ਕੋਈ ਵਿਰੋਧੀ ਕਦੇ ਕਾਮਯਾਬ ਨਹੀਂ ਹੋ ਸਕੇਗਾ। ਬ੍ਰਹਿਮੰਡੀ ਪ੍ਰੇਮ ਆਏ ਸ਼ਾਂਤੀ ਦਾ ਇਹ ਅਨੂਠਾ ਸੰਦੇਸ਼ ਸਾਰੇ ਸੰਸਾਰ ਨੂੰ ਜਰੂਰ ਮਹਿਕਾਏਗਾ। ਯਤਨ ਸਾਡੇ, ਬਖਸ਼ਿਸ਼ ਅਕਾਲ ਪੁਰਖ ਦੀ।



ਜਸਵਿੰਦਰ ਸਿੰਘ ਰੁਪਾਲ
9814715796

# ਰੱਬ ਆਪਣੇ ਅਸਲੀ ਰੂਪ ਵਿਚ (ਕਹਾਣੀ)

ਦੁਸਹਿਰਾ ਤੇ ਮੁਹੱਰਮ ਦੋਹਾਂ ਕੁ ਦਿਨਾਂ ਦੀ ਵਿੱਥ ਤੇ ਆਉਣੇ ਸਨ। ਇਸ ਤੋਂ ਥੋੜੇ ਦਿਨ ਪਹਿਲਾ ਹੀ ਦੋਹੇ ਕੌਮਾਂ ਆਪਣੀ ਕੌਮੀ ਬੀਰਤਾ ਦੇ ਚਮਤਕਾਰ ਦੱਸਣ ਲਈ ਤਿਆਰ ਬਰ ਤਿਆਰ ਹੋ ਗਈਆਂ। ਥਾਂ ਥਾਂ ਪੁਲਸੀ ਪਹਿਰੇ ਲੱਗ ਗਏ, ਸਾਰੇ ਸ਼ਹਿਰ ਵਿਚ ਸਹਿਮ ਜਿਹਾ ਛਾ ਗਿਆ। ਮਜ਼ਬੀ ਅਣਖ ਪਿੱਛੇ ਮਰ ਮਿਟਣ ਵਾਲਿਆਂ ਲਈ ਇਸ ਤੋਂ ਚੰਗਾ ਮੌਕਾ ਹੋਰ ਕਿਹੜਾ ਹੋ ਸਕਦਾ ਸੀ। ਸਾਰੇ ਸ਼ਹਿਰ ਦੀਆਂ ਮਸੀਤਾਂ ਤੇ ਮੰਦਰ ਇਨ੍ਹਾਂ ਮਜ਼ਬੀ ਪਹਿਲਵਾਨਾਂ ਨੂੰ ਕੁਸ਼ਤੀ ਸਿਖਾਉਣ ਲਈ ਆਖਾੜੇ ਬਣੇ ਹੋਏ ਸਨ।

ਮੁਸਲਮਾਨਾਂ ਦਾ ਰੱਬ ਇਸ ਮਾਤਮ ਦੇ ਸਮੇਂ ਵਾਜਿਆਂ ਦੀ ਆਵਾਜ਼ ਨਹੀਂ ਸੀ ਸੁਣਨਾ ਚਾਹੁੰਦਾ ਤੇ ਹਿੰਦੂਆਂ ਦਾ ਰੱਬ ਇਸ ਖੁਸ਼ੀ ਦੇ ਮੌਕੇ ਮਾਤਮੀ ਕੀਰਨੇ ਸੁਣਨੇ ਬਦ ਸ਼ਗਨੀ ਸਮਝਦਾ ਸੀ। ਮੁਕਦੀ ਗੱਲ, ਦੋਵੇਂ ਰੱਬ ਆਪੋ ਆਪਣੇ ਹੱਕਾਂ ਉਤੇ ਡਟੇ ਖਲੋਤੇ ਸਨ।

ਤਾਜ਼ੀਏ ਵਾਲੇ ਦਿਨ ਤਾਂ ਬੁੱਢੇ ਮੌਲਵੀ ਦੀ ਤਕਰੀਰ ਨੇ ਹੱਦਾਂ ਲਾਹ ਦਿਤੀਆਂ। ਸੌ ਫੀ ਸਦੀ ਸਰੋਤੇ ਗ਼ਾਜ਼ੀ ਦੀ ਪਦਵੀ ਪਾਉਣ ਲਈ ਤੇ ਜੰਨਤ ਦੇ ਕਮਰੇ ਰੀਜ਼ਰਵ ਕਰਾਉਣ ਲਈ ਹੱਥ ਮਰੋੜਨ ਤੇ ਬੁਲ੍ਹ ਟੁੱਕਣ ਲੱਗ ਪਏ।

ਅੰਤ ਤਾਜ਼ੀਆ ਬੜੇ ਜ਼ੋਰ ਸ਼ੋਰ ਨਾਲ ਨਿਕਲਿਆ। ਉਸ ਵਿਚ ਨੰਗੇ ਸਿਰਾਂ ਵਾਲਿਆਂ ਨਾਲੋਂ ਲਾਲ ਪਗੜੀ ਵਾਲਿਆਂ ਦੀ ਗਿਣਤੀ ਬਹੁਤੀ ਸੀ। ਪਰ ਏਨਾ ਕਰੜਾ ਪ੍ਰਬੰਧ ਹੁੰਦਿਆਂ ਵੀ ਇਕ ਨੌਜਵਾਨ ਹਿੰਦੂ ਦਾ ਖ਼ੂਨ ਹੋ ਹੀ ਗਿਆ। ਇਸ ਤੋਂ ਛੁਟ ਰਸਤੇ ਵਿਚ ਕਈ ਵਾਰੀ ਫ਼ਸਾਦ ਹੁੰਦਾ ਹੁੰਦਾ ਰੁਕਿਆ।

(2)

ਦੁਸਹਿਰੇ ਦੀ ਝਾਕੀ ਨਿਕਲਣ ਤੋਂ ਇਕ ਦਿਨ ਪਹਿਲਾਂ ਹੀ ਮਹਾਂਬੀਰ ਦਲ ਦੇ ਗੱਭਰੂਆਂ ਨੇ ਸਿਰ ਤੇ ਕੱਫਣ ਬੰਨ੍ਹ ਲਏ ਤੇ ਭਗਵਾਨ ਰਾਮ ਚੰਦਰ ਜੀ ਦੇ ਨਾਂ ਉਤੇ ਆਪਣੇ ਲਹੂ ਦਾ ਛੇਕੜਲਾ ਤੁਪਕਾ ਡੋਲ੍ਹਣ ਦਾ ਪ੍ਰਣ ਕਰ ਲਿਆ।

ਇਸੇ ਸ਼ਾਮ ਨੂੰ ਬੁੱਢਾ ਮੌਲਵੀ ਘਰ ਜਾਂਦਾ ਹੋਇਆ ਆਪਣੇ ਕੁਝ ਸਿਰ ਕੱਢ ਗੱਭਰੂਆਂ ਨੂੰ ਚਿਤੌਣੀ ਕਰਾ ਗਿਆ ਕਿ ਦਿਨ ਚੜ੍ਹਦੇ ਤੋਂ ਪਹਿਲਾਂ ਉਹ ਉਹਦੇ ਮਕਾਨ 'ਤੇ ਪਹੁੰਚ ਜਾਣ।

ਮੌਲਵੀ ਹੋਰੀਂ ਘਰ ਟੁਰੇ ਜਾ ਰਹੇ ਸਨ ਤੇ ਸੋਚਦੇ ਜਾਂਦੇ ਸਨ, "ਧੰਨ ਹੈ ਉਹ ਬਹਾਦਰ ਗ਼ਾਜ਼ੀ ਜਿਸ ਨੇ ਸਭ ਤੋਂ ਪਹਿਲਾਂ ਮੇਰੇ ਹੁਕਮ ਦੀ ਤਾਮੀਲ ਕਰ ਕੇ ਇਕ ਕਾਫ਼ਰ ਨੂੰ ਟਿਕਾਣੇ ਲਾਇਆ ਹੈ। ਜੇ ਇਸ ਤਰ੍ਹਾਂ ਹਰ ਇਕ ਖ਼ਾਦਿਮ ਇਸਲਾਮ ਆਪਣੇ ਅੰਦਰ ਮਜ਼ਬੀ ਜ਼ਜ਼ਬਾਤ ਪੈਦਾ ਕਰ ਲਵੇ ਤਾਂ ਦਿਨਾਂ ਵਿਚ ਹੀ ਸਾਰੀ ਦੁਨੀਆਂ ਉਤੇ ਰੱਬੀ ਬਾਦਸ਼ਾਹਤ ਫੈਲ.........।"

ਅਜੇ ਉਸ ਦੀ ਖ਼ਿਆਲਾ ਦੀ ਲੜੀ ਬੰਦ ਨਹੀਂ ਸੀ ਹੋਈ ਕਿ ਉਸਦੇ ਕੰਨਾਂ ਵਿਚ ਇਕ ਡਾਢੀ ਦਰਦ ਭਰੀ ਆਵਾਜ਼ ਪਈ "ਲੋਕੋ, ਮੇਰਾ ਜਹਾਨ ਲੁੱਟਿਆ ਗਿਆ!"

ਦੂਜੇ ਪਲ ਹੀ ਉਸ ਦੇ ਸਾਹਮਣਿਓ ਇਕ ਹਿੰਦੂ ਦੀ ਅਰਥੀ ਲੰਘੀ ਜੋ ਸਰਕਾਰੀ ਹਸਪਤਾਲ ਵਲੋਂ ਆ ਰਹੀ ਸੀ। ਉਸ ਦੇ ਪਿੱਛੇ ਇਕ 16 ਕੁ ਵਰ੍ਹਿਆਂ ਦੀ ਮੁਟਿਆਰ ਫੱਟੇ ਨਾਲ ਸਿਰ ਜੋੜੀ ਤੇ ਦੋਹਾਂ ਹੱਥਾਂ ਨਾਲ ਉਸ ਨੂੰ ਥੰਮੀ ਟੁਰੀ ਆ ਰਹੀ ਸੀ। ਦੰਦ ਖੰਡ ਦੇ ਚੂੜ੍ਹੇ ਦੀਆਂ ਦੋ ਤਿੰਨ ਅੱਧ ਟੁੱਟੀਆਂ ਚੂੜੀਆਂ ਅਜੇ ਤੱਕ ਉਸਦੀ ਵੀਣੀ ਵਿਚ ਅੜੀਆਂ ਹੋਈਆਂ ਸਨ ਤੇ ਵਿਆਹ ਦੀ ਮਹਿੰਦੀ ਅਜੇ ਉਸਦੇ ਨਹੁੰਆਂ ਤੇ ਬਾਕੀ ਸੀ। ਪਿੱਟ ਪਿੱਟ ਕੇ ਉਸ ਨੇ ਮੱਥੇ ਦੇ ਬਹੁਤ ਸਾਰੇ ਵਾਲ ਖੋਹ ਸੁੱਟੇ ਸਨ ਤੇ ਚਿਹਰੇ 'ਤੇ ਲਾਸਾਂ ਪਾ ਲਈਆਂ ਸਨ।

ਜਿਥੋ ਤੋੜੀ ਅਰਥੀ ਦਿਸਦੀ ਰਹੀ, ਮੌਲਵੀ ਦੀ ਨਜ਼ਰ ਉਸ ਵੱਲੋਂ ਹਟ ਨਾ ਸਕੀ, ਉਸ ਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਉਸ ਸ਼ਰਧਾਲੂ ਗ਼ਾਜ਼ੀ ਦੀ ਹੀ ਬਹਾਦਰੀ ਦਾ ਸਿੱਟਾ ਹੈ।

ਘਰ ਪਹੁੰਚਦਿਆਂ ਤੱਕ ਉਸ ਦੇ ਕੰਨਾਂ ਵਿਚ 'ਲੋਕੋ! ਮੇਰਾ ਜਹਾਨ ਲੁਟਿਆ ਗਿਆ।' ਵਾਕ ਗੂੰਜਦਾ ਰਿਹਾ ਤੇ ਹਜ਼ਾਰ ਕੋਸ਼ਸ਼ ਕਰਨ ਤੇ ਵੀ ਉਸ ਦੁਖੀ ਔਰਤ ਦੀ ਸ਼ਕਲ ਉਸ ਦੀਆਂ ਅੱਖਾਂ ਅਗੇ ਜਿਉਂ ਦੀ ਤਿਉਂ ਰਹੀ। ਉਸ ਨੇ ਉਹ ਸਾਰੀਆਂ ਦਲੀਲਾਂ ਦੇ ਦੇ ਕੇ ਦਿਲ ਨੂੰ ਸਮਝਾਇਆ ਜਿਨ੍ਹਾਂ ਦੀ ਮਦਦ ਨਾਲ ਉਹ ਹਜ਼ਾਰਾਂ ਲੋਕਾਂ ਦੇ ਖ਼ਿਆਲ ਇਕ ਵਾਰਗੀ ਹੀ ਪਲਟ ਸੁੱਟਦਾ ਸੀ, ਪਰ ਉਸ ਤੇ ਕੁਝ ਵੀ ਅਸਰ ਨਾ ਹੋਇਆ।

ਜਿਉਂ ਜਿਉਂ ਅਰਥੀ ਦਾ ਦ੍ਰਿਸ਼ ਉਸ ਦੇ ਸਾਹਮਣੇ ਆਉਂਦਾ ਉਸ ਦੇ ਅੰਦਰ ਇਕ ਕਸਕ ਜਹੀ ਪੈਣ ਲਗ ਜਾਂਦੀ ਤੇ ਆਪ ਮੁਹਾਰੇ ਉਸ ਦੇ ਬੁਲ੍ਹਾਂ ਚੋਂ ਨਿਕਲ ਜਾਂਦਾ, "ਲੋਕੋ! ਮੇਰਾ ਜਹਾਨ ਲੁੱਟਿਆ ਗਿਆ!"

ਮੌਲਵੀ ਹੁਰਾਂ ਦਸਤਰ ਖਵਾਨ ਤੇ ਬੈਠ ਕੇ ਰਕੇਬੀ ਵਲ ਹੱਥ ਵਧਾਇਆ, ਪਰ ਫੇਰ ਪਿਛਾਂਹ ਖਿਚ ਲਿਆ। ਅੰਤ ਬਦੋ ਬਦੀ ਜੇ ਗਰਾਹੀ ਮੂੰਹ ਵਿਚ ਪਾਈ ਹੀ ਤਾਂ ਸੰਘੋ ਲੰਘਣੀ ਔਖੀ ਹੋ ਗਈ। ਉਹ ਗਰਾਹੀ ਨੂੰ ਅੰਦਰ ਧਕਦੇ ਸਨ ਤੇ ਅੰਦਰੋਂ ਕੋਈ ਚੀਜ਼ ਉਸ ਨੂੰ ਬਾਹਰ ਧੱਕਦੀ ਸੀ।

ਘਰ ਵਾਲੀ ਨੇ ਇਸ ਦਾ ਕਾਰਨ ਪੁੱਛਿਆ ਤਾਂ ਉਤਰ ਦੇਣ ਦੀ ਥਾਂ ਉਨ੍ਹਾਂ ਅੱਖਾਂ ਭਰ ਲਈਆਂ। ਅੰਤ ਰਕੇਬੀ ਨੂੰ ਪਰ੍ਹਾਂ ਧੱਕ ਕੇ ਤੇ 'ਤਬੀਅਤ ਠੀਕ ਨਹੀਂ" ਕਹਿ ਕੇ ਮੰਜੇ ਤੇ ਜਾ ਲੇਟੇ। ਸਾਰੀ ਰਾਤ ਉਨ੍ਹਾਂ ਉਸੱਲਵੱਟੇ ਭੰਨਦਿਆਂ ਤੇ ਠੰਢੇ ਸਾਹ ਲੈਂਦਿਆਂ ਬਿਤਾਈ।

ਦਿਨ ਚੜ੍ਹਦੇ ਹੀ 15-20 ਲਠ ਬਾਜ਼ ਆ ਪਹੁੰਚੇ ਤੇ ਡਿਓਢੀ ਵਿਚ ਬੈਠ ਕੇ ਮੌਲਵੀ ਹੋਰਾਂ ਦੇ ਹੁਕਮ ਦੀ ਉਡੀਕ ਕਰਨ ਲੱਗੇ।

ਮੌਲਵੀ ਹੋਰੀਂ ਅੰਦਰੋਂ ਨਿਕਲੇ। ਉਹਨਾਂ ਦਾ ਚਿਹਰਾ ਉਤਰਿਆ ਹੋਇਆ ਤੇ ਅੱਖਾਂ ਡੁਬਡੁਬਾ ਰਹੀਆਂ ਸਨ। ਘੰਟਾ ਡੇਢ ਘੰਟਾ ਉੱਤਰ ਪ੍ਰਸ਼ਨ ਹੁੰਦੇ ਰਹੇ ਤੇ ਅੰਤ ਸਾਰੇ ਹੀ, ਜਿਧਰੋਂ ਆਏ ਸੀ, ਉਧਰੇ ਮੁੜ ਗਏ।

ਦੁਸਹਿਰੇ ਦੀ ਝਾਕੀ ਨਿਕਲੀ। ਪੰਡਤ ਹੋਰਾਂ ਦੇ ਧਰਮ ਉਪਦੇਸ਼ਾਂ ਨੇ ਸਾਬਤ ਕਰ ਦਿਤਾ ਸੀ ਕਿ ਰਬ ਦੇ ਸੱਕੇ ਪੁਤਰ ਕਦੇ ਵੀ ਮਲੇਛਾਂ ਤੋਂ ਡਰਿਆ ਨਹੀਂ ਕਰਦੇ। ਜਲੂਸ ਦੇ ਆਲੇ ਦੁਆਲੇ ਪੁਲੀਸ ਦੀ ਲੰਮੀ ਪਾਲ ਇਸ ਤਰ੍ਹਾਂ ਸੋਭ ਰਹੀ ਸੀ ਕਿ ਜਿਵੇਂ ਰੱਬ ਦੇ ਇਹਨਾਂ ਸੱਕੇ ਪੁੱਤਰਾਂ ਦੀ ਸੈਨਾ ਨੇ ਲਾਲ ਫੁਲਾਂ ਦਾ ਸਿਹਰਾ ਪਾਇਆ ਹੈ। ਲੋਕੀਂ ਬੜੇ ਫਕਰ ਨਾਲ ਕਹਿ ਰਹੇ ਸਨ ਕਿ ਸਰਕਾਰ ਨੇ ਮੁਸਲਮਾਨਾਂ ਨਾਲੋਂ ਹਿੰਦੂਆਂ ਦੀ ਵੱਧ ਮਦਦ ਕੀਤੀ ਹੈ।

ਕਈ ਬਾਜ਼ਾਰਾਂ ਵਿਚੋਂ ਫਿਰਦਾ ਜਲੂਸ ਉਸ ਥਾਂ ਪੁੱਜਾ ਜਿਥੇ ਫ਼ਸਾਦ ਹੋਣ ਦਾ ਸਭ ਤੋਂ ਵਧੀਕ ਖ਼ਤਰਾ ਸੀ। ਇਹ ਪਾਸਾ ਨਿਰੋਲ ਮੁਸਲਮਾਨਾਂ ਦਾ ਸੀ ਤੇ ਇਥੇ ਹੀ ਉਹ ਵਡੀ ਮਸੀਤ ਸੀ ਜਿਥੇ ਮੌਲਵੀ ਹੋਰਾਂ ਦੇ ਇਸ਼ਾਰੇ ਦੀ ਉਡੀਕ ਵਿਚ ਗ਼ਾਜ਼ੀਆਂ ਦੇ ਕਈ ਟੋਲੇ ਬਨੇਰਿਆਂ ਤੇ ਖੜੇ ਸਨ।

ਜਲੂਸ ਮਸੀਤ ਦੇ ਬੂਹੇ ਅੱਗੋਂ ਲੰਘਣਾ ਸ਼ੁਰੂ ਹੋਇਆ। ਇਸ ਵੇਲੇ ਹਜ਼ਾਰਾਂ ਲੋਕਾਂ ਦੇ ਦਿਲ ਧੜਕ ਰਹੇ ਸਨ-ਕਈਆਂ ਦੇ ਜੋਸ਼ ਨਾਲ ਤੇ ਕਈਆਂ ਦੇ ਸਹਿਮ ਨਾਲ।

ਜਿਉਂ ਹੀ ਸ੍ਰੀ ਰਾਮ ਚੰਦਰ ਤੇ ਲਛਮਣ ਵਾਲੀ ਝਾਕੀ ਮਸੀਤ ਦੇ ਦਰਵਾਜ਼ੇ ਅੱਗੇ ਪਹੁੰਚੀ, ਗੁਲਾਬ ਦੇ ਫੁੱਲਾਂ ਦਾ ਇਕ ਵੱਡਾ ਸਾਰਾ ਸਿਹਰਾ ਘੁੰਮਦਾ ਹੋਇਆ ਮਸੀਤ ਦੀ ਛੱਤ ਤੋਂ ਆਇਆ ਤੇ ਰਾਮ ਲਛਮਣ, ਦੋਹਾਂ ਭਰਾਵਾਂ ਦੇ ਗਲਾਂ ਵਿਚ ਪੈ ਗਿਆ। ਇਸ ਕੋਮਲ ਰੱਸੇ ਨੇ ਦੁਹਾਂ ਸਿਰਾਂ ਨੂੰ ਆਪੋ ਵਿਚ ਜੋੜ ਦਿਤਾ।

ਸਾਰੀ ਭੀੜ ਦੀਆਂ ਨਜ਼ਰਾਂ ਮਸੀਤ ਦੀ ਛੱਤ ਤੇ ਗੱਡੀਆਂ ਗਈਆਂ। ਸਿਹਰਾ ਸੁੱਟਣ ਵਾਲਾ ਉਹੀ ਬੁੱਢਾ ਮੌਲਵੀ ਸੀ। ਇਸ ਤੋਂ ਛੁੱਟ ਉਸਦੀ ਝੋਲੀ ਫੁੱਲਾਂ ਨਾਲ ਭਰੀ ਹੋਈ ਸੀ ਤੇ ਉਸ ਦੇ ਬਹੁਤ ਸਾਰੇ ਸ਼ਰਧਾਲੂ, ਇਕ ਦੂਜੇ ਨੂੰ ਧਕਦੇ ਹੋਏ, ਵਿਚੋਂ ਫੁੱਲਾਂ ਦੇ ਰੁਗ ਭਰ ਭਰ ਕੇ ਸਵਾਰੀ ਉਤੇ ਸੁਟ ਰਹੇ ਸਨ।

ਇਸ ਬਾਜ਼ਾਰ ਦੀ ਧਰਤੀ, ਜਿਸ ਬਾਬਤ ਲੋਕਾਂ ਦਾ ਖ਼ਿਆਲ ਸੀ ਕਿ ਅੱਜ ਲਹੂ ਨਾਲ ਰੰਗੀ ਜਾਵੇਗੀ, ਫੁੱਲਾਂ ਨਾਲ ਰੰਗੀ ਗਈ।

ਛਤ ਤੋਂ 'ਸੀਆ ਵਰ ਰਾਮ ਚੰਦਰ ਕੀ ਜੈ ਤੇ ਜਲੂਸ ਵਿਚੋਂ 'ਅੱਲਾਹ ਅਕਬਰ' ਦੀਆਂ ਗੂੰਜਾਂ ਉਠਦੀਆਂ ਸਨ ਤੇ ਆਪੋ ਵਿਚ ਟਕਰਾ ਕੇ ਰਲ ਮਿਲ ਜਾਂਦੀਆਂ ਸਨ।

ਜਲੂਸ ਵਾਲਿਆਂ ਦੀਆਂ ਬਾਹਾਂ ਫੈਲ ਗਈਆਂ ਤੇ ਥੋੜੇ ਚਿਰ ਪਿਛੋਂ ਬਨੇਰਿਆਂ ਦੀ ਸਾਰੀ ਭੀੜ ਉਹਨਾਂ ਦੀਆਂ ਜੱਫੀਆਂ ਵਿਚ ਸੀ। ਰੱਬ ਉਹਨਾਂ ਦੇ ਸੀਨਿਆਂ ਨਾਲ ਲਗਾ ਹੋਇਆ ਸੀ ਤੇ ਨਿੱਘ ਦੇ ਕੇ ਉਹਨਾਂ ਦੇ ਜੰਮੇ ਹੋਏ ਲਹੂ ਨੂੰ ਪੰਘਾਰ ਰਿਹਾ ਸੇ।
ਲੋਕਾਂ ਨੇ ਰੱਬ ਨੂੰ ਉਸ ਦੇ ਅਸਲੀ ਰੂਪ ਵਿਚ ਵੇਖਿਆ।
ਮੁੱਖ ਪੰਨਾ : ਕਹਾਣੀਆਂ ਤੇ ਹੋਰ ਰਚਨਾਵਾਂ, ਨਾਨਕ ਸਿੰਘ

ਨਾਨਕ ਸਿੰਘ

# ਮੈਂ ਨਿਸ਼ਾਨ ਸਾਹਿਬ ਹਾਂ



ਮੈਂ ਸਭ ਜਾਣਦਾ ਹਾਂ ਕਿ ਇਹ ਸੰਸਾਰ ਕਿੰਨਾ ਸੁਆਰਥੀ ਹੈ, ਅੱਜ ਜਦੋਂ ਮੈਨੂੰ ਲਾਲ ਕਿਲ੍ਹੇ 'ਤੇ ਲਹਿਰਾਇਆ ਗਿਆ ਤਾਂ ਮੇਰੇ 'ਤੇ ਹਜਾਰਾਂ ਦੋਸ਼ ਇਲਜਾਮ ਸਨ। ਪਰ ਕੁੱਝ ਵਕਤ ਪਹਿਲਾਂ ਲਾਕਡਾਊਨ ਦੌਰਾਨ ਲੋਕ ਮੈਨੂੰ ਦੂਰੋਂ ਦੇਖ ਕੇ ਭੱਜੇ ਆਉਂਦੇ ਸੀ, ਕਿਉਂਕਿ ਉਦੋਂ ਪੇਟ ਦੀ ਅੱਗ ਬੁਝਾਉਣ ਲਈ ਲੰਗਰ ਦੀ ਇਕੋ ਇਕ ਉਮੀਦ ਮੈਂ ਹੀ ਸੀ, ਅੱਜ ਵੀ ਮੇਰੇ ਕੋਲ ਲੰਗਰ ਛੱਕ ਕੇ ਮੈਨੂੰ ਤੇ ਮੇਰੇ ਬੱਚਿਆਂ 'ਤੇ ਜ਼ੁਲਮ ਕਰ ਰਹੇ ਨੇ।

ਮੇਰੇ ਵਾਰਿਸਾਂ ਨੇ ਮੁਗਲਾਂ ਤੋਂ ਦੇਸ਼ ਅਜ਼ਾਦ ਮੇਰੀ ਅਗਵਾਈ 'ਚ ਹੋਇਆ, ਉਦੋਂ ਤਾਂ ਤਿਰੰਗੇ ਦਾ ਨਾਮ ਨਿਸ਼ਾਨ ਵੀ ਨਹੀਂ ਸੀ, ਜਦੋਂ ਮੈਂ ਲਾਲ ਕਿਲ੍ਹੇ ਤੋਂ ਝੂਲਦਾ ਸੀ, ਅੱਜ ਵੀ ਮੈਂ ਦੁਨੀਆਂ ਦੇ ਵੱਡੇ-ਵੱਡੇ ਦੇਸ਼ਾਂ ਦੇ ਕੌਮੀ ਝੰਡਿਆਂ ਨਾਲ ਝੂਲਦਾ ਹਾਂ ਤੇ ਉਹ ਲੋਕ ਮਾਣ ਕਰਦੇ ਨੇ ਮੇਰੀ ਹਾਜ਼ਰੀ 'ਤੇ।ਅੰਕ੍ਰਿਤਘਣ ਨਾ ਬਣੋ, ਵਕਤ ਬਦਲਦੇ ਦੇਰ ਨਹੀ ਲੱਗਣੀ, ਮਿਟ ਜਾਉਗੇ ਮੈਨੂੰ ਮਿਟਾਉਂਦੇ, ਮੈਨੂੰ ਜਲਾਉਂਦੇ, ਮੈਂ ਅਜ਼ਾਦ ਹਾਂ, ਅਜ਼ਾਦ ਰਹਾਂਗਾ, ਮੈਂ ਅਕਾਲ ਪੁਰਖ ਦਾ ਨਿਸ਼ਾਨ ਹਾਂ, ਸਦੀਆਂ ਤੋਂ ਵੱਡੇ-ਵੱਡੇ ਆਏ, ਮੈਨੂੰ ਮਿਟਾਉਣ ਵਾਲੇ, ਪਰ ਖੁਦ ਮਿੱਟੀ ਵਿੱਚ ਮਿਲ ਗਏ, ਮੈਂ ਅੱਜ ਵੀ ਅੰਬਰਾਂ ਨੂੰ ਛੋਹਦਾ ਹਾਂ ਤੇ ਰਹਿੰਦੀ ਦੁਨੀਆਂ ਤੱਕ ਐਵੇ ਹੀ ਝੂਲਦਾ ਰਹਾਂਗਾ...ਚੜ੍ਹਦੀ ਕਲਾ, ਹਰ ਮੈਦਾਨ ਫ਼ਤਿਹ।

# ਪਉੜੀਆਂ : ਗੁਰੂ ਅਰਜਨ ਦੇਵ ਜੀ

15. ਤਿਨ ਕੀ ਸੋਭਾ ਕਿਆ ਗਣੀ
ਤਿਨ ਕੀ ਸੋਭਾ ਕਿਆ ਗਣੀ ਜਿਨੀ ਹਰਿ ਹਰਿ ਲਧਾ ॥
ਸਾਧਾ ਸਰਣੀ ਜੋ ਪਵੈ ਸੋ ਛੁਟੈ ਬਧਾ ॥
ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ ॥
ਗੁਰੁ ਭੇਟਿਆ ਪਾਰਬ੍ਰਹਮੁ ਹਰਿ ਪੜਿ ਬੁਝਿ ਸਮਧਾ ॥
ਨਾਨਕ ਪਾਇਆ ਸੋ ਧਣੀ ਹਰਿ ਅਗਮ ਅਗਧਾ ॥10॥

(ਕਿਆ ਗਣੀ=ਕੀ ਬਿਆਨ ਕਰਾਂ,ਬਿਆਨ ਨਹੀਂ ਹੋ ਸਕਦੀ, ਦਧਾ=ਸੜਦਾ, ਭੇਟਿਆ=ਮਿਲਿਆ, ਸਮਧਾ= ਸਮਾਧੀ ਵਾਲਾ,ਟਿਕਾਉ ਵਾਲਾ, ਅਗਮ=ਅਪਹੁੰਚ, ਅਗਧਾ=ਅਗਾਧ,ਅਥਾਹ)

16. ਇਹ ਨੀਸਾਣੀ ਸਾਧ ਕੀ
ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥
ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥
ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥
ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥
ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥11॥

(ਇਹ ਨਿਸਾਣੀ=ਇਹ ਨਿਸ਼ਾਨੀ, ਜਿਸੁ ਭੇਟਤ=ਜਿਸ ਨੂੰ ਮਿਲਿਆਂ, ਕੰਕਰੁ=ਕਿੰਕਰ,ਦਾਸ, ਬਹੁੜਿ=ਮੁੜ, ਬਿਖੁ=ਜ਼ਹਿਰ, ਗੁੰਫਹੁ=ਗੁੰਦੋ, ਪਰਹਰੀਐ=ਦੂਰ ਹੋ ਜਾਂਦੀ ਹੈ, ਨਰਹਰੀਐ=ਨਰਹਰਿ,ਕਰਤਾਰ)

# ਓਲੰਪੀਅਨਾਂ ਦੀ ਓਲੰਪੀਅਨ

# ਪਹਿਲਵਾਨ ਵਿਨੇਸ਼ ਫੋਗਾਟ



ਵਿਨੇਸ਼ ਫੋਗਾਟ ਓਲੰਪਿਕ ਚੈਂਪੀਅਨ ਬਣ ਰਹੀ ਸੀ। ਅਫਸੋਸ ਕਿ ਬਣਦੀ ਬਣਦੀ ਰਹਿ ਗਈ। ਸੈਮੀ ਫਾਈਨਲ ਜਿੱਤ ਕੇ ਵੀ ਉਸ ਨੂੰ ਕੋਈ ਮੈਡਲ ਨਾ ਮਿਲਿਆ। ਉਹਦੇ ਨਾਲ ਜੱਗੋਂ ਤੇਰ੍ਹਵੀਂ ਹੋਈ। ਦੇਸ਼ਵਾਸੀ ਤਾਂ ਕੀ ਵਿਦੇਸ਼ੀ ਵੀ ਕਹਿੰਦੇ ਹਨ ਕਿ ਵਿਨੇਸ਼ ਨਾਲ ਡਾਢਾ ਅਨਿਆਂ ਹੋਇਆ। ਕੋਈ ਇਹਦੇ ਪਿੱਛੇ ਸਾਜ਼ਿਸ਼ ਦੱਸ ਰਿਹੈ, ਕੋਈ ਉਹਦੇ ਵੱਲੋਂ ਲੜੇ ਜੁਝਾਰੂ ਸੰਘਰਸ਼ ਦਾ ਬਦਲਾ। ਆਮ ਲੋਕਾਂ ਦੀਆਂ ਨਜ਼ਰਾਂ 'ਚ ਉਹ ਫਿਰ ਵੀ ਓਲੰਪੀਅਨਾਂ ਦੀ ਓਲੰਪੀਅਨ ਤੇ ਚੈਂਪੀਅਨਾਂ ਦੀ ਚੈਂਪੀਅਨ ਹੈ। ਇਹ ਵੱਖਰੀ ਗੱਲ ਹੈ ਕਿ 50 ਕਿਲੋ ਤੋਂ 100 ਗਰਾਮ ਵੱਧ ਨਹੀਂ, ਸਿਰਫ 50 ਗਰਾਮ ਵਾਧੂ ਵਜ਼ਨ ਨੇ ਉਸ ਨੂੰ ਓਲੰਪਿਕ ਖੇਡਾਂ ਦੇ ਮੈਡਲ ਤੋਂ ਮਹਿਰੂਮ ਕਰਵਾ ਦਿੱਤਾ!

ਨਿਯਮਾਂ ਅਨੁਸਾਰ 50 ਗਰਾਮ ਤੱਕ ਵਧੇ ਵਜ਼ਨ ਦੀ ਛੋਟ ਸੀ। ਉਹ ਭਾਰਤ ਲਈ ਕੁਸ਼ਤੀ ਦਾ ਪਹਿਲਾ ਗੋਲਡ ਮੈਡਲ ਜਿੱਤਣ ਵਾਲੀ ਸੀ। ਚਾਰ ਵਾਰ ਦੀ ਵਿਸ਼ਵ ਜੇਤੂ, ਟੋਕੀਓ ਦੀ ਓਲੰਪਿਕ ਚੈਂਪੀਅਨ ਜਪਾਨ ਦੀ ਸਜ਼ੂਕੀ ਨੂੰ ਉਸ ਨੇ ਪ੍ਰੀ ਕੁਆਟਰ ਮੁਕਾਬਲੇ 'ਚ ਹਰਾ ਦਿੱਤਾ ਸੀ। ਪ੍ਰੀ ਕੁਆਟਰ, ਕੁਆਟਰ ਫਾਈਨਲ ਤੇ ਸੈਮੀ ਫਾਈਨਲ ਮੁਕਾਬਲਾ 49 ਕਿਲੋ 900 ਗਰਾਮ ਦੇ ਸਹੀ ਵਜ਼ਨ ਨਾਲ ਜਿੱਤ ਕੇ ਉਹ ਸਿਲਵਰ ਮੈਡਲ ਲਈ ਕੁਆਲੀਫਾਈ ਕਰ ਗਈ ਸੀ। ਪਰ ਫਾਈਨਲ ਮੁਕਾਬਲੇ ਤੋਂ ਪਹਿਲਾਂ ਜੋਖੇ ਵਜ਼ਨ ਵਿਚ 50 ਗਰਾਮ ਦੇ ਵਾਧੂ ਭਾਰ ਦੀ ਸਜ਼ਾ ਏਡੀ ਮਿਲੀ ਕਿ ਉਸ ਨੂੰ ਡਿਸਕੁਆਲੀਫਾਈ ਕਰ ਕੇ ਸਭ ਤੋਂ ਥੱਲੇ ਲਾ ਦਿੱਤਾ ਗਿਆ। ਜਿਸ ਪਹਿਲਵਾਨ ਨੂੰ ਉਸ ਨੇ ਸੈਮੀ ਫਾਈਨਲ ਵਿਚ ਹਰਾਇਆ ਸੀ ਉਸ ਨਾਲ ਹੀ ਸਿਲਵਰ ਮੈਡਲ ਸਾਂਝਾ ਕਰਨ ਲਈ ਕੀਤੀ ਉਸ ਦੀ ਅਪੀਲ ਵੀ ਰੱਦ ਕਰ ਦਿੱਤੀ ਗਈ। ਸੋਚੋ ਉਹਦੇ ਦਿਲ 'ਤੇ ਕੀ ਬੀਤੀ ਹੋਵੇਗੀ?

ਉਸ ਨੇ ਆਪਣੀ ਮਾਂ ਨੂੰ ਲਿਖਿਆ, "ਮਾਂ, ਕੁਸ਼ਤੀ ਜਿੱਤ ਗਈ, ਮੈਂ ਹਾਰ ਗਈ। ਕ੍ਰਿਪਾ ਕਰ ਕੇ ਮੈਨੂੰ ਮੁਆਫ਼ ਕਰ ਦਿਓ। ਤੁਹਾਡੇ ਸੁਪਨੇ ਤੇ ਮੇਰੀ ਹਿੰਮਤ, ਸਭ ਕੁਝ ਟੁੱਟ ਗਿਆ। ਮੇਰੇ ਕੋਲ ਹੁਣ ਹੋਰ ਤਾਕਤ ਨਹੀਂ ਬਚੀ। ਕੁਸ਼ਤੀ 2001-2024 ਨੂੰ ਅਲਵਿਦਾ! ਮੈਂ ਤੁਹਾਡੀ ਸਾਰਿਆਂ ਦੀ ਸ਼ੁਕਰਗੁਜ਼ਾਰ ਰਹਾਂਗੀ। ਮੈਨੂੰ ਮੁਆਫ਼ ਕਰ ਦਿਓ।"

ਏਧਰ ਮੀਡੀਆ ਖ਼ਬਰਾਂ ਪ੍ਰਸਾਰਿਤ ਕਰ ਰਿਹਾ ਸੀ: ਪੈਰਿਸ ਓਲੰਪਿਕ ਵਿਚ 7 ਅਗੱਸਤ ਨੂੰ ਜਦੋਂ ਕਰੋੜਾਂ ਭਾਰਤਵਾਸੀ ਕੁਸ਼ਤੀ 'ਚ ਪਹਿਲੇ ਗੋਲਡ ਮੈਡਲ ਦੀ ਉਡੀਕ ਕਰ ਰਹੇ ਸਨ ਤਾਂ ਭਾਰਤੀ ਖੇਡ ਇਤਿਹਾਸ ਦੀ ਸਭ ਤੋਂ ਸੰਵੇਦਨਸ਼ੀਲ ਤੇ ਸ਼ੱਕ ਭਰਪੂਰ ਘਟਨਾ ਨੇ ਪੂਰਾ ਦੇਸ਼ ਝੰਜੋੜ ਕੇ ਰੱਖ ਦਿੱਤਾ। 50 ਕਿਲੋ ਵਜ਼ਨ ਵਰਗ ਦੇ ਫਾਈਨਲ ਵਿਚ ਪੁੱਜੀ ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਨੂੰ 50 ਗਰਾਮ ਵਜ਼ਨ ਵੱਧ ਹੋਣ ਕਰਕੇ ਅਯੋਗ ਕਰਾਰ ਦੇ ਦਿੱਤਾ ਗਿਆ। ਵਿਨੇਸ਼ ਲਈ ਇਸ ਸਦਮੇ 'ਚੋਂ ਉਭਰਨਾ ਸੌਖਾ ਨਹੀਂ ਹੋਵੇਗਾ। ਰੀਓ ਦੀਆਂ ਓਲੰਪਿਕ ਖੇਡਾਂ-2016 ਵਿਚ ਵੀ ਉਹ ਮੈਡਲ ਜਿੱਤਦੀ ਜਿੱਤਦੀ ਸੱਟ ਖਾ ਬੈਠੀ ਸੀ ਜਿਸ ਕਰਕੇ ਮੁਕਾਬਲੇ ਤੋਂ ਬਾਹਰ ਹੋ ਗਈ ਸੀ। ਪਰ ਪੈਰਿਸ ਵਿਚ...।



ਪ੍ਰਿੰਸੀਪਲ ਸਰਵਣ ਸਿੰਘ

ਭਾਰਤ ਪਰਤ ਕੇ ਕੁਝ ਸਮਾਂ ਉਹ ਕੁਝ ਵੀ ਨਹੀਂ ਸੀ ਬੋਲ ਸਕੀ। ਫਿਰ 'ਆਪਣਿਆਂ' ਨੂੰ ਆਇਆਂ ਵੇਖ ਕੇ ਉਹਦੀ ਹਿੱਕ 'ਚੋਂ ਨਿਕਲੇ ਹਉਕੇ ਤੇ ਅੱਖਾਂ 'ਚੋਂ ਡੁੱਲ੍ਹਦੇ ਹੰਝੂ ਹੀ ਉਹਦੀ ਜ਼ੁਬਾਨ ਬਣੇ ਜਿਨ੍ਹਾਂ ਨਾਲ ਉਹਦੇ ਸਵਾਗਤ ਲਈ ਆਏ ਲੋਕਾਂ ਦੀਆਂ ਅੱਖਾਂ ਵਿਚ ਵੀ ਅੱਥਰੂ ਛਲਕ ਪਏ। ਬਾਅਦ ਵਿਚ ਉਸ ਨੇ ਕੇਵਲ ਏਨਾ ਕਿਹਾ: ਠੀਕ ਸਮਾਂ ਆਇਆ ਤਾਂ ਮੈਂ ਜ਼ਰੂਰ ਬੋਲਾਂਗੀ। 6 ਅਗੱਸਤ ਦੀ ਰਾਤ ਤੇ 7 ਅਗੱਸਤ ਦੀ ਸਵੇਰ ਮੇਰੇ ਲਈ ਕਹਿਰ ਦਾ ਸਮਾਂ ਸੀ। ਮੈਂ ਇੰਨਾ ਹੀ ਆਖਾਂਗੀ ਕਿ ਮੈਂ ਹੌਂਸਲਾ ਨਹੀਂ ਛੱਡਿਆ। ਮੈਂ ਝੁਕੀ ਨਹੀਂ। ਨਾ ਹੀ ਡੋਲੀ ਹਾਂ। ਸਾਡੇ ਯਤਨ ਜਾਰੀ ਰਹਿਣਗੇ। ਪਰ ਘੜੀ ਹੀ ਰੁਕ ਗਈ ਸੀ ਤੇ ਸਮਾਂ ਮੇਰੇ ਨਾਲ ਨਹੀਂ ਸੀ। ਇਹੋ ਮੇਰੀ ਤਕਦੀਰ ਸੀ। ਮੇਰੀ ਟੀਮ, ਮੇਰੇ ਦੇਸ਼ ਵਾਸੀ ਤੇ ਮੇਰਾ ਪਰਿਵਾਰ, ਮੈਂ ਸਭਨਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਮਕਸਦ, ਮੇਰਾ ਨਿਸ਼ਾਨਾ, ਮੇਰੀ ਮੰਜ਼ਿਲ ਅਜੇ ਨਹੀਂ ਆਈ। ਹਾਲਾਤ ਹਰ ਸਮੇਂ ਇਕੋ ਜਿਹੇ ਨਹੀਂ ਰਹਿੰਦੇ। ਹਾਲਾਤ ਬਦਲੇ ਤਾਂ ਹੋ ਸਕਦੈ ਮੈਂ 2032 ਤੱਕ ਵੀ ਕੁਸ਼ਤੀ ਕਰ ਸਕਾਂ ਕਿਉਂਕਿ ਮੇਰੇ ਅੰਦਰ ਕੁਸ਼ਤੀ ਲਈ ਜੋ ਅੱਗ ਬਲਦੀ ਹੈ ਉਹ ਬੁਝਣ ਵਾਲੀ ਨਹੀਂ।

ਪਹਿਲਾਂ ਓਲੰਪਿਕ ਖੇਡਾਂ ਵਿਚ ਕੁਸ਼ਤੀਆਂ ਦੇ ਦਸ ਵਜ਼ਨ ਹੁੰਦੇ ਸਨ। ਇਕੋ ਵਾਰ ਵਜ਼ਨ ਤੁਲਵਾ ਕੇ ਫਾਈਨਲ ਤਕ ਕੁਸ਼ਤੀਆਂ ਕਰਵਾ ਲਈਆਂ ਜਾਂਦੀਆਂ ਸਨ। ਪਰ ਪੈਰਿਸ ਵਿਚ ਕੁਸ਼ਤੀਆਂ ਦੇ ਛੇ ਵਜ਼ਨ ਹੀ ਸਨ। 50, 53, 57, 62, 68 ਤੇ 76 ਕਿਲੋ। ਵਿਨੇਸ਼ ਨੇ 2014 ਦੀਆਂ ਏਸ਼ਿਆਈ ਖੇਡਾਂ ਵਿਚੋਂ 48 ਕਿਲੋ ਵਜ਼ਨ ਦਾ ਬਰਾਂਜ਼ ਮੈਡਲ ਜਿੱਤਿਆ ਸੀ। ਉਸੇ ਸਾਲ 48 ਕਿਲੋ ਵਜ਼ਨ 'ਚੋਂ ਕਾਮਨਵੈਲਥ ਖੇਡਾਂ ਦਾ ਗੋਲਡ ਮੈਡਲ ਜਿੱਤਿਆ। 48 ਕਿਲੋ ਵਿਚ ਹੀ ਦੋਹਾ ਦੀ ਏਸ਼ੀਅਨ ਚੈਂਪੀਅਨਸ਼ਿਪ ਜਿੱਤੀ। 50 ਕਿਲੋ ਵਜ਼ਨ ਵਿਚ ਜਕਾਰਤਾ-2018 ਦੀਆਂ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। 50 ਕਿਲੋ ਵਿਚ ਹੀ ਗੋਲਡ ਕੋਸਟ ਦੀਆਂ ਕਾਮਨਵੈਲਥ ਖੇਡਾਂ ਦਾ ਗੋਲਡ ਮੈਡਲ ਮਾਰਿਆ।

ਪਰ ਵਿਨੇਸ਼ ਦੀਆਂ ਵਧੇਰੇ ਜਿੱਤਾਂ 53 ਕਿਲੋ ਵਜ਼ਨ ਵਰਗ ਦੀਆਂ ਹਨ। ਮਸਲਨ ਵਰਲਡ ਚੈਂਪੀਅਨਸ਼ਿਪ 2019 ਤੇ 2022 ਵਿਚੋਂ ਉਸ ਨੇ 53 ਕਿਲੋ ਵਜ਼ਨ ਦੇ ਦੋ ਬਰਾਂਜ਼ ਮੈਡਲ ਜਿੱਤੇ। 2022 ਵਿਚ ਬਰਮਿੰਘਮ ਦੀਆਂ ਕਾਮਨਵੈਲਥ ਖੇਡਾਂ ਵਿੱਚੋਂ 53 ਕਿਲੋ ਦਾ ਗੋਲਡ ਮੈਡਲ ਜਿੱਤਿਆ। 53 ਕਿਲੋ ਨਾਲ ਉਸ ਨੇ ਹੋਰ ਵੀ ਮਹਾਂਦੀਪੀ ਚੈਂਪੀਅਨਸ਼ਿਪਾਂ ਜਿੱਤੀਆਂ। ਟੋਕੀਓ ਓਲੰਪਿਕ ਖੇਡਾਂ-2021 ਵਿਚ ਵੀ ਉਸ ਨੇ 53 ਕਿਲੋ ਵਜ਼ਨ 'ਚ ਹੀ ਭਾਗ ਲਿਆ ਸੀ। ਇਸੇ ਕਰਕੇ ਉਹ ਪੈਰਿਸ ਦੀਆਂ ਓਲਪਿਕ ਖੇਡਾਂ ਵਿਚ ਵੀ 53 ਕਿਲੋ 'ਚ ਭਾਗ ਲੈਣਾ ਚਾਹੁੰਦੀ ਸੀ ਪਰ ਭਾਰਤੀ ਕੁਸ਼ਤੀ ਸੰਘ ਨੇ ਉਸ ਵਜ਼ਨ ਲਈ ਵਿਨੇਸ਼ ਦੇ ਟਰਾਇਲ ਨਾ ਲਏ। ਸੰਘ ਨੇ ਵਿਸ਼ਵ ਚੈਂਪੀਅਨਸ਼ਿਪ 'ਚੋਂ ਬਰਾਜ਼ ਮੈਡਲ ਜਿੱਤੀ ਅੰਤਮ ਪੰਗਾਲ ਨੂੰ ਹੀ 53 ਕਿਲੋ ਦੀ ਕੁਸ਼ਤੀ ਲਈ ਚੁਣ ਲਿਆ। ਪਰ ਪੰਗਾਲ ਉਮੀਦਾਂ 'ਤੇ ਖਰੀ ਨਾ ਉੱਤਰ ਸਕੀ। ਉਲਟਾ ਆਪਣਾ ਸ਼ਨਾਖ਼ਤੀ ਕਾਰਡ ਆਪਣੀ ਭੈਣ ਨੂੰ ਦੇਣ ਕਰਕੇ ਦੇਸ਼ ਦੀ ਬਦਨਾਮੀ ਦਾ ਕਾਰਨ ਬਣੀ।

ਵਿਨੇਸ਼ ਨੇ ਕੁਸ਼ਤੀ ਸੰਘ ਮੂਹਰੇ ਕੋਈ ਚਾਰਾ ਨਾ ਚਲਦਾ ਵੇਖ ਆਪਣਾ ਵਜ਼ਨ ਬੜੀ ਮੁਸ਼ਕਿਲ ਨਾਲ ਘਟਾਇਆ ਤੇ 50 ਕਿਲੋ ਦੇ ਟਰਾਇਲ ਜਿੱਤ ਕੇ ਓਲੰਪਿਕ ਲਈ ਭਾਰਤੀ ਟੀਮ ਵਿਚ ਥਾਂ ਬਣਾਈ। ਭਾਰ ਘਟਾਉਣ ਲਈ ਉਹ ਡਾ.ਤੇਜਿੰਦਰ ਕੌਰ ਦੀ ਧੰਨਵਾਦੀ ਹੈ। 53 ਕਿਲੋ 'ਚ ਅੰਤਮ ਪੰਗਾਲ ਪਹਿਲੀ ਕੁਸ਼ਤੀ ਵਿੱਚ ਹੀ 0-10 ਅੰਕਾਂ ਨਾਲ ਹਾਰ ਕੇ ਮੁਕਾਬਲੇ 'ਚੋਂ ਬਾਹਰ ਹੋ ਗਈ ਪਰ ਵਿਨੇਸ਼ ਮਜ਼ਬੂਰੀ ਵੱਸ ਚੁਣੇ 50 ਕਿਲੋ ਵਜ਼ਨ ਵਰਗ ਦੇ ਫਾਈਨਲ ਮੁਕਾਬਲੇ 'ਚ ਪੁੱਜ ਗਈ। ਵਿਨੇਸ਼ ਪੂਰੇ ਅਨੁਸ਼ਾਸ਼ਨ ਵਿਚ ਰਹੀ ਜਦ ਕਿ ਅੰਤਮ ਪੰਗਾਲ ਨੂੰ ਅਨੁਸ਼ਾਸ਼ਨ ਭੰਗ ਕਰਨ 'ਤੇ ਉਸੇ ਵੇਲੇ ਓਲੰਪਿਕ ਪਿੰਡ 'ਚੋਂ ਕੱਢ ਕੇ ਜਹਾਜ਼ ਚੜ੍ਹਾ ਦਿੱਤਾ ਗਿਆ। ਵਿਨੇਸ਼ ਦੀਆਂ ਕੁਸ਼ਤੀਆਂ ਬੇਸ਼ੱਕ 7 ਅਗਸਤ ਨੂੰ ਖ਼ਤਮ ਹੋ ਗਈਆਂ ਸਨ ਪਰ ਉਸ ਨੂੰ 16 ਅਗੱਸਤ ਤੋਂ ਪਹਿਲਾਂ ਜਹਾਜ਼ ਨਾ ਚੜ੍ਹਾਇਆ ਗਿਆ ਕਿ ਵਿਨੇਸ਼ ਦੇ ਸਵਾਗਤ ਦੀਆਂ ਖ਼ਬਰਾਂ ਨਾਲ ਕਿਤੇ 15 ਅਗਸਤ ਦੇ ਭਾਸ਼ਨ ਦੀਆਂ ਖ਼ਬਰਾਂ ਫਿੱਕੀਆਂ ਨਾ ਪੈ ਜਾਣ! 17 ਅਗੱਸਤ ਨੂੰ ਉਹ ਪੈਰਿਸ ਤੋਂ ਦਿੱਲੀ ਪਰਤੀ ਤਾਂ ਉਸ ਦਾ ਅਜਿਹਾ ਸਵਾਗਤ ਹੋਇਆ ਜਿਹੋ ਜਿਹਾ ਪਹਿਲਾਂ ਕਿਸੇ ਖਿਡਾਰੀ ਦਾ ਨਹੀਂ ਸੀ ਹੋਇਆ। ਲੋਕਾਂ ਨੇ ਉਸ ਨੂੰ ਓਲੰਪਿਕ ਖੇਡਾਂ ਦੇ ਗੋਲਡ ਮੈਡਲਿਸਟ ਤੋਂ ਵੀ ਵੱਧ ਕਰੋੜਾਂ ਰੁਪਈਆਂ ਦੇ 'ਲੋਕ ਸਨਮਾਨ' ਦਿੱਤੇ। 25 ਅਗੱਸਤ ਉਹਦਾ ਜਨਮ ਦਿਵਸ ਹੈ ਜਿਸ ਦੀਆਂ ਹਾਰਦਿਕ ਮੁਬਾਰਕਾਂ! ਹੋ ਸਕਦੈ ਭਾਰਤ ਦੀਆਂ ਜਾਈਆਂ 25 ਅਗੱਸਤ ਦਾ ਦਿਨ ਧੀਆਂ ਦੇ ਖੇਡ ਦਿਵਸ ਵਜੋਂ ਹੀ ਮਨਾਉਣ ਲੱਗ ਪੈਣ!

ਵਿਨੇਸ਼ ਫੋਗਾਟ ਹਰਿਆਣੇ ਦਾ ਮਾਣ ਤੇ ਭਾਰਤ ਦੀ ਸ਼ਾਨ ਹੈ। ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ, ਏਸ਼ਿਆਈ ਚੈਂਪੀਅਨਸ਼ਿਪਾਂ ਤੇ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ 5 ਗੋਲਡ, 3 ਸਿਲਵਰ ਤੇ 7 ਬਰਾਂਜ਼ ਮੈਡਲਾਂ ਸਣੇ ਭਾਰਤ ਲਈ 15 ਮੈਡਲ ਜਿੱਤਣ ਵਾਲੀ ਇਸ ਲੜਕੀ ਦਾ ਜਨਮ ਹਰਿਆਣੇ ਦੇ ਪਿੰਡ ਬਲਾਲੀ ਵਿਚ 25 ਅਗੱਸਤ 1994 ਨੂੰ ਕਿਸਾਨ ਪਰਿਵਾਰ 'ਚ ਹੋਇਆ ਸੀ। ਰੀਓ-2016, ਟੋਕੀਓ- 2021 ਤੇ ਪੈਰਿਸ-2024 ਦੀਆਂ ਓਲੰਪਿਕ ਖੇਡਾਂ 'ਚੋਂ ਭਾਵੇਂ ਉਸ ਨੂੰ ਕੋਈ ਮੈਡਲ ਨਹੀਂ ਮਿਲ ਸਕਿਆ ਫਿਰ ਵੀ ਉਹ ਸਭ ਤੋਂ ਵੱਧ ਚਰਚਿਤ ਓਲੰਪੀਅਨ ਹੈ।

ਵਿਨੇਸ਼ ਦੇ ਸਿਰੜੀ ਸੰਘਰਸ਼ ਦੀ ਗਾਥਾ ਜੱਗੋਂ ਨਿਆਰੀ ਹੈ। ਉਸ ਦਾ ਪਿਤਾ ਰਾਜਪਾਲ ਨਿਮਨ ਕਿਸਾਨ ਸੀ ਜੋ ਹਰਿਆਣਾ ਰੋਡਵੇਜ਼ ਦਾ ਬੱਸ ਡਰਾਈਵਰ ਬਣਿਆ। ਉਸ ਦੀ ਮਾਂ ਪ੍ਰੇਮ ਲਤਾ ਘਰੇਲੂ ਸੁਆਣੀ ਰਹੀ। ਫੋਗਾਟ ਜੋੜੇ ਦੇ ਤਿੰਨ ਧੀਆਂ ਪੁੱਤਰ ਹਨ, ਪ੍ਰੀਅੰਕਾ, ਹਰਵਿੰਦਰ ਤੇ ਵਿਨੇਸ਼। ਬਚਪਨ 'ਚ ਵਿਨੇਸ਼ ਦੀ ਰੀਝ ਸੀ ਕਿ ਮੇਰੇ ਵਾਲ਼ ਲੰਮੇ ਹੋਣ, ਹੱਥ 'ਚ ਮੋਬਾਈਲ ਹੋਵੇ ਤੇ ਮੈਂ ਹਵਾਈ ਜਹਾਜ਼ਾਂ ਦੀ ਸਵਾਰ ਬਣਾਂ। ਹੋਣੀ ਦੀ ਮਾਰ ਕਿ ਉਹ ਨੌਂ ਸਾਲਾਂ ਦੀ ਹੀ ਸੀ ਕਿ ਉਸ ਦਾ ਪਿਤਾ ਵੱਟ-ਬੰਨੇ ਦੇ ਝਗੜੇ 'ਚ ਮਾਰਿਆ ਗਿਆ। ਵਿਧਵਾ ਮਾਂ ਤਿੰਨ ਬੱਚਿਆਂ ਦੀ ਪਾਲਣਾ ਦਾ ਭਾਰ ਚੁੱਕੀ ਕੈਂਸਰ ਦੀ ਤੀਜੀ ਸਟੇਜ ਨੂੰ ਜਾ ਢੁੱਕੀ। ਬੱਚਿਆਂ ਦੇ ਤਾਊ ਮਹਾਵੀਰ ਸਿੰਘ ਤੇ ਉਹਦੀ ਪਤਨੀ ਦਇਆ ਕੌਰ ਦੇ ਆਪਣੇ ਪੰਜ ਬੱਚੇ ਸਨ, ਚਾਰ ਧੀਆਂ ਤੇ ਇੱਕ ਪੁੱਤਰ। ਮਹਾਂਵੀਰ ਸਿੰਘ ਨੂੰ ਹੀ ਆਪਣੇ ਛੋਟੇ ਭਰਾ ਦੀਆਂ ਦੋ ਧੀਆਂ ਤੇ ਇਕ ਪੁੱਤਰ ਦਾ ਆਸਰਾ ਬਣਨਾ ਪਿਆ। ਮਹਾਂਵੀਰ ਨੇ ਆਪਣੀਆਂ ਧੀਆਂ ਨਾਲ ਭਤੀਜੀਆਂ ਨੂੰ ਵੀ ਪਹਿਲਵਾਨੀ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ। ਇਹ ਬੇਹੱਦ ਕਠਨ ਕਾਰਜ ਸੀ। ਹਰਿਆਣੇ ਦਾ ਜਾਟ ਸਭਿਆਚਾਰ ਮਰਦਾਂ ਦੀ ਕੁਸ਼ਤੀ ਨੂੰ ਤਾਂ ਸਲਾਹੁੰਦਾ ਸੀ ਪਰ ਔਰਤਾਂ ਦੀ ਕੁਸ਼ਤੀ ਨੂੰ ਉੱਕਾ ਨਹੀਂ ਸੀ ਜਰਦਾ। ਉਲਟਾ ਤਾਅਨੇ ਮਿਹਣੇ ਮਾਰਦਾ ਸੀ। ਪਰ ਭਾਈਚਾਰੇ ਦੇ ਬੋਲ ਕਬੋਲ ਸੁਣਦਿਆਂ ਵੀ ਮਹਾਵੀਰ ਸਿੰਘ ਨੇ ਕੁੜੀਆਂ ਨੂੰ ਕੁਸ਼ਤੀਆਂ ਦੀ ਸਿਖਲਾਈ ਦੇਣ ਦਾ ਧਰਮ ਨਿਭਾਇਆ ਤੇ ਫੋਗਾਟ ਧੀਆਂ ਨੂੰ ਦੇਸ਼ ਵਿਦੇਸ਼ ਦੇ ਕੁਸ਼ਤੀ ਅਖਾੜਿਆਂ ਵਿਚ ਘੁਲਣ ਜੋਗੀਆਂ ਬਣਾਇਆ। ਗੀਤਾ, ਬਬੀਤਾ, ਪ੍ਰਿਅੰਕਾ ਤੇ ਵਿਨੇਸ਼ ਨੇ ਅਨੇਕ ਅੰਤਰਰਾਸ਼ਟਰੀ ਕੁਸ਼ਤੀ ਮੁਕਾਬਲੇ ਜਿੱਤੇ ਜਿਨ੍ਹਾਂ ਨਾਲ ਦੇਸ਼ ਦਾ ਮਾਣ ਵਧਿਆ। ਉਨ੍ਹਾਂ ਦੀ ਰੀਸ ਨਾਲ ਹੋਰ ਲੜਕੀਆਂ ਵੀ ਕੁਸ਼ਤੀਆਂ ਦੇ ਰਾਹ ਪਈਆਂ। ਪਹਿਲਾਂ ਏਸ਼ੀਆ ਦਾ ਚੈਂਪੀਅਨ ਪਹਿਲਵਾਨ ਚੰਦਗੀ ਰਾਮ ਵੀ ਅਪਣੀਆਂ ਧੀਆਂ ਨੂੰ ਕੁਸ਼ਤੀ ਦੇ ਅਖਾੜਿਆਂ ਵਿਚ ਲਿਆਇਆ ਸੀ। ਫਿਰ ਫੋਕਟ ਭੈਣਾਂ ਦੇ ਕੁਸ਼ਤੀ 'ਚ ਆਉਣ ਨਾਲ ਹਰਿਆਣਾ ਔਰਤਾਂ ਦੀਆਂ ਕੁਸ਼ਤੀਆਂ ਦੀ ਹੱਬ ਬਣ ਗਿਆ। ਹੁਣ ਹਰਿਆਣਾ ਤੇ ਪੰਜਾਬ ਹੀ ਹਨ ਜੋ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ 'ਚੋਂ ਭਾਰਤ ਲਈ ਵਧੇਰੇ ਮੈਡਲ ਜਿੱਤਦੇ ਹਨ। ਇਹ ਦੱਸਣਾ ਵੀ ਵਾਜ਼ਬ ਹੋਵੇਗਾ ਕਿ ਵਧੇਰੇ ਖਿਡਾਰੀ ਕਿਰਤੀਆਂ ਤੇ ਕਿਸਾਨ ਘਰਾਂ ਦੇ ਜਾਏ ਹੁੰਦੇ ਹਨ।

ਹੁਣ ਫੇਰ ਵਿਨੇਸ਼ ਨਾਲ ਹਮਦਰਦੀ ਦੀ ਲੋਕ ਲਹਿਰ ਚੱਲ ਪਈ ਹੈ। ਭਾਰਤ ਦੇ ਕਰੋੜਾਂ ਲੋਕ ਉਸ ਨਾਲ ਆ ਖੜ੍ਹੇ ਹਨ। ਭਾਰਤੀ ਕੁਸ਼ਤੀ ਸੰਘ ਦੇ ਹੰਕਾਰੀ ਪ੍ਰਧਾਨ ਵੱਲੋਂ ਪਹਿਲਵਾਨ ਬੀਬੀਆਂ ਨਾਲ ਕੀਤੇ ਦੁਰਵਿਹਾਰ ਵਿਰੁੱਧ ਵਿਨੇਸ਼ ਤੇ ਉਹਦੇ ਸਾਥੀਆਂ ਵੱਲੋਂ ਲੜੇ ਜੁਝਾਰੂ ਸੰਘਰਸ਼ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਵਾਰਦਾਤਾਂ ਮੁੜ ਯਾਦ ਆ ਗਈਆਂ ਹਨ। ਕਿਵੇਂ ਉਸ ਨੂੰ ਤੇ ਉਹਦੀਆਂ ਸਾਥਣਾਂ ਨੂੰ ਜੰਤਰ ਮੰਤਰ 'ਤੇ ਖੱਜਲ ਖੁਆਰ ਕੀਤਾ ਗਿਆ ਤੇ ਮਰਦਾਨਾ ਪੁਲਿਸ ਨੇ ਉਸ ਨੂੰ ਤੇ ਓਲੰਪਿਕ ਖੇਡਾਂ ਦੀ ਤਗ਼ਮਾ ਜੇਤੂ ਸਾਕਸ਼ੀ ਮਲਕ ਨੂੰ ਦਿੱਲੀ ਦੀਆਂ ਸੜਕਾਂ 'ਤੇ ਘੜੀਸਿਆ। ਧੱਕੜਾਂ ਦੇ ਧੱਕੇ ਵਿਰੁੱਧ ਆਮ ਲੋਕਾਂ ਦੀ ਦੱਬਿਆਂ ਲਤਾੜਿਆਂ ਨਾਲ ਹਮਦਰਦੀ ਹੋਣੀ ਹੀ ਸੀ। ਹਮਦਰਦੀ ਦੀ ਇਸ ਲਹਿਰ ਵਿਚ ਵਿਨੇਸ਼ ਫੋਗਾਟ ਨੂੰ ਲੋਕਾਂ ਵੱਲੋਂ ਮਿਲ ਰਹੇ ਮਾਨ ਸਨਮਾਨਾਂ ਦਾ ਸੱਚੀਓਂ ਕੋਈ ਹੱਦ ਬੰਨਾ ਨਹੀਂ ਰਿਹਾ। ਖ਼ਬਰਾਂ ਹਨ ਕਿ ਦੇਸੀ ਘਿਓ ਦੇ ਪੀਪੇ, ਡਰਾਈ ਫਰੂਟਾਂ ਦੇ ਬੋਰੇ




ਪਗੜੀ ... ਆਂ, ਗੁਰਜਾਂ, ... ਸੋਨ ... ਮੈਡਲ, ਦੋ ... ਏਕੜ ਜ਼ਮੀਨ ਤੇ ਕਰੋੜਾਂ ... ਰੁਪਏ ਦੇ ਨਕਦ ਸਨਮਾਨ ਤਾਂ ਮਿਲ ਵੀ ਚੁੱਕੇ ਹਨ। ... ਅਜੇ ਕਿਹੜਾ ਬੱਸ ਹੈ?

ਬੇਸ਼ੱਕ ਸੋਨੇ, ਜ਼ਮੀਨ ਤੇ ਰੁਪਿਆਂ ਦੀ ਹੁਣ ਸਾਡੀ ਧੀ ਨੂੰ ਲੋੜ ਨਹੀਂ, ਸਿਰ 'ਤੇ ਅਸ਼ੀਰਵਾਦੀ ਹੱਥ ਰੱਖਣ ਦੀ ਹੈ। ਫਿਰ ਵੀ ਪਰਵਾਸੀ ਪੰਜਾਬੀ ਖੇਡ ਪ੍ਰਮੋਟਰ ਸਿਰ 'ਤੇ ਹੱਥ ਰੱਖਦੇ ਹੋਏ, ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਨੇੜੇ ਮਨਾਏ ਜਾਂਦੇ 'ਪੁਰੇਵਾਲ ਖੇਡ ਮੇਲੇ' ਵਿਚ ਬੀਬੀ ਵਿਨੇਸ਼ ਦਾ ਵਿਲੱਖਣ ਸਨਮਾਨ ਕਰਨਗੇ। ਉਸ ਵਿਚ ਮੈਨੂੰ ਮਿਲਿਆ 'ਖੇਡ ਰਤਨ ਅਵਾਰਡ' ਦਾ ਗੋਲਡ ਮੈਡਲ ਵੀ ਜੁਝਾਰੂ ਧੀ ਨੂੰ ਅਰਪਿਤ ਹੋਵੇਗਾ। 'ਪੇਂਡੂ ਓਲੰਪਿਕ' ਵਜੋਂ ਜਾਣੇ ਜਾਂਦੇ ਪੁਰੇਵਾਲ ਖੇਡ ਮੇਲੇ 'ਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਪਹਿਲਾਂ ਤੋਂ ਹੁੰਦੀਆਂ ਆ ਰਹੀਆਂ ਹਨ। ਓਲੰਪਿਕ ਚੈਂਪੀਅਨ ਡੇਨੀਅਲ ਇਗਾਲੀ, ਓਲੰਪਿਕ ਮੈਡਲਿਸਟ ਸੁਸ਼ੀਲ ਕੁਮਾਰ, ਕਾਮਨਵੈਲਥ ਤੇ ਏਸ਼ਿਆਈ ਖੇਡਾਂ ਦੇ ਚੈਂਪੀਅਨ ਅਤੇ ਅਨੇਕ ਨੈਸ਼ਨਲ ਚੈਂਪੀਅਨ ਪਹਿਲਵਾਨ ਇਥੇ ਘੁਲਦੇ ਆ ਰਹੇ ਹਨ। ਵਿਨੇਸ਼ ਦੇ ਤਾਊ ਪਹਿਲਵਾਨ ਮਹਾਵੀਰ ਸਿੰਘ ਵੀ ਬਤੌਰ ਕੋਚ ਆਪਣੇ ਸ਼ਗਿਰਦਾਂ ਤੇ ਫੋਕਾਟ ਧੀਆਂ ਨੂੰ ਕੁਸ਼ਤੀਆਂ ਲੜਾਉਣ ਲਈ ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ 'ਚ ਲਿਆਉਂਦੇ ਰਹੇ ਹਨ। ਇਹ ਖੇਡ ਮੇਲਾ ਹਰ ਸਾਲ ਜਗਤਪੁਰ ਦੇ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਵਿਚ ਭਰਦਾ ਹੈ ਜਿਸ ਵਿਚ ਹਜ਼ਾਰਾਂ ਦਰਸ਼ਕਾਂ ਨੂੰ ਸਮਾਉਣ ਦੀ ਸਮਰੱਥਾ ਹੈ। ਵਿਨੇਸ਼ ਦੀ ਇੱਛਾ ਅਨੁਸਾਰ ਉਸ ਨੂੰ ਸ਼ਹੀਦ ਭਗਤ ਸਿੰਘ-ਰਾਜਗੁਰੂ-ਸੁਖਦੇਵ ਦੀ ਯਾਦਗਾਰ ਦੇ ਦਰਸ਼ਨ ਵੀ ਕਰਾਏ ਜਾਣਗੇ। ਕਾਸ਼! ਵਿਨੇਸ਼ ਆਪਣੇ ਸਹੀ ਵਜ਼ਨ 53 ਕਿਲੋ ਲਈ ਚੁਣੀ ਹੁੰਦੀ। ਨਾ ਉਸ ਨੂੰ 50 ਗਰਾਮ ਵਜ਼ਨ ਵਧਣ ਕਰਕੇ ਕੁਸ਼ਤੀ ਦੇ ਫਾਈਨਲ ਮੁਕਾਬਲੇ 'ਚੋਂ ਬਾਹਰ ਹੋਣਾ ਪੈਂਦਾ, ਨਾ ਓਲੰਪਿਕ ਮੈਡਲ ਖੁੱਸਦਾ ਤੇ ਨਾ ਪੰਗਾਲ ਨੂੰ ਅਨੁਸ਼ਾਸ਼ਨ ਭੰਗ ਕਰਨ ਬਦਲੇ ਓਲੰਪਿਕ ਖੇਡਾਂ 'ਚੋਂ ਅਗਾਊਂ ਕੱਢਣਾ ਪੈਂਦਾ। ਸਰਕਾਰ ਨੂੰ ਭਾਰਤੀ ਕੁਸ਼ਤੀ ਸੰਘ ਦੀਆਂ ਕਾਰਵਾਈਆਂ ਦੀ ਨਿਰਪੱਖ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾ ਸਕੇ। ਕੀ ਕਾਰਨ ਸਨ ਕਿ ਵਿਨੇਸ਼ ਦੀ ਅਪੀਲ ਦਾ ਫੈਸਲਾ ਵਾਰ ਵਾਰ ਲਮਕਾਇਆ ਗਿਆ? ਆਖ਼ਰ 15 ਅਗੱਸਤ ਨੂੰ ਅਪੀਲ ਖਾਰਜ ਕਰਨ ਦਾ ਫੈਸਲਾ ਸੁਣਾਇਆ ਤਾਂ ਪੰਜਾਬੀ ਦੇ 'ਵਰਿਆਮ' ਲੇਖਕ ਵਰਿਆਮ ਸਿੰਘ ਸੰਧੂ ਨੇ ਵਿਨੇਸ਼ ਨੂੰ 'ਔਰਤ ਦੀ ਆਜ਼ਾਦੀ ਦੀ ਸ਼ਹੀਦ' ਆਖਿਆ। ਉਸ ਨੇ ਆਪਣੀ ਪੋਸਟ ਵਿਚ ਲਿਖਿਆ: ਸਾਡੀ ਵਿਨੇਸ਼ ਔਰਤ ਦੀ ਇੱਜ਼ਤ ਤੇ ਮਾਣ-ਸਨਮਾਨ ਦੀ ਬਹਾਲੀ ਲਈ ਬੇਖ਼ੌਫ਼ ਹੋ ਕੇ ਰਣਤੱਤੇ ਵਿਚ ਜੂਝੀ ਹੈ। ਧੌਣ ਉੱਚੀ ਚੁੱਕ ਕੇ ਲੜੀ ਹੈ ਤਾਂ ਕਿ ਔਰਤ-ਜ਼ਾਤ ਦੀ ਧੌਣ ਉੱਚੀ ਰਹਿ ਸਕੇ। ਉਸ ਨੇ ਕੇਵਲ ਅਖਾੜੇ ਤੇ ਅਖਾੜੇ ਤੋਂ ਬਾਹਰ ਹੀ ਕੁਸ਼ਤੀ ਲੜਨ ਦੀ ਜਾਚ ਨਹੀਂ ਦੱਸੀ, ਸਗੋਂ ਔਰਤ ਦੀ ਇੱਜ਼ਤ ਆਬਰੂ ਤੇ ਅਜ਼ਮਤ ਦੀ ਰਾਖੀ ਲਈ ਲੜਨ ਦੀ ਜਾਚ ਵੀ ਦੱਸੀ ਹੈ। ਸੱਚ ਲਈ ਅੜਨਾ ਤੇ ਲੜਨਾ ਦੱਸਿਆ ਹੈ। ਸੱਤਾ ਨੇ ਵਿਨੇਸ਼ ਦਾ ਮਾਣ ਸਨਮਾਨ ਹੀ ਨਹੀਂ ਖੋਹਿਆ, ਓਲੰਪਿਕ ਖੇਡਾਂ ਦੀ ਤਿਆਰੀ ਲਈ ਉਹਦਾ ਸਮਾਂ ਵੀ ਖੋਹਿਆ ਤੇ ਉਹਦੀ ਕੁਸ਼ਤੀ ਵਾਲੀ ਭਾਰ ਸ੍ਰੇਣੀ ਵੀ ਖੋਹੀ...।

ਅਖ਼ੀਰ ਵਿਚ ਵਿਨੇਸ਼ ਨੂੰ ਹੌਂਸਲਾ ਦਿੰਦਿਆਂ ਲਿਖਿਆ: ਉਦਾਸ ਤੇ ਨਿਰਾਸ਼ ਨਾ ਹੋਵੀਂ ਧੀ ਰਾਣੀਏਂ! ਤੂੰ ਹੱਕ ਸੱਚ ਲਈ ਲੜਨ ਦੇ ਜਜ਼ਬੇ ਨੂੰ ਜੁਬਿੰਸ਼ ਦਿੱਤੀ ਹੈ ਤੇ ਕਈਆਂ ਨੂੰ ਇਹ ਕਹਿਣ ਦੀ ਜ਼ੁਬਾਨ ਵੀ ਦਿੱਤੀ ਹੈ: ਅਸੀਂ ਲੜਾਂਗੇ ਸਾਥੀ
ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ 'ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ, ਕਿਉਂਕਿ ਲੜਨ ਬਿਨਾਂ ਕੁਝ ਨਹੀਂ ਮਿਲਦਾ।

principalsarwansingh@gmail.com











